ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

ਸਾਡੇ ਲੋਕ
SADE LOK
sadelok.com

14-20 ਅਕਤੂਬਰ 2026

ਸਾਲ 17ਵਾਂ - ਅੰਕ 42
email : info@sadelok.com
510-706-1300

ਕੇਂਦਰੀ ਸਿੱਖ ਅਜਾਇਬ ਘਰ 'ਚ ਭਾਈ ਗਜਿੰਦਰ ਸਿੰਘ ਜਸਟਿਸ ਕੁਲਦੀਪ ਸਿੰਘ ਤੇ ਭਾਈ ਗੁਰਦੇਵ ਸਿੰਘ ਦੀਆਂ ਤਸਵੀਰਾਂ ਸੁਸ਼ੋਭਿਤ

(ਦੇਖੋ ਸਫ਼ਾ 21 'ਤੇ)

ਭਾਰਤ 'ਚ ਵੋਟਰ ਸੂਚੀ 'ਚੋਂ ਹਟਾਏ ਗਏ 13 ਕਰੋੜ ਨਾਂ ਅਮਰੀਕੀ ਸੰਸਦ ਮੈਂਬਰ ਪ੍ਰਮਿਲਾ ਜੈਪਾਲ ਨੇ ਜਤਾਈ

ਭਾਰਤ ਸਮੇਤ ਹੋਰ ਕਿਸੇ ਦੇਸ਼ 'ਚੋਂ ਨਹੀਂ ਆਇਆ ਕੋਈ ਬਿਆਨ

ਵਾਸ਼ਿੰਗਟਨ : ਭਾਰਤੀ ਮੂਲ ਦੀ ਅਮਰੀਕੀ ਸੰਸਦ ਮੈਂਬਰ ਪ੍ਰਮਿਲਾ ਜੈਪਾਲ ਨੇ ਭਾਰਤ ਵਿਚ

ਡਰਾਫਟ ਵੋਟਰ ਸੂਚੀ ਵਿਚੋਂ 13 ਕਰੋੜ ਵੋਟਰਾਂ ਦੇ ਨਾਂ ਹਟਾਉਣ ਦੀਆਂ ਖਬਰਾਂ 'ਤੇ ਚਿੰਤਾ ਜ਼ਾਹਰ ਕੀਤੀ ਹੈ।

(ਬਾਕੀ ਸਫ਼ਾ 3 'ਤੇ)

ਪੰਜਾਬ 'ਚ ਜੰਗਲ ਰਾਜ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਪਰਵਿੰਦਰ ਝੋਟਾ ਦੇ ਕਤਲ ਨੂੰ ਦੱਸਿਆ 'ਸਰਕਾਰੀ ਕਤਲ'

ਅੰਮ੍ਰਿਤਸਰ/ਚੰਡੀਗੜ੍ਹ, : ਮਾਨਸਾ ਵਿਖੇ ਨਸ਼ਾ ਵਿਰੋਧੀ ਕਾਰਕੁੰਨ ਪਰਵਿੰਦਰ ਸਿੰਘ ਉਰਫ਼ ਝੋਟਾ ਦੇ ਫੇਸਬੁੱਕ ਲਾਈਵ ਦੌਰਾਨ ਹੋਏ ਬੇਰਹਿਮ ਕਤਲ ਮਗਰੋਂ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਹੈ। ਸਭ ਤੋਂ

ਵਿਧਾਇਕ ਵੱਲੋਂ ਸਰਕਾਰ ਖ਼ਿਲਾਫ਼ ਧਮਾਕਾ

(ਬਾਕੀ ਸਫ਼ਾ 35 'ਤੇ)

ਪਰਵਿੰਦਰ ਸਿੰਘ ਝੋਟਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 'ਕੌਮੀ ਸ਼ਹੀਦ' ਦਾ ਦਰਜਾ

ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਉਣ ਵਾਲੇ ਪਰਵਿੰਦਰ ਸਿੰਘ ਝੋਟਾ ਦੀ ਨਸ਼ਾ ਤਸਕਰ ਵਲੋਂ ਗੋਲੀ ਮਾਰਕੇ ਹੱਤਿਆ

ਅਮਰੀਕੀ ਸਿੱਖ ਜਥੇਬੰਦੀਆਂ 'ਚ ਭਾਰੀ ਰੋਸ: ਨਸ਼ਾ-ਤੰਤਰ ਦੀ ਸਿਆਸੀ ਸਰਪ੍ਰਸਤੀ ਅਤੇ ਸਰਕਾਰੀ ਨਾਕਾਮੀ ਹੋਈ ਬੇਪਰਦ

ਪੰਜਾਬ ਬੰਦ ਨੂੰ ਮਿਲਿਆ ਭਰਵਾਂ ਹੁੰਗਾਰਾ ਕਈ ਥਾਵਾਂ 'ਤੇ ਆਵਾਜਾਈ ਰੋਕ ਕੇ ਰੋਸ ਮੁਜ਼ਾਹਰੇ, ਕੁਝ ਆਗੂਆਂ ਨੂੰ ਪੁਲਿਸ ਨੇ ਲਿਆ ਹਿਰਾਸਤ 'ਚ

ਮਾਨਸਾ : ਸਥਾਨਕ ਸ਼ਹਿਰ 'ਚ ਉਦੋਂ ਸਹਿਮ ਫੈਲ ਗਿਆ ਜਦੋਂ ਇਕ ਦਵਾਈ ਵਿਕਰੇਤਾ ਨੇ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਉਣ ਵਾਲੇ ਨੌਜਵਾਨ ਤੇ ਐਂਟੀ ਡਰੱਗ ਫੋਰਸ ਦੇ ਸੰਚਾਲਕ

(ਦੇਖੋ ਸਫ਼ਾ 26-34 'ਤੇ)

ਦਿੱਲੀ ਪੁਲਿਸ ਜੁੱਤੇ ਪਾ ਕੇ ਅਤੇ ਨੰਗੇ ਸਿਰ ਗੁਰਦੁਆਰਾ ਬੰਗਲਾ ਸਾਹਿਬ 'ਚ ਦਾਖਲ ਹੋਈ

ਗੁਰੂ ਘਰ ਦੀ ਪਵਿੱਤਰਤਾ ਦੀ ਉਲੰਘਣਾ ਕੀਤੀ : ਸੰਧਵਾਂ

ਨਵੀਂ ਦਿੱਲੀ : ਆਮ ਆਦਮੀ ਪਾਰਟੀ (ਆਪ) ਨੇ ਵੋਟਾਂ ਦੀ ਚੋਰੀ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈਣ ਲਈ ਮੋਦੀ ਦੀ ਦਿੱਲੀ ਪੁਲਿਸ ਵੱਲੋਂ ਜੁੱਤੇ ਪਾ ਕੇ, ਨੰਗੇ ਸਿਰ ਅਤੇ ਹੱਥਾਂ ਵਿੱਚ ਡੰਡੇ ਲੈ ਕੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿੱਚ ਦਾਖਲ ਹੋਣ ਦੀ ਸਖ਼ਤ ਨਿੰਦਾ ਕੀਤੀ ਹੈ। ਪਾਰਟੀ ਨੇ ਇਸ ਨੂੰ ਗੁਰੂ ਘਰ ਦੀ

ਦਿੱਲੀ ਦੇ ਵੱਡੇ ਸਿੱਖ ਆਗੂ ਸ. ਪਰਮਜੀਤ ਸਿੰਘ ਸਰਨਾ ਵਲੋਂ ਸਰਕਾਰ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਿਲੀਭੁਗਤ ਦੀ ਪੁਰਜ਼ੋਰ ਨਿੰਦਾ

(ਦੇਖੋ ਸਫ਼ਾ 25 'ਤੇ)

ਮਾਨਸਾ ਮਗਰੋਂ ਹੁਣ ਗੁਰਦਾਸਪੁਰ 'ਚ ਖ਼ੂਨੀ ਖੇਡ

ਨਸ਼ਾ ਵਿਰੋਧੀ ਕਾਰਕੁੰਨ ਬਿਕਰਮਜੀਤ ਸਿੰਘ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ



ਗੁਰਦਾਸਪੁਰ/ਸ੍ਰੀ ਹਰਗੋਬਿੰਦਪੁਰ : ਪੰਜਾਬ ਵਿੱਚ ਨਸ਼ਿਆਂ ਦੇ ਦੈਂਤ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਸਮਾਜਿਕ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਸਿਲਸਿਲਾ ਲਗਾਤਾਰ ਭਿਆਨਕ ਰੂਪ ਅਖ਼ਤਿਆਰ ਕਰਦਾ ਜਾ ਰਿਹਾ ਹੈ। ਮਾਨਸਾ ਵਿਖੇ ਨਸ਼ਾ ਵਿਰੋਧੀ ਕਾਰਕੁੰਨ ਪਰਵਿੰਦਰ ਸਿੰਘ ਉਰਫ਼ ਝੋਟਾ ਦੇ ਹੋਏ ਦਿਨ-ਦਿਹਾੜੇ ਕਤਲ ਦਾ ਮਾਮਲਾ ਅਜੇ ਪੂਰੀ ਤਰ੍ਹਾਂ ਸ਼ਾਂਤ ਵੀ ਨਹੀਂ ਹੋਇਆ ਸੀ ਕਿ ਮਾਝੇ ਦੇ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਤੋਂ ਇੱਕ ਹੋਰ ਦਿਲ ਦਹਿਲਾਉਣ ਵਾਲੀ ਖ਼ੂਨੀ ਵਾਰਦਾਤ ਸਾਹਮਣੇ ਆਈ ਹੈ। ਸ੍ਰੀ ਹਰਗੋਬਿੰਦਪੁਰ ਅਧੀਨ ਪੈਂਦੇ ਪਿੰਡ ਮਾੜੀ ਪੰਨਵਾਂ ਵਿਖੇ ਸ਼ਰੇਆਮ ਨਸ਼ਾ ਵੇਚਣ ਤੋਂ ਰੋਕਣ 'ਤੇ ਨਸ਼ਾ ਤਸਕਰਾਂ ਅਤੇ ਉਨ੍ਹਾਂ ਦੇ

(ਬਾਕੀ ਸਫ਼ਾ 34 'ਤੇ)

100 ਕਰੋੜ ਤੋਂ ਵੱਧ ਮੁੱਲ ਦੀ ਹੈਰੋਇਨ ਸਮੇਤ ਪੰਜਾਬ ਪੁਲਿਸ ਦਾ ਕਾਂਸਟੇਬਲ ਕਾਬੂ

ਸਰਹੱਦ 'ਤੇ ਐਂਟੀ ਡਰੋਨ ਸਿਸਟਮ ਟੀਮ 'ਚ ਤਾਇਨਾਤ ਸੀ ਕਾਂਸਟੇਬਲ ਕਰਨਦੀਪ ਸਿੰਘ

ਤਰਨ ਤਾਰਨ/ਝਬਾਲ : ਬੀ.ਐਸ.ਐਫ. ਅਤੇ ਨਾਰਕੋਟਿਕਸ ਕੰਟਰੋਲ ਬਿਊਰੋ (ਐਨ. ਸੀ. ਬੀ.) ਵਲੋਂ ਸਾਂਝੀ ਕਾਰਵਾਈ ਦੌਰਾਨ ਭਾਰਤ-ਪਾਕਿ ਸਰਹੱਦ ਨੇੜਿਓਂ ਹੀ ਪੰਜਾਬ ਪੁਲਿਸ ਦੇ ਕਾਂਸਟੇਬਲ ਨੂੰ 15 ਕਿੱਲੋ ਦੇ ਕਰੀਬ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤਾ ਗਿਆ ਕਾਂਸਟੇਬਲ ਭਾਰਤ-ਪਾਕਿ ਸਰਹੱਦ 'ਤੇ ਨਸ਼ਾ ਹਥਿਆਰ ਅਤੇ ਵਿਸਫੋਟਕ ਸਮਗਲਿੰਗ ਰੋਕਣ ਲਈ ਲਗਾਏ ਗਏ ਐਂਟੀ ਡਰੋਨ ਸਿਸਟਮ ਦੀ ਟੀਮ 'ਚ ਤਾਇਨਾਤ ਸੀ। ਬੀ.ਐਸ.ਐਫ. ਵਲੋਂ ਗ੍ਰਿਫ਼ਤਾਰ ਕੀਤੇ ਗਏ ਪੰਜਾਬ ਪੁਲਿਸ ਦੇ ਇਸ ਕਾਂਸਟੇਬਲ ਨੂੰ ਐਨ.ਸੀ.ਬੀ. ਨੂੰ ਸੌਂਪ ਦਿੱਤਾ ਹੈ, ਜਿਸ ਤੋਂ ਬਾਅਦ ਐਨ.ਸੀ.ਬੀ. ਵਲੋਂ ਉਸ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

(ਬਾਕੀ ਸਫ਼ਾ 28 'ਤੇ)

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas: Fiancee visas; H1/L1/H4/L2/NAFTA TN/E2/E3; Student Visa; B-1/B-2 Visitor Visas and Other Categories of nonimmigrant visas
Other Immigrantion Services: Citizenship; e-Verify,1-9 and Other Compliance; Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096220 (C-10 Electrical, C-39 Roofing, B-General Building) Represented by: Harkaran Singh (HIS Registration #167693 SP) | Pricing & offer details vary by location & applicant.

SAN RAMON Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC | Lathrop URGENT CARE | Main Street URGENT CARE
https :.//www.sanramonurgentcare.com | Email us at info@sanramonucc.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
ESQ, Abogado
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111
ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

Valley Real Estate Center

Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property

Property Address : 27022 River Roadm, Newman CA 95260.

RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

ਕੇਰਲ 'ਚ ਜਨਮੀ ਨਿਤਿਆ ਰਮਨ ਲਾਸ ਏਂਜਲਸ ਦੇ ਮੇਅਰ ਦੀ ਦੌੜ 'ਚ ਅੱਗੇ

ਵਾਸ਼ਿੰਗਟਨ : ਕੇਰਲ ਵਿੱਚ ਜਨਮੀ ਨਿਤਿਆ ਰਮਨ ਲਾਸ ਏਂਜਲਸ ਦੇ ਮੇਅਰ ਦੀ ਚੋਣ ਵਿੱਚ ਆਪਣੀ ਸਾਬਕਾ ਰਾਜਨੀਤਿਕ ਸਹਿਯੋਗੀ ਅਤੇ ਮੌਜੂਦਾ ਮੇਅਰ ਕੈਰਨ ਬਾਸ 'ਤੇ ਬੜਤ ਬਣਾਏ ਹੋਏ ਹੈ। ਦੋਵੇਂ ਉਮੀਦਵਾਰ ਪਹਿਲਾਂ ਇੱਕ ਟੈਲੀਵਿਜ਼ਨ ਬਹਿਸ ਵਿੱਚ ਸ਼ਾਮਲ ਹੋਏ ਸਨ। ਮੰਗਲਵਾਰ ਰਾਤ ਨੂੰ ਅਮਰੀਕਾ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਲਾਸ ਏਂਜਲਸ ਵਿੱਚ ਹੋਈ ਬਹਿਸ ਦੌਰਾਨ ਦੋਵੇਂ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਬਾਸ (73) ਅਤੇ ਰਮਨ (45), ਬੇਘਰ ਸੰਕਟ, ਪੁਲਸ ਵਿਭਾਗ ਦੀ ਲੀਡਰਸ਼ਿਪ ਅਤੇ ਜਨਤਕ ਸੁਰੱਖਿਆ ਵਰਗੇ ਮੁੱਦਿਆਂ 'ਤੇ ਗਰਮਾ-ਗਰਮ ਬਹਿਸ ਵਿੱਚ ਸ਼ਾਮਲ ਹੋਏ। ਜੇਕਰ ਰਮਨ 3 ਨਵੰਬਰ ਦੀ ਚੋਣ ਜਿੱਤ ਜਾਂਦੀ ਹੈ, ਤਾਂ ਉਹ ਲਾਸ ਏਂਜਲਸ ਦੀ ਪਹਿਲੀ ਭਾਰਤੀ-ਅਮਰੀਕੀ ਮੇਅਰ ਹੋਵੇਗੀ। ਡੈਮੋਕ੍ਰੇਟਿਕ ਸੋਸ਼ਲਿਸਟਸ ਆਫ਼ ਅਮਰੀਕਾ ਅੰਦੋਲਨ ਨਾਲ ਜੁੜੀ ਰਮਨ ਪਿਛਲੇ ਛੇ ਸਾਲਾਂ ਤੋਂ ਲਾਸ ਏਂਜਲਸ ਸਿਟੀ ਕੌਂਸਲ ਦੀ ਮੈਂਬਰ ਰਹੀ ਹੈ। ਰਮਨ ਨੇ ਮੇਅਰ ਲਈ ਚੋਣ ਲੜਨ ਦਾ ਫੈਸਲਾ ਕਰਨ ਤੋਂ ਪਹਿਲਾਂ ਬਾਸ ਦੀ ਦੁਬਾਰਾ ਚੋਣ ਦਾ ਸਮਰਥਨ ਕੀਤਾ ਸੀ, ਪਰ ਬਹਿਸ ਦੌਰਾਨ ਉਸਨੇ ਉਸ 'ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਅਸਫਲ ਰਹਿਣ ਅਤੇ ਪਿਛਲੇ ਜਨਵਰੀ ਵਿੱਚ ਸ਼ਹਿਰ ਦੇ ਭਿਆਨਕ ਅੱਗ ਨਾਲ ਜੂਝਣ ਵੇਲੇ ਮੌਜੂਦ ਨਾ ਹੋਣ ਦਾ ਦੋਸ਼ ਲਗਾਇਆ। ਬਾਸ ਨੇ ਘੰਟੇ ਭਰ ਚੱਲੀ ਬਹਿਸ ਦੌਰਾਨ ਰਮਨ 'ਤੇ ਤਿੱਖਾ ਹਮਲਾ ਵੀ ਕੀਤਾ। ਉਸਨੇ ਰਮਨ ਨੂੰ 'ਗੈਰ-ਗੰਭੀਰ ਅਤੇ ਫੈਸਲੇ ਲੈਣ ਦੇ ਅਯੋਗ' ਕਿਹਾ, ਇਹ ਕਹਿੰਦੇ ਹੋਏ ਕਿ ਉਹ ਸ਼ਹਿਰ ਦੇ ਸਭ ਤੋਂ ਉੱਚੇ ਅਹੁਦੇ 'ਤੇ ਰਹਿਣ ਦੇ

ਯੋਗ ਨਹੀਂ ਸੀ। ਰਮਨ ਨੇ ਜਵਾਬ ਦਿੱਤਾ ਕਿ ਲਾਸ ਏਂਜਲਸ 'ਚਾਰ ਹੋਰ ਸਾਲਾਂ ਦੇ ਪਤਨ, ਕੁਪ੍ਰਬੰਧਨ ਜਾਂ ਬਹਾਨੇ ਬਰਦਾਸ਼ਤ ਨਹੀਂ ਕਰ ਸਕਦਾ।'

28 ਜੁਲਾਈ, 1981 ਨੂੰ ਕੇਰਲਾ ਵਿੱਚ ਜਨਮੀ, ਰਮਨ ਛੇ ਸਾਲ ਦੀ ਉਮਰ ਵਿੱਚ ਅਮਰੀਕਾ ਦੇ ਲੁਈਸਿਆਨਾ ਚਲੀ ਗਈ। ਉਸਨੇ ਹਾਰਵਰਡ ਯੂਨੀਵਰਸਿਟੀ ਤੋਂ ਰਾਜਨੀਤਿਕ ਸਿਧਾਂਤ ਵਿੱਚ ਬੈਚਲਰ ਦੀ ਡਿਗਰੀ ਅਤੇ ਮੈਸੇਚਿਉਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ (MIT) ਤੋਂ ਸ਼ਹਿਰੀ ਯੋਜਨਾਬੰਦੀ ਵਿੱਚ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ। ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਦੇ ਇੰਸਟੀਚਿਊਟ ਆਫ਼ ਗਵਰਨਮੈਂਟਲ ਸਟੱਡੀਜ਼ ਦੁਆਰਾ ਕਰਵਾਏ ਗਏ ਇੱਕ ਸਰਵੇਖਣ ਵਿੱਚ ਮੰਗਲਵਾਰ ਰਾਤ ਦੀ ਬਹਿਸ ਤੋਂ ਪਹਿਲਾਂ ਰਮਨ ਨੂੰ ਬਾਸ ਤੋਂ 11 ਪ੍ਰਤੀਸ਼ਤ ਅੰਕਾਂ ਨਾਲ ਅੱਗੇ ਦਿਖਾਇਆ ਗਿਆ। ਇਹ ਸਰਵੇਖਣ ਲਾਸ ਏਂਜਲਸ ਟਾਈਮਜ਼ ਦੇ ਸਹਿਯੋਗ ਨਾਲ ਕੀਤਾ ਗਿਆ ਸੀ। ਕਲਸ਼ੀ, ਇੱਕ ਪਲੇਟਫਾਰਮ ਜੋ ਚੋਣ ਨਤੀਜਿਆਂ ਦੀ ਭਵਿੱਖਬਾਣੀ ਕਰਦਾ ਹੈ, ਨੇ ਬਹਿਸ ਤੋਂ ਇੱਕ ਦਿਨ ਬਾਅਦ ਬੁੱਧਵਾਰ ਨੂੰ ਰਮਨ ਨੂੰ ਜਿੱਤ ਦੀ 56 ਪ੍ਰਤੀਸ਼ਤ ਅਤੇ ਬਾਸ ਨੂੰ 45 ਪ੍ਰਤੀਸ਼ਤ ਸੰਭਾਵਨਾ ਦਿੱਤੀ। ਲਾਸ ਏਂਜਲਸ ਮੇਅਰ ਦੀ ਚੋਣ ਇੱਕ ਗੈਰ-ਪੱਖਪਾਤੀ ਪ੍ਰਣਾਲੀ ਅਧੀਨ ਹੁੰਦੀ ਹੈ। ਸਾਰੇ ਉਮੀਦਵਾਰ ਮੁੱਢਲੀ ਚੋਣ ਵਿੱਚ ਹਿੱਸਾ ਲੈਂਦੇ ਹਨ ਅਤੇ ਜੇਕਰ ਕੋਈ ਵੀ 50 ਪ੍ਰਤੀਸ਼ਤ ਤੋਂ ਵੱਧ ਵੋਟ ਪ੍ਰਾਪਤ ਨਹੀਂ ਕਰਦਾ ਹੈ, ਤਾਂ ਦੋ ਚੋਟੀ ਦੇ ਉਮੀਦਵਾਰ ਅਗਲੇ ਦੌਰ ਵਿੱਚ ਅੱਗੇ ਵਧਦੇ ਹਨ, ਭਾਵੇਂ ਉਹ ਇੱਕੋ ਪਾਰਟੀ ਨਾਲ ਜੁੜੇ ਹੋਣ। 2 ਜੂਨ ਨੂੰ ਹੋਈ ਮੁੱਢਲੀ ਚੋਣ ਵਿੱਚ, ਬਾਸ ਨੂੰ 34.3 ਪ੍ਰਤੀਸ਼ਤ, ਰਮਨ ਨੂੰ 29 ਪ੍ਰਤੀਸ਼ਤ ਅਤੇ ਰਿਪਬਲਿਕਨ ਸਪੈਂਸਰ ਪ੍ਰੈਟ ਨੂੰ 25.5 ਪ੍ਰਤੀਸ਼ਤ ਪ੍ਰਾਪਤ ਹੋਏ। ਕਿਉਂਕਿ ਕਿਸੇ ਵੀ ਉਮੀਦਵਾਰ ਨੂੰ 50 ਪ੍ਰਤੀਸ਼ਤ ਤੋਂ ਵੱਧ ਵੋਟ ਨਹੀਂ ਮਿਲੇ, ਇਸ ਲਈ ਅੰਤਿਮ ਮੁਕਾਬਲਾ 3 ਨਵੰਬਰ ਨੂੰ ਸਿਖਰਲੇ ਦਰਜੇ ਵਾਲੇ ਬਾਸ ਅਤੇ ਰਮਨ ਵਿਚਕਾਰ ਹੋਵੇਗਾ।

ਭਾਰਤ 'ਚ ਵੋਟਰ ਸੂਚੀ 'ਚੋਂ ਹਟਾਏ ਗਏ 13 ਕਰੋੜ ਨਾਂ ਅਮਰੀਕੀ ਸੰਸਦ ਮੈਂਬਰ ਪ੍ਰਮਿਲਾ ਜੈਪਾਲ ਨੇ ਜਤਾਈ ਚਿੰਤਾ

ਵਾਸ਼ਿੰਗਟਨ : ਭਾਰਤੀ ਮੂਲ ਦੀ ਅਮਰੀਕੀ ਸੰਸਦ ਮੈਂਬਰ ਪ੍ਰਮਿਲਾ ਜੈਪਾਲ ਨੇ ਭਾਰਤ ਵਿਚ ਡਰਾਫਟ ਵੋਟਰ ਸੂਚੀ ਵਿਚੋਂ 13 ਕਰੋੜ ਵੋਟਰਾਂ ਦੇ ਨਾਂ ਹਟਾਉਣ ਦੀਆਂ ਖਬਰਾਂ 'ਤੇ ਚਿੰਤਾ ਜ਼ਾਹਰ ਕੀਤੀ ਹੈ। ਜੈਪਾਲ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇੱਕ ਪੋਸਟ ਵਿੱਚ ਕਿਹਾ, 'ਮੈਂ ਵੋਟਰ ਸੂਚੀ ਵਿੱਚੋਂ 13 ਕਰੋੜ ਲੋਕਾਂ ਦੇ ਨਾਮ ਹਟਾਉਣ ਲਈ ਭਾਰਤ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਨੂੰ ਲੈ ਕੇ ਬਹੁਤ ਚਿੰਤਤ ਹਾਂ।' ਇਸ ਮੁੱਦੇ 'ਤੇ ਕਿਸੇ ਅਮਰੀਕੀ ਸਾਂਸਦ ਵਲੋਂ ਕੀਤੀ ਗਈ ਇਹ ਪਹਿਲੀ ਟਿੱਪਣੀ ਹੈ। ਵਾਸ਼ਿੰਗਟਨ ਸੂਬੇ ਤੋਂ ਡੈਮੋਕ੍ਰੈਟਿਕ ਪਾਰਟੀ ਦੀ ਸਾਂਸਦ ਜੈਪਾਲ ਨੇ 'ਜਮਹੂਰੀਅਤ ਵਿਰੋਧੀ ਕੋਸ਼ਿਸ਼ਾਂ' ਦਾ ਮੁਕਾਬਲਾ ਕਰਨ ਲਈ ਭਾਰਤ ਵਿੱਚ ਅਹਿੰਸਕ ਪ੍ਰਦਰਸ਼ਨਾਂ ਦਾ ਸਮਰਥਨ ਕੀਤਾ।

ਉਨ੍ਹਾਂ ਕਿਹਾ ਕਿ ਭਾਰਤ ਵਿੱਚ ਹੋ ਰਹੀਆਂ ਘਟਨਾਵਾਂ ਟਰੰਪ ਪ੍ਰਸ਼ਾਸਨ ਵੱਲੋਂ ਲੋਕਤੰਤਰ ਵਿੱਚ ਵੋਟ ਦੇ ਅਧਿਕਾਰ ਨੂੰ ਕਮਜ਼ੋਰ ਕਰਨ ਲਈ ਅਪਣਾਏ ਜਾ ਰਹੇ ਤਰੀਕਿਆਂ ਨਾਲ ਮਿਲਦੀਆਂ ਜੁਲਦੀਆਂ ਹਨ। ਜੈਪਾਲ ਨੇ ਕਿਹਾ ਕਿ ਹਰ ਜਗ੍ਹਾ ਲੋਕਤੰਤਰ ਦੀ ਰੱਖਿਆ ਕਰਨਾ ਬਹੁਤ ਜ਼ਰੂਰੀ ਹੈ ਅਤੇ ਭਾਰਤੀ ਨਾਗਰਿਕਾਂ ਨੂੰ ਵੀ ਅਮਰੀਕੀਆਂ ਵਾਂਗ ਆਜ਼ਾਦ ਅਤੇ ਨਿਰਪੱਖ ਚੋਣਾਂ ਦਾ ਅਧਿਕਾਰ ਹੈ। ਉਨ੍ਹਾਂ ਕਿਹਾ, 'ਅਜਿਹੇ ਸਮੇਂ ਵਿੱਚ, ਅਹਿੰਸਕ ਵਿਰੋਧ ਲਹਿਰਾਂ ਬਹੁਤ ਮਹੱਤਵਪੂਰਨ ਹਨ। ਮੈਂ ਭਾਰਤ ਵਿੱਚ ਲੋਕਤੰਤਰ ਵਿਰੋਧੀ ਕੋਸ਼ਿਸ਼ਾਂ ਦਾ ਮੁਕਾਬਲਾ ਕਰਨ ਲਈ ਅਹਿੰਸਕ ਪ੍ਰਦਰਸ਼ਨ ਕਰ ਰਹੇ ਭਾਰਤੀ ਲੋਕਾਂ ਦੇ ਨਾਲ ਖੜ੍ਹੀ ਹਾਂ।"

ਭਾਰਤ ਦੇ ਚੋਣ ਕਮਿਸ਼ਨ ਦੁਆਰਾ ਸਾਂਝੇ ਕੀਤੇ ਗਏ ਅੰਕੜਿਆਂ ਦੇ ਅਨੁਸਾਰ 13 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਇੰਟੈਂਸਿਵ ਰੀਵੀਜ਼ਨ (ਐਸਆਈਆਰ) ਦੇ ਪਹਿਲੇ ਅਤੇ ਦੂਜੇ ਪੜਾਅ ਦੌਰਾਨ ਡਰਾਫਟ ਵੋਟਰ ਸੂਚੀਆਂ ਵਿੱਚੋਂ ਲਗਭਗ 7.2 ਕਰੋੜ ਨਾਮ ਹਟਾਏ ਗਏ ਸਨ। SIR ਦੇ ਤੀਜੇ ਪੜਾਅ ਤਹਿਤ 18 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਡਰਾਫਟ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਸ ਪੜਾਅ 'ਚ ਹਟਾਏ ਗਏ ਵੋਟਰਾਂ ਦੀ ਗਿਣਤੀ 6.16 ਕਰੋੜ ਹੈ। ਚੋਣ ਕਮਿਸ਼ਨ ਨੇ ਕਿਹਾ ਹੈ ਕਿ ਜੇਕਰ SIR ਪ੍ਰਕਿਰਿਆ ਦੌਰਾਨ ਕਿਸੇ ਯੋਗ ਵੋਟਰ ਦਾ ਨਾਮ ਅਣਜਾਣੇ ਵਿੱਚ ਛੱਡ ਦਿੱਤਾ ਗਿਆ ਹੈ, ਤਾਂ ਉਹ ਦਾਅਵੇ ਅਤੇ ਇਤਰਾਜ਼ ਪ੍ਰਕਿਰਿਆ ਦੇ ਤਹਿਤ ਨਾਮ ਸ਼ਾਮਲ ਕਰਨ ਲਈ ਅਰਜ਼ੀ ਦੇ ਸਕਦਾ ਹੈ। ਇਸ ਤੋਂ ਬਾਅਦ ਉਹ ਫਾਰਮ 6 ਰਾਹੀਂ ਨਾਮ ਸ਼ਾਮਲ ਕਰਨ ਦੀ ਬੇਨਤੀ ਵੀ ਕਰ ਸਕਦਾ ਹੈ।

'ਆਈਸ' ਵਲੋਂ ਸੋਨੇ ਦੀਆਂ ਚੇਨਾਂ ਚੋਰੀ ਕਰਨ ਦੇ ਦੋਸ਼ ਹੇਠ ਰੋਮਾਨੀਆ ਦਾ ਜੋੜਾ ਗ੍ਰਿਫ਼ਤਾਰ

ਨਿਊਯਾਰਕ : ਅਮਰੀਕਾ ਦੇ ਚਾਰ ਰਾਜਾਂ ਵਿਚ ਲੋਕਾਂ ਨੂੰ ਗੱਲਾਂ ਵਿਚ ਉਲਝਾ ਕੇ ਸੋਨੇ ਦੀਆਂ ਚੇਨਾਂ ਚੋਰੀ ਕਰਨ ਦੇ ਦੋਸ਼ ਹੇਠ ਰੋਮਾਨੀਆ ਦੇ ਇਕ ਜੋੜੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਨਿਊਯਾਰਕ ਦੀ ਨਾਸਾਊ ਕਾਊਂਟੀ ਪੁਲਿਸ ਨੇ ਰੂਡੀ ਲਾਕਾਟੂਸੂ ਅਤੇ ਉਸ ਦੀ ਪਤਨੀ ਮਿਰਾਬੇਲਾ ਲਾਕਾਟੂਸੂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਅਮਰੀਕੀ ਇਮੀਗ੍ਰੇਸ਼ਨ ਵਿਭਾਗ (ਆਈਸ) ਦੇ ਹਵਾਲੇ ਕਰ ਦਿੱਤਾ। ਪੁਲਿਸ ਅਨੁਸਾਰ ਉਕਤ ਜੋੜੇ ਦੇ ਨਿਊਯਾਰਕ, ਨਿਊਜਰਸੀ, ਕਨੈਕਟੀਕਟ ਅਤੇ ਮੈਰੀਲੈਂਡ ਵਿਚ ਘੱਟੋ-ਘੱਟ 14 ਚੋਰੀ ਦੀਆਂ ਵਾਰਦਾਤਾਂ ਵਿਚ ਸ਼ਾਮਿਲ ਹੋਣ ਦੇ ਸ਼ੱਕ ਹੈ।ਜਾਂਚ ਵਿਚ ਸਾਹਮਣੇ ਆਇਆ ਕਿ ਦੋਵੇਂ ਕਾਰ ਵਿਚ ਸਵਾਰ ਹੋ ਕੇ ਰਾਹ ਜਾਂਦੇ ਲੋਕਾਂ ਕੋਲ ਰੁਕਦੇ ਅਤੇ ਰਸਤਾ ਪੁੱਛਣ ਦੇ ਬਹਾਨੇ ਗੱਲਬਾਤ ਸ਼ੁਰੂ ਕਰਦੇ ਸਨ। ਜਦੋਂ ਕੋਈ ਵਿਅਕਤੀ ਉਨ੍ਹਾਂ ਦੀ ਮਦਦ ਕਰਦਾ ਤਾਂ ਔਰਤ ਧੰਨਵਾਦ ਕਰਨ ਲਈ ਉਸ ਨੂੰ ਗਲੇ ਲਗਾਉਂਦੀ ਅਤੇ ਇਸੇ ਦੌਰਾਨ ਉਸ ਦੇ ਗਲ ਵਿਚੋਂ ਸੋਨੇ ਦੀ ਚੇਨ ਚੋਰੀ ਕਰ ਲੈਂਦੀ ਸੀ। ਇਸ ਤੋਂ ਬਾਅਦ ਦੋਵੇਂ ਕਾਰ ਵਿਚ ਬੈਠ ਕੇ ਉਥੋਂ ਚਲੇ ਜਾਂਦੇ ਸਨ। ਪੁਲਿਸ ਮੁਤਾਬਕ ਚੋਰੀ ਕੀਤੀਆਂ ਚੇਨਾਂ ਦੀ ਕੀਮਤ 2 ਹਜ਼ਾਰ ਤੋਂ 3 ਹਜ਼ਾਰ ਡਾਲਰ ਪ੍ਰਤੀ ਚੇਨ ਸੀ। ਦੋਵਾਂ ਖ਼ਿਲਾਫ਼ ਵੱਡੀ ਚੋਰੀ ਦੇ ਤਿੰਨ-ਤਿੰਨ ਦੋਸ਼ ਲਗਾਏ ਗਏ ਹਨ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਦੱਸਿਆ ਕਿ ਦੋਵੇਂ ਰੋਮਾਨੀਆ ਦੇ ਨਾਗਰਿਕ ਹਨ ਅਤੇ ਬਿਨਾਂ ਕਾਨੂੰਨੀ ਇਜਾਜ਼ਤ ਅਮਰੀਕਾ ਵਿਚ ਦਾਖ਼ਲ ਹੋਏ ਸਨ। ਹਾਲਾਂਕਿ, ਉਨ੍ਹਾਂ ਦੇ ਅਮਰੀਕਾ ਆਉਣ ਦੇ ਸਮੇਂ ਅਤੇ ਰਸਤੇ ਬਾਰੇ ਜਾਣਕਾਰੀ ਨਹੀਂ ਮਿਲੀ।ਗ੍ਰਹਿ ਸੁਰੱਖਿਆ ਮੰਤਰੀ ਮਾਰਕਵੇਨ ਮੁਲਿਨ ਨੇ ਕਿਹਾ ਕਿ ਸਥਾਨਕ ਪੁਲਿਸ ਦੇ ਸਹਿਯੋਗ ਨਾਲ ਦੋਵਾਂ ਨੂੰ 'ਆਈਸ' ਦੀ ਹਿਰਾਸਤ ਵਿਚ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਅਮਰੀਕਾ ਤੋਂ ਡਿਪੋਰਟ ਕਰਨ ਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਨਿਊਯਾਰਕ ਦੀ ਗਵਰਨਰ ਕੈਥੀ ਹੋਕੁਲ ਦੀਆਂ ਇਮੀਗ੍ਰੇਸ਼ਨ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਜ਼ਰੂਰੀ ਹੈ।

ਹਾਲੀਵੁੱਡ ਅਦਾਕਾਰਾ ਸੇਲਮਾ ਬਲੇਅਰ ਗ੍ਰਿਫ਼ਤਾਰ ਪੁਲਿਸ ਅਧਿਕਾਰੀ ਤੇ ਨਰਸ ਨਾਲ ਕੁੱਟਮਾਰ ਦੇ ਦੋਸ਼

ਨਿਊਯਾਰਕ : ਹਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਸੇਲਮਾ ਬਲੇਅਰ (54) ਨੂੰ ਜਹਾਜ਼ 'ਚ ਹੰਗਾਮਾ ਕਰਨ ਤੇ ਬਾਅਦ ਵਿੱਚ ਇਕ ਮਹਿਲਾ ਪੁਲਿਸ ਅਧਿਕਾਰੀ ਤੇ ਨਰਸ 'ਤੇ ਕਥਿਤ ਹਮਲਾ ਕਰਨ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਨਿਊਯਾਰਕ ਦੀ ਅਦਾਲਤ ਨੇ ਉਸ ਦੀ ਜ਼ਮਾਨਤ ਲਈ 20 ਹਜ਼ਾਰ ਡਾਲਰ ਨਕਦ ਜਾਂ 60 ਹਜ਼ਾਰ ਡਾਲਰ ਦਾ ਬਾਂਡ ਤੈਅ ਕੀਤਾ ਹੈ। ਪੁਲਿਸ ਮੁਤਾਬਕ ਬਲੇਅਰ ਲਾਸ ਏਂਜਲਸ ਤੋਂ ਡੈਲਟਾ ਏਅਰਲਾਈਨਜ਼ ਦੀ ਉਡਾਣ ਰਾਹੀਂ ਨਿਊਯਾਰਕ ਦੇ ਜੌਹਨ ਐੱਫ. ਕੈਨੇਡੀ ਅੰਤਰਰਾਸ਼ਟਰੀ ਹਵਾਈ ਅੱਡੇ ਪਹੁੰਚੀ ਸੀ। ਸਫ਼ਰ ਦੌਰਾਨ ਉਸ ਵੱਲੋਂ ਕਥਿਤ ਤੌਰ 'ਤੇ ਹਿੰਸਕ ਵਿਵਹਾਰ ਕਰਨ ਕਾਰਨ ਦੋ ਫਲਾਈਟ ਅਟੈਂਡੈਂਟ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ ਇੱਕ ਨੂੰ ਡਾਕਟਰੀ ਜਾਂਚ ਲਈ ਹਸਪਤਾਲ ਲਿਜਾਣਾ ਪਿਆ। ਪੁਲਿਸ ਦਾ ਦੋਸ਼ ਹੈ ਕਿ ਬਲੇਅਰ ਨੂੰ ਹਸਪਤਾਲ ਲਿਜਾਂਦੇ ਸਮੇਂ ਉਸ ਨੇ ਸਟਰੈਚਰ ਨਾਲ ਬੰਨ੍ਹੀ ਆਪਣੀ ਲੱਤ ਛੁਡਾ ਕੇ ਮਹਿਲਾ ਪੁਲਿਸ ਅਧਿਕਾਰੀ ਦੇ ਚਿਹਰੇ, ਗਰਦਨ ਅਤੇ ਛਾਤੀ 'ਤੇ ਕਈ ਵਾਰ ਲੱਤਾਂ ਮਾਰੀਆਂ। ਹਸਪਤਾਲ ਵਿੱਚ ਵੀ ਉਸ ਨੇ ਇੱਕ ਨਰਸ ਦੀ ਛਾਤੀ 'ਤੇ ਲੱਤ ਮਾਰੀ, ਜਿਸ ਕਾਰਨ ਨਰਸ ਨੂੰ ਸੱਟ ਲੱਗੀ। ਬਲੇਅਰ ਨੂੰ ਕਵੀਨਜ਼ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਉਸ ਖ਼?ਲਾਫ਼ ਹਮਲੇ ਦੇ ਦੋ ਗੰਭੀਰ ਦੋਸ਼ ਲਗਾਏ ਗਏ। ਅਗਲੀ ਸੁਣਵਾਈ ਜਨਵਰੀ ਵਿੱਚ ਹੋਵੇਗੀ। ਅਦਾਕਾਰਾ ਦੇ ਵਕੀਲ ਸ਼ਾਨ ਬਾਰਨਜ਼ ਨੇ ਅਦਾਲਤ ਨੂੰ ਦੱਸਿਆ ਕਿ ਬਲੇਅਰ ਨੇ ਕਿਸੇ ਨੂੰ ਜਾਣਬੁੱਝ ਕੇ ਨੁਕਸਾਨ ਨਹੀਂ ਪਹੁੰਚਾਇਆ। ਉਹ ਲੰਬੇ ਸਮੇਂ ਤੋਂ ਨਸਾਂ ਨਾਲ ਸਬੰਧਤ ਗੰਭੀਰ ਬਿਮਾਰੀ ਮਲਟੀਪਲ ਸਕਲੇਰੋਸਿਸ ਨਾਲ ਜੂਝ ਰਹੀ ਹੈ। ਵਕੀਲ ਮੁਤਾਬਕ ਦਵਾਈਆਂ ਦੀਆਂ ਕੁਝ ਖੁਰਾਕਾਂ ਨਾ ਲੈਣ ਅਤੇ ਜਹਾਜ਼ ਵਿੱਚ ਸਿਰ 'ਤੇ ਸੱਟ ਲੱਗਣ ਕਾਰਨ ਉਸ ਦੀ ਮਾਨਸਿਕ ਹਾਲਤ ਅਸਥਾਈ ਤੌਰ 'ਤੇ ਉਲਝਣ ਵਾਲੀ ਹੋ ਗਈ ਸੀ। ਇਸ ਦੌਰਾਨ ਐੱਫਬੀਆਈ ਨੇ ਵੀ ਜਹਾਜ਼ ਵਿੱਚ ਵਾਪਰੀ ਘਟਨਾ ਨੂੰ ਲੈ ਕੇ ਵੱਖਰਾ ਸੰਘੀ ਮਾਮਲਾ ਦਰਜ ਕੀਤਾ ਹੈ, ਜਿਸ ਦੀ ਸੁਣਵਾਈ ਬਰੁਕਲਿਨ ਦੀ ਸੰਘੀ ਅਦਾਲਤ ਵਿੱਚ ਹੋਵੇਗੀ। ਜ਼ਿਕਰਯੋਗ ਹੈ ਕਿ ਸੇਲਮਾ ਬਲੇਅਰ ਕਈ ਪ੍ਰਸਿੱਧ ਹਾਲੀਵੁੱਡ ਫ਼ਿਲਮਾਂ ਵਿੱਚ ਕੰਮ ਕਰ ਚੁੱਕੀ ਹੈ। ਸਾਲ 2016 ਵਿੱਚ ਵੀ ਇੱਕ ਹਵਾਈ ਸਫ਼ਰ ਦੌਰਾਨ ਉਸ ਦੇ ਵਿਵਹਾਰ ਨੂੰ ਲੈ ਕੇ ਵਿਵਾਦ ਪੈਦਾ ਹੋਇਆ ਸੀ, ਜਿਸ ਲਈ ਉਸ ਨੇ ਬਾਅਦ ਵਿੱਚ ਜਨਤਕ ਤੌਰ 'ਤੇ ਮੁਆਫ਼ੀ ਮੰਗੀ ਸੀ।

ਤੂਫਾਨ 'ਈਸਾਈਅਸ' ਮਗਰੋਂ ਹੜ੍ਹ ਦਾ ਖ਼ਤਰਾ ! ਲਗਭਗ 700,000 ਘਰਾਂ ਦੀ ਬਿਜਲੀ ਗੁੱਲ

ਪਨਾਮਾ ਸਿਟੀ ਬੀਚ : ਅਮਰੀਕਾ ਵਿਖੇ ਫਲੋਰੀਡਾ ਤੇ ਅਲਬਾਮਾ ਸਮੇਤ ਕਈ ਦੱਖਣ-ਪੂਰਬੀ ਖੇਤਰਾਂ ਵਿੱਚ ਤੂਫਾਨ ਈਸਾਈਅਸ ਨੇ ਭਾਰੀ ਤਬਾਹੀ ਮਚਾਈ ਹੈ। ਤੂਫਾਨ ਕਾਰਨ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਲਗਭਗ 700,000 ਘਰਾਂ ਅਤੇ ਹੋਰ ਅਦਾਰਿਆਂ ਦੀ ਬਿਜਲੀ ਗੁੱਲ ਹੈ। ਤੂਫਾਨ ਨੇ ਕਈ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਹੈ, ਜਦੋਂ ਕਿ ਭਾਰੀ ਬਾਰਸ਼ ਨਾਲ ਅਚਾਨਕ ਹੜ੍ਹ ਅਤੇ ਬਵੰਡਰ ਆਉਣ ਦਾ ਖ਼ਤਰਾ ਬਣਿਆ ਹੋਇਆ ਹੈ। ਮੌਸਮ ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਹੜ੍ਹ ਦੱਖਣੀ ਐਪਲਾਚੀਅਨ ਪਹਾੜੀ ਖੇਤਰਾਂ ਤੱਕ ਪਹੁੰਚ ਸਕਦਾ ਹੈ। ਈਸਾਈਅਸ ਸ਼ੁੱਕਰਵਾਰ ਨੂੰ ਸ਼੍ਰੇਣੀ 2 ਦੇ ਤੂਫਾਨ ਦੇ ਰੂਪ ਵਿੱਚ ਫਲੋਰੀਡਾ ਦੇ ਡੈਸਟਿਨ ਨੇੜੇ ਲੈਂਡਫਾਲ ਹੋਇਆ। ਤੂਫਾਨ ਰਾਤੋ-ਰਾਤ ਕਮਜ਼ੋਰ ਹੋ ਗਿਆ ਅਤੇ ਇਸਨੂੰ ਇੱਕ ਗਰਮ ਖੰਡੀ ਚੱਕਰਵਾਤ ਘੋਸ਼ਿਤ ਕੀਤਾ ਗਿਆ, ਪਰ ਖ਼ਤਰਾ ਅਜੇ ਵੀ ਬਣਿਆ ਹੋਇਆ ਹੈ।

ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਸ਼ਨੀਵਾਰ ਨੂੰ ਕਿਹਾ, 'ਹੜ੍ਹ ਦਾ ਖ਼ਤਰਾ ਬਹੁਤ ਜ਼ਿਆਦਾ ਬਣਿਆ ਹੋਇਆ ਹੈ।' ਕਈ ਵਾਰ ਤੂਫਾਨ ਲੰਘਣ ਤੋਂ ਇੱਕ ਜਾਂ ਦੋ ਦਿਨ ਬਾਅਦ ਵੀ ਹੜ੍ਹ ਆ ਜਾਂਦੇ ਹਨ, ਇਸ ਲਈ ਖ਼ਤਰਾ ਅਜੇ ਖਤਮ ਨਹੀਂ ਹੋਇਆ ਹੈ। ਫਲੋਰੀਡਾ ਦੇ ਐਸਕੈਂਬੀਆ ਕਾਉਂਟੀ ਦੇ ਸ਼ੈਰਿਫ ਚਿੱਪ ਸਿਮੰਸ ਨੇ ਤੂਫਾਨ ਨਾਲ ਸਬੰਧਤ ਘਟਨਾਵਾਂ ਵਿੱਚ ਦੋ ਮੌਤਾਂ ਦੀ ਰਿਪੋਰਟ ਦਿੱਤੀ। ਬਰਮਿੰਘਮ ਫਾਇਰ ਚੀਫ ਕੋਰੀ ਮੂਨ ਨੇ ਦੱਸਿਆ ਕਿ ਇੱਕ ਦਰੱਖਤ ਇੱਕ ਘਰ 'ਤੇ ਡਿੱਗ ਗਿਆ, ਜਿਸ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ। ਇੱਕ ਹੋਰ ਵਿਅਕਤੀ ਨੂੰ ਬਚਾਇਆ ਗਿਆ ਅਤੇ ਮੌਕੇ 'ਤੇ ਇਲਾਜ ਕੀਤਾ।

ਐਮਰਜੈਂਸੀ ਮੈਨੇਜਮੈਂਟ ਏਜੰਸੀ ਦੇ ਅਧਿਕਾਰੀ ਜੋਸ਼ ਜੌਹਨਸਨ ਨੇ ਦੱਸਿਆ ਕਿ ਬਾਰਬਰ ਕਾਉਂਟੀ ਵਿੱਚ ਇੱਕ ਸੜਕ 'ਤੇ ਡਿੱਗੇ ਇੱਕ ਦਰੱਖਤ ਨਾਲ ਸਬੰਧਤ ਇੱਕ ਵਾਹਨ ਹਾਦਸੇ ਵਿੱਚ ਇੱਕ ਹੋਰ ਵਿਅਕਤੀ ਦੀ ਮੌਤ ਹੋ ਗਈ। ਅਲਾਬਾਮਾ ਵਿੱਚ ਮੈਕਸੀਕੋ ਦੀ ਖਾੜੀ ਦੇ ਨਾਲ ਇੱਕ ਤੱਟਵਰਤੀ ਸ਼ਹਿਰ, ਮੋਬਾਈਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਦਰੱਖਤ ਅਤੇ ਬਿਜਲੀ ਦੀਆਂ ਤਾਰਾਂ ਡਿੱਗ ਗਈਆਂ, ਜਿਸ ਨਾਲ ਕਈ ਸੜਕਾਂ ਬੰਦ ਹੋ ਗਈਆਂ।

ਸਰਬਸਾਂਝੀ ਗੁਰਬਾਣੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਟਰੇਸੀ ਵਿਖੇ ਸ਼ਾਨਦਾਰ ਧਾਰਮਿਕ ਕਵੀ ਦਰਬਾਰ

ਕੈਲੀਫੋਰਨੀਆ ਦੇ ਸ਼ਹਿਰ ਟਰੇਸੀ ਵਿਖੇ ਸੰਗਤਾਂ ਨੇ ਸ਼ਰਧਾ ਨਾਲ ਮਨਾਇਆ ਪਹਿਲਾ ਪ੍ਰਕਾਸ਼ ਦਿਵਸ; ਪ੍ਰਮੁੱਖ ਕਵੀਆਂ ਨੇ ਗੁਰੂ ਜੱਸ ਗਾਇਨ ਕਰਕੇ ਸੰਗਤਾਂ ਨੂੰ ਕੀਤਾ ਨਿਹਾਲ

ਟਰੇਸੀ, ਕੈਲੀਫੋਰਨੀਆ, (ਸਾਡੇ ਲੋਕ/ਪ੍ਰਮਿੰਦਰ ਸਿੰਘ ਪ੍ਰਵਾਨਾ) : ਸਰਬਸਾਂਝੀਵਾਲਤਾ ਦੇ ਪ੍ਰਤੀਕ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਥਾਨਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ (11770 W. Clover Road, Tracy, CA) ਵਿਖੇ ਇੱਕ ਵਿਸ਼ੇਸ਼ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰਬਾਣੀ ਮਹਿਮਾ ਦੇ ਸੁਮੇਲ ਵਾਲੀਆਂ ਕਵਿਤਾਵਾਂ ਦਾ ਆਨੰਦ ਮਾਣਿਆ।

ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਰੋਸ਼ਨੀ

ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਦੀ ਸੇਵਾ ਨਿਭਾਉਂਦਿਆਂ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ ਅਤੇ ਸੰਪਾਦਨ ਇਤਿਹਾਸ ਬਾਰੇ ਸੰਗਤਾਂ ਨੂੰ ਵਿਸਥਾਰ ਨਾਲ ਜਾਣੂ ਕਰਵਾਇਆ:

ਸੰਕਲਨ ਅਤੇ ਲਿਖਣ ਕਾਰਜ: ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਪਹਿਲੇ ਪੰਜ ਪਾਤਸ਼ਾਹਾਂ ਦੀ ਬਾਣੀ, ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਪਵਿੱਤਰ ਰਚਨਾ ਨੂੰ ਇਕੱਤਰ ਕਰਕੇ ਭਾਈ ਗੁਰਦਾਸ ਜੀ ਪਾਸੋਂ ਰਾਮਸਰ ਸਰੋਵਰ ਦੇ ਰਮਣੀਕ ਕੰਢੇ ਲਿਖਵਾਇਆ।

ਸੰਪੂਰਨਤਾ ਅਤੇ ਪਹਿਲਾ ਪ੍ਰਕਾਸ਼: ਸੰਨ 1601 ਤੋਂ 1604 ਤੱਕ ਚੱਲੇ ਇਸ ਕਾਰਜ ਤੋਂ ਬਾਅਦ, 1 ਸਤੰਬਰ 1604 ਨੂੰ ਪਾਵਨ ਆਦਿ ਬੀੜ ਦਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਪਹਿਲਾ ਪ੍ਰਕਾਸ਼ ਕੀਤਾ ਗਿਆ।

ਪਹਿਲੇ ਗ੍ਰੰਥੀ ਅਤੇ ਪਾਵਨ ਹੁਕਮਨਾਮਾ: ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਪਹਿਲੇ ਪ੍ਰਕਾਸ਼ ਸਮੇਂ ਇਹ ਪਾਵਨ ਹੁਕਮਨਾਮਾ ਪ੍ਰਾਪਤ ਹੋਇਆ:

ਸੂਹੀ ਮਹਲਾ ੫ ॥ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ (ਅੰਗ ੭੬੩)

ਨਾਮਵਰ ਕਵੀਆਂ ਨੇ ਗੁਰੂ ਜੱਸ ਨਾਲ ਸੰਗਤਾਂ ਨੂੰ ਕੀਤਾ ਨਿਹਾਲ

ਕਵੀ ਦਰਬਾਰ ਦੌਰਾਨ ਕੈਲੀਫੋਰਨੀਆ ਦੇ ਪ੍ਰਸਿੱਧ ਕਵੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਦੁੱਤੀ ਉਪਮਾ, ਬਾਣੀ ਦੇ ਫ਼ਲਸਫ਼ੇ ਅਤੇ ਸਿੱਖੀ ਵਿਰਸੇ ਨਾਲ ਓਤ-ਪੋਤ ਰਚਨਾਵਾਂ ਪੇਸ਼ ਕੀਤੀਆਂ। ਹਾਜ਼ਰ ਮੁੱਖ ਕਵੀਆਂ ਵਿੱਚ ਸ਼ਾਮਲ ਸਨ: ਸਰਦਾਰ ਤਰਲੋਚਨ ਸਿੰਘ ਦੁਪਾਲਪੁਰੀ, ਸ. ਤਰਸੇਮ ਸਿੰਘ ਸੁਮਨ, ਸ. ਅਮਰਜੀਤ ਸਿੰਘ ਇਬਰਾਹੀਮਪੁਰੀ, ਸ. ਜਗਦੀਪ ਸਿੰਘ ਫਰੀਮਾਂਟ, ਸ. ਜਸਵੰਤ ਸਿੰਘ, ਸ. ਪ੍ਰਮਿੰਦਰ ਸਿੰਘ ਪ੍ਰਵਾਨਾ।

ਕਵੀਆਂ ਨੇ ਆਪਣੀ ਕਾਵਿ-ਸ਼ੈਲੀ ਰਾਹੀਂ ਸੰਗਤਾਂ ਦੇ ਹਿਰਦਿਆਂ ਨੂੰ ਛੂਹਿਆ ਅਤੇ ਪੂਰਾ ਹਾਲ 'ਸਤਿਨਾਮ ਸ੍ਰੀ ਵਾਹਿਗੁਰੂ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।

ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਦੀ ਪਰੰਪਰਾ ਨੂੰ ਅੱਗੇ ਤੋਰਨ ਦਾ ਅਹਿਦ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਤਰਨਜੀਤ ਸਿੰਘ ਸੰਧੂ ਵੱਲੋਂ ਸਮਾਗਮ ਦੀ ਸਫ਼ਲਤਾ 'ਤੇ ਸੰਗਤਾਂ ਅਤੇ ਕਵੀਆਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਸੰਗਤਾਂ, ਖ਼ਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਅਪੀਲ ਕੀਤੀ ਕਿ ਉਹ ਸਿੱਖ ਇਤਿਹਾਸ ਅਤੇ ਗੁਰਮਤਿ ਸਾਹਿਤ ਨਾਲ ਜੁੜਨ।

ਉਨ੍ਹਾਂ ਕਿਹਾ ਕਿ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੇ 52 ਕਵੀਆਂ ਦੀ ਅਮੀਰ ਸਾਹਿਤਕ ਪਰੰਪਰਾ ਨੂੰ ਜਿਊਂਦਾ ਰੱਖਣਾ ਸਾਡਾ ਸਾਰਿਆਂ ਦਾ ਫ਼ਰਜ਼ ਹੈ। ਸਥਾਨਕ ਕਵੀਆਂ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿੱਚ ਕੀਤੇ ਜਾ ਰਹੇ ਅਜਿਹੇ ਉਪਰਾਲੇ ਸ਼ਲਾਘਾਯੋਗ ਹਨ ਅਤੇ ਪ੍ਰਬੰਧਕ ਕਮੇਟੀ ਵੱਲੋਂ ਭਵਿੱਖ ਵਿੱਚ ਵੀ ਅਜਿਹੇ ਧਾਰਮਿਕ ਅਤੇ ਸਾਹਿਤਕ ਕਾਰਜਾਂ ਲਈ ਪੂਰਾ ਸਹਿਯੋਗ ਦਿੱਤਾ ਜਾਵੇਗਾ।

ਨੀਟਾ ਮਾਛੀਕੇ ਦੀ ਪੁਸਤਕ 'ਅਮਰੀਕੀ ਟਰੱਕਨਾਮਾ' ਉਤੇ ਵਿਚਾਰ-ਗੋਸ਼ਟੀ

ਸਾਨ ਫਰਾਂਸਿਸਕੋ : ਉਘੇ ਪੱਤਰਕਾਰ, ਲੇਖਕ ਅਤੇ ਸਮਾਜਸੇਵੀ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਦੀ ਨਵ-ਪ੍ਰਕਾਸ਼ਿਤ ਪੁਸਤਕ 'ਅਮਰੀਕੀ ਟਰੱਕਨਾਮਾ' ਉਤੇ ਫਰਿਜ਼ਨੋ ਵਿਖੇ ਪ੍ਰਭਾਵਸ਼ਾਲੀ ਸਾਹਿਤਕ ਵਿਚਾਰ-ਗੋਸ਼ਟੀ ਅਤੇ ਕਵੀ ਦਰਬਾਰ ਕਰਵਾਇਆ ਗਿਆ। ਇਹ ਸਮਾਗਮ ਲੇਖਕ ਦੀ ਮਾਤਾ ਸਵਰਗੀ ਮੁਖਤਿਆਰ ਕੌਰ ਧਾਲੀਵਾਲ ਦੀ ਯਾਦ ਨੂੰ ਸਮਰਪਿਤ ਸੀ। ਸਮਾਗਮ ਦੀ ਸ਼ੁਰੂਆਤ ਲੇਖਕ ਸਾਧੂ ਸਿੰਘ ਸੰਘਾ ਵਲੋਂ ਪੁਸਤਕ ਸੰਬੰਧੀ ਪੇਸ਼ ਵਿਸ਼ੇਸ਼ ਪਰਚੇ ਨਾਲ ਹੋਈ।ਹੈਰੀ ਮਾਨ ਐਡਵੋਕੇਟ ਨਰਿੰਦਰ ਚਾਹਲ ਨੇ ਕਿਹਾ ਕਿ 'ਅਮਰੀਕੀ ਟਰੱਕਨਾਮਾ' ਹਰ ਉਸ ਪੰਜਾਬੀ ਨੂੰ ਪੜ੍ਹਨੀ ਚਾਹੀਦੀ ਹੈ, ਜਿਹੜਾ ਅਮਰੀਕਾ ਵਿਚ ਪੰਜਾਬੀ ਟਰੱਕ ਡਰਾਈਵਰਾਂ ਦੀ ਮਿਹਨਤ, ਸੰਘਰਸ਼ ਅਤੇ ਜੀਵਨ ਦੀਆਂ ਹਕੀਕਤਾਂ ਨੂੰ ਸਮਝਣਾ ਚਾਹੁੰਦਾ ਹੈ। ਜਗਤਾਰ ਗਿੱਲ, ਮਹਿੰਦਰ ਸਿੰਘ ਸੰਧਾਵਾਲੀਆ, ਡਾ. ਅਰਜਨ ਸਿੰਘ ਜੋਸਨ, ਸੁਖਦੇਵ ਸਿੰਘ ਸਿੱਧੂ, ਡਾ. ਮਲਕੀਤ ਸਿੰਘ ਕਿੰਗਰਾ, ਜਸਵੰਤ ਸਿੰਘ ਸ਼ਾਦ, ਉਘੇ ਕਾਰੋਬਾਰੀ ਪਾਲ ਸਹੋਤਾ ਅਤੇ ਗਗਨ ਭੰਡਾਲ ਸਮੇਤ ਹੋਰ ਬੁਲਾਰਿਆਂ ਨੇ ਵੀ ਪੁਸਤਕ ਦੀ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਇਹ ਪੁਸਤਕ ਪੜ੍ਹਨ ਤੇ ਸੰਭਾਲਣਯੋਗ ਹੈ। ਗਾਇਕ ਧਰਮਵੀਰ ਬਾਂਦੀ, ਸੁਖੀ ਧਾਲੀਵਾਲ, ਦਲਜੀਤ ਰਿਆੜ ਨੇ ਵੀ ਭਰਵੀਂ ਹਾਜ਼ਰੀ ਲਗਵਾਈ। ਇਸ ਮੌਕੇ ਉਘੇ ਕਿਸਾਨ ਚਰਨਜੀਤ ਸਿੰਘ ਬਾਠ, ਟਰਾਂਸਪੋਰਟਰ ਜਸਪਾਲ ਸਿੰਘ ਧਾਲੀਵਾਲ, ਨਾਜਰ ਸਿੰਘ ਸਹੋਤਾ, ਗੁਰਦੀਪ ਸਿੰਘ ਚੌਹਾਨ, ਨੰਬਰਦਾਰ ਜਗਤਾਰ ਸਿੰਘ ਗਿੱਲ, ਜੱਸੀ ਸਟੋਨ ਟਰੱਕਿੰਗ, ਚਰਨਜੀਤ ਚੀਮਾ, ਪਰਮਿੰਦਰ ਸਿੰਘ, ਪੀਟਰ, ਸ਼ੇਰ ਸਿੰਘ ਚੌਹਾਨ, ਗੁਰਨੇਕ ਸਿੰਘ ਬਾਗੜੀ, ਅਨਮੋਲ, ਪ੍ਰਮੋਦ ਲੋਈ, ਅਮਰਜੀਤ ਦੌਧਰ, ਕਿੱਟੀ ਗਿੱਲ, ਬਹਾਦਰ ਸਿੱਧੂ, ਬਬਲਾ ਸਰਪੰਚ, ਗੁਰਪ੍ਰੀਤ ਦੌਧਰ, ਸਤਨਾਮ ਪ੍ਰਧਾਨ, ਟੋਨੀ ਸੰਧੂ ਭਲਵਾਨ, ਸੁੱਖੀ ਹੇਅਰ, ਰਾਣਾ ਚੁਗਾਵਾਂ, ਦਿਲਬਾਗ ਸਿੰਘ ਕਪੂਰੇ, ਅਵਤਾਰ ਜੇਠੂਕੇ, ਹਰਵਿੰਦਰ ਜੇਠੂਕੇ, ਗੁਰਭੇਜ, ਰਾਜੂ ਪੱਤੋ, ਹੈਰੀ ਬਰਾੜ ਡੈਲਸ, ਸੁਖਦੀਪ ਸਿੰਘ ਸਿੱਧੂ, ਗੁਰਜੰਟ ਸਿੰਘ ਸਿੱਧੂ ਅਤੇ ਰਾਜਵਿੰਦਰ ਸਿੰਘ ਸਿੱਧੂ ਸਮੇਤ ਵੱਡੀ ਗਿਣਤੀ ਵਿਚ ਪਤਵੰਤੇ ਸੱਜਣ ਹਾਜ਼ਰ ਸਨ। ਨੀਟਾ ਮਾਛੀਕੇ ਅਤੇ ਡਾ. ਸਿਮਰਜੀਤ ਧਾਲੀਵਾਲ ਨੇ ਸਭ ਦਾ ਧੰਨਵਾਦ ਕੀਤਾ ਅਤੇ ਸਮੁੱਚੇ ਸਮਾਗਮ ਦਾ ਸੰਚਾਲਨ ਜੋਤ ਰਣਜੀਤ ਕੌਰ ਨੇ ਬਾਖੂਬੀ ਨਿਭਾਇਆ।

ਅਮਰੀਕਾ ਦੀ ਅਸਲ ਤਾਕਤ ਆਮ ਨਾਗਰਿਕ : ਬਰਾਕ ਓਬਾਮਾ

ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਦੇਸ਼ ਵਾਸੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਅਮਰੀਕਾ ਦੀ ਅਸਲ ਤਾਕਤ ਉਸ ਦੇ ਆਮ ਨਾਗਰਿਕ ਹਨ ਅਤੇ ਹੁਣ ਉਮੀਦਾਂ ਨੂੰ ਹਕੀਕਤ ਵਿਚ ਬਦਲਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਦੌਰਾਨ ਦੇਸ਼ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਦੀ ਉਨ੍ਹਾਂ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਸੀ। ਇਸ ਦੇ ਬਾਵਜੂਦ ਮੁਸ਼ਕਿਲ ਹਲਾਤ ਵਿਚ ਵੀ ਬਦਲਾਅ ਲਈ ਆਵਾਜ਼ ਉਠਾਉਣ ਵਾਲੇ ਲੱਖਾਂ ਅਮਰੀਕੀਆਂ ਦਾ ਹੌਸਲਾ ਉਨ੍ਹਾਂ ਲਈ ਉਮੀਦ ਦੀ ਕਿਰਨ ਹੈ ।ਡੈਮੋਕ੍ਰੇਟਿਕ ਪਾਰਟੀ ਲਈ ਜਾਰੀ ਕੀਤੇ ਨਵੇਂ ਚੋਣ ਇਸ਼ਤਿਹਾਰ ਵਿਚ ਓਬਾਮਾ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਿੱਧਾ ਨਾਂਅ ਲਏ ਬਿਨਾਂ ਦੇਸ਼ ਦੇ ਮੌਜੂਦਾ ਹਲਾਤ ਦਾ ਜ਼ਿਕਰ ਕੀਤਾ। ਉਨ੍ਹਾਂ ਨਵੰਬਰ ਦੀਆਂ ਚੋਣਾਂ ਨੂੰ ਅਮਰੀਕੀ ਇਤਿਹਾਸ ਦੀਆਂ ਸਭ ਤੋਂ ਮਹੱਤਵਪੂਰਨ ਚੋਣਾਂ ਵਿਚੋਂ ਇਕ ਦੱਸਦਿਆਂ ਕਿਹਾ ਕਿ ਲੋਕਾਂ ਦੀ ਸਰਗਰਮ ਭਾਗੀਦਾਰੀ ਹੀ ਦੇਸ਼ ਦੀ ਦਿਸ਼ਾ ਤੈਅ ਕਰ ਸਕਦੀ ਹੈ ।ਇਸ ਦੌਰਾਨ ਓਬਾਮਾ ਨੇ ਡੈਮੋਕ੍ਰੇਟਿਕ ਪਾਰਟੀ ਅਤੇ ਇਸ ਦੇ ਉਮੀਦਵਾਰਾਂ ਲਈ ਪਿਛਲੇ ਸਾਲ ਤੋਂ ਹੁਣ ਤੱਕ 1 ਕਰੋੜ 36 ਲੱਖ ਡਾਲਰ ਤੋਂ ਵੱਧ ਦੀ ਰਕਮ ਇਕੱਠੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸੇ ਹਫ਼ਤੇ ਉੱਤਰੀ ਵਰਜੀਨੀਆ ਵਿੱਚ ਉਨ੍ਹਾਂ ਦੀ ਅਗਵਾਈ ਹੇਠ ਹੋਏ ਇਕ ਸਮਾਗਮ ਦੌਰਾਨ 36 ਲੱਖ ਡਾਲਰ ਤੋਂ ਵੱਧ ਇਕੱਠੇ ਕੀਤੇ ਗਏ। ਓਬਾਮਾ ਨੇ ਟੈਕਸਾਸ ਵਿਚ ਡੈਮੋਕ੍ਰੇਟਿਕ ਉਮੀਦਵਾਰ ਜੇਮਜ਼ ਟੈਲਾਰਿਕੋ ਅਤੇ ਰਿਪਬਲਿਕਨ ਉਮੀਦਵਾਰ ਕੇਨ ਪੈਕਸਟਨ ਵਿਚਾਲੇ ਮੁਕਾਬਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੁਝ ਸੂਬਿਆਂ ਵਿਚ ਚੋਣ ਸਮੀਕਰਨ ਉਮੀਦ ਤੋਂ ਵੱਖਰੇ ਨਜ਼ਰ ਆ ਰਹੇ ਹਨ। ਉਨ੍ਹਾਂ ਕਿਹਾ ਕਿ ਡੈਮੋਕ੍ਰੇਟਿਕ ਪਾਰਟੀ ਕੋਲ ਚੰਗਾ ਮੌਕਾ ਹੈ ਪਰ ਜਿੱਤ ਨੂੰ ਪਹਿਲਾਂ ਤੋਂ ਤੈਅ ਮੰਨਣਾ ਗਲਤੀ ਹੋਵੇਗੀ। ਸਾਬਕਾ ਰਾਸ਼ਟਰਪਤੀ ਨੇ ਜਾਰਜੀਆ, ਮੇਨ, ਪੈਨਸਿਲਵੇਨੀਆ ਅਤੇ ਹੋਰ ਸੂਬਿਆਂ ਵਿੱਚ ਕਈ ਡੈਮੋਕ੍ਰੇਟਿਕ ਉਮੀਦਵਾਰਾਂ ਦਾ ਸਮਰਥਨ ਕੀਤਾ ਹੈ। ਉਹ 24 ਅਕਤੂਬਰ ਨੂੰ ਮਿਸ਼ੀਗਨ ਵਿੱਚ ਅਬਦੁਲ ਅਲ-ਸਈਦ ਦੇ ਹੱਕ ਵਿੱਚ ਚੋਣ ਪ੍ਰਚਾਰ ਵੀ ਕਰਨਗੇ। ਪਾਰਟੀ ਵਲੋਂ ਉਨ੍ਹਾਂ ਦੇ ਸੰਦੇਸ਼ ਵਾਲੇ ਇਸ਼ਤਿਹਾਰਾਂ ਰਾਹੀਂ ਵੋਟਰਾਂ ਤੱਕ ਪਹੁੰਚ ਵਧਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਓਬਾਮਾ ਨੇ ਕਿਹਾ ਕਿ ਲੋਕਤੰਤਰ ਵਿਚ ਸਭ ਤੋਂ ਵੱਡੀ ਤਾਕਤ ਕਿਸੇ ਅਹੁਦੇ ਜਾਂ ਸਿਆਸੀ ਆਗੂ ਕੋਲ ਨਹੀਂ, ਸਗੋਂ ਦੇਸ਼ ਦੇ ਨਾਗਰਿਕਾਂ ਕੋਲ ਹੁੰਦੀ ਹੈ। ਉਨ੍ਹਾਂ ਮੁਤਾਬਕ ਲੋਕਾਂ ਦੀ ਇਕਜੁੱਟਤਾ ਅਤੇ ਲੋਕਤੰਤਰੀ ਪ੍ਰਕਿਰਿਆ ਵਿੱਚ ਭਾਗੀਦਾਰੀ ਹੀ ਬਦਲਾਅ ਦਾ ਰਾਹ ਖੋਲ੍ਹ ਸਕਦੀ ਹੈ।

ਟਰੰਪ ਵਲੋਂ ਐਲਨ ਮਸਕ, ਸੱਤਿਆ ਨਡੇਲਾ ਸਮੇਤ 6 ਤਕਨਾਲੋਜੀ ਹਸਤੀਆਂ ਦਾ ਰਾਸ਼ਟਰੀ ਸਨਮਾਨ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ 6 ਪ੍ਰਮੁੱਖ ਹਸਤੀਆਂ ਨੂੰ ਦੇਸ਼ ਦੇ ਉੱਚ ਰਾਸ਼ਟਰੀ ਸਨਮਾਨਾਂ ਨਾਲ ਸਨਮਾਨਿਤ ਕੀਤਾ। ਇਨ੍ਹਾਂ ਵਿਚ ਟੇਸਲਾ ਅਤੇ ਸਪੇਸਐਕਸ ਦੇ ਮੁਖੀ ਐਲਨ ਮਸਕ, ਮਾਈਕ੍ਰੋਸਾਫਟ ਦੇ ਸੱਤਿਆ ਨਡੇਲਾ ਅਤੇ ਐਨਵੀਡੀਆ ਦੇ ਜੈਨਸਨ ਹੁਆਂਗ ਸਮੇਤ ਅਮਰੀਕਾ ਦੀਆਂ ਵੱਡੀਆਂ ਤਕਨਾਲੋਜੀ ਕੰਪਨੀਆਂ ਦੇ ਆਗੂ ਸ਼ਾਮਿਲ ਸਨ। ਇਹ ਪਹਿਲੀ ਵਾਰ ਸੀ, ਜਦੋਂ ਟਰੰਪ ਨੇ ਆਪਣੇ ਰਾਸ਼ਟਰਪਤੀ ਕਾਰਜਕਾਲਾਂ ਦੌਰਾਨ ਇਹ ਸਨਮਾਨ ਪ੍ਰਦਾਨ ਕੀਤੇ। ਵਾਸ਼ਿੰਗਟਨ ਡੀਸੀ ਵਿਚ ਕਰਵਾਏ ਗਏ ਵਿਗਿਆਨ ਅਤੇ ਤਕਨਾਲੋਜੀ ਸੰਮੇਲਨ ਦੌਰਾਨ ਟਰੰਪ ਨੇ ਐਲਨ ਮਸਕ, ਗੂਗਲ ਦੇ ਸਹਿ-ਸੰਸਥਾਪਕ ਸਰਗੇਈ ਬ੍ਰਿਨ, ਐਨਵੀਡੀਆ ਦੇ ਮੁਖੀ ਜੈਨਸਨ ਹੁਆਂਗ ਅਤੇ ਏ.ਐੱਮ.ਡੀ. ਦੀ ਮੁੱਖ ਕਾਰਜਕਾਰੀ ਅਧਿਕਾਰੀ ਲੀਸਾ ਸੂ ਨੂੰ ਨੈਸ਼ਨਲ ਮੈਡਲ ਆਫ਼ ਸਾਇੰਸ ਨਾਲ ਸਨਮਾਨਿਤ ਕੀਤਾ। ਮਾਈਕ੍ਰੋਸਾਫਟ ਦੇ ਮੁਖੀ ਸੱਤਿਆ ਨਡੇਲਾ ਅਤੇ ਡੈੱਲ ਟੈਕਨਾਲੋਜੀਜ਼ ਦੇ ਮੁਖੀ ਮਾਈਕਲ ਡੈੱਲ ਨੂੰ ਨੈਸ਼ਨਲ ਮੈਡਲ ਆਫ਼ ਟੈਕਨਾਲੋਜੀ ਐਂਡ ਇਨੋਵੇਸ਼ਨ ਦਿੱਤਾ ਗਿਆ।ਵਾਈਟ ਹਾਊਸ ਦੀ ਬੁਲਾਰਨ ਲਿਜ਼ ਹਿਊਸਟਨ ਨੇ ਕਿਹਾ ਕਿ ਅਮਰੀਕੀ ਸਰਕਾਰ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਇਨ੍ਹਾਂ ਆਗੂਆਂ ਦੇ ਯੋਗਦਾਨ ਦੀ ਕਦਰ ਕਰਦੀ ਹੈ। ਉਨ੍ਹਾਂ ਮੁਤਾਬਕ ਇਨ੍ਹਾਂ ਦੀਆਂ ਪ੍ਰਾਪਤੀਆਂ ਅਮਰੀਕਾ ਨੂੰ ਨਵੀਆਂ ਖੋਜਾਂ ਅਤੇ ਆਧੁਨਿਕ ਤਕਨਾਲੋਜੀ ਵਿਚ ਦੁਨੀਆ ਦੀ ਅਗਵਾਈ ਕਰਨ ਵਿਚ ਮਦਦ ਕਰ ਰਹੀਆਂ ਹਨ।ਜ਼ਿਕਰਯੋਗ ਹੈ ਕਿ ਸਮਾਗਮ ਵਿਚ ਐਲਨ ਮਸਕ ਦੀ ਸ਼ਮੂਲੀਅਤ ਖਾਸ ਚਰਚਾ ਦਾ ਵਿਸ਼ਾ ਰਹੀ। ਪਿਛਲੇ ਸਾਲ ਸਰਕਾਰੀ ਖਰਚਿਆਂ ਵਿਚ ਕਟੌਤੀ ਨਾਲ ਜੁੜੇ ਵਿਭਾਗ 'ਡੋਜ' ਤੋਂ ਵੱਖ ਹੋਣ ਮਗਰੋਂ ਮਸਕ ਅਤੇ ਟਰੰਪ ਦੇ ਸੰਬੰਧਾਂ ਵਿਚ ਤਣਾਅ ਪੈਦਾ ਹੋ ਗਿਆ ਸੀ।

'ਕਾਕਰੋਚ ਜਨਤਾ ਪਾਰਟੀ' ਨੂੰ ਅਮਰੀਕਾ 'ਚ ਦਾਨੀਆਂ ਤੋਂ ਮਿਲ ਰਿਹਾ ਚੰਦਾ : ਗਾਇਕਾ ਮਿਲਬੇਨ

ਭਾਰਤ ਦੇ ਨੌਜਵਾਨਾਂ ਨੂੰ ਵਿਘਨਕਾਰੀ ਸੋਚ ਖ਼ਿਲਾਫ਼ ਖੜ੍ਹੇ ਹੋਣ ਦੀ ਕੀਤੀ ਅਪੀਲ

ਵਾਸ਼ਿੰਗਟਨ : ਅਮਰੀਕੀ ਗਾਇਕਾ ਮੈਰੀ ਮਿਲਬੇਨ ਨੇ ਦੋਸ਼ ਲਗਾਇਆ ਕਿ 'ਕਾਕਰੋਚ ਜਨਤਾ ਪਾਰਟੀ' ਨੂੰ ਅਮਰੀਕਾ ਵਿੱਚ 'ਦਾਨੀਆਂ ਤੋਂ ਆਰਥਿਕ ਮਦਦ' ਮਿਲ ਰਹੀ ਹੈ । ਉਨ੍ਹਾਂ ਕਿਹਾ ਕਿ ਇਹ 'ਚੁੱਪ ਰਹਿਣ ਦਾ ਸਮਾਂ ਨਹੀਂ ਹੈ' ਅਤੇ ਭਾਰਤ ਦੇ ਸਾਰੇ 'ਨੌਜਵਾਨ ਦੇਸ਼ ਭਗਤਾਂ' ਨੂੰ ਸੰਗਠਨ ਦੀ 'ਵਿਘਨਕਾਰੀ ਸੋਚ' ਖ਼ਿਲਾਫ਼ ਖੜ੍ਹੇ ਹੋਣ ਅਤੇ ਸ਼ਾਂਤਮਈ ਤਰੀਕੇ ਨਾਲ ਵਿਰੋਧ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਮਿਲਬੇਨ ਨੇ ਇਹ ਟਿੱਪਣੀ ਉਸ ਸਮੇਂ ਕੀਤੀ ਹੈ, ਜਦੋਂ ਵਿਰੋਧੀ ਪਾਰਟੀਆਂ ਅਤੇ 'ਕਾਕਰੋਚ ਜਨਤਾ ਪਾਰਟੀ' ਦੇ ਸਮਰਥਕ ਐਸ.ਆਈ.ਆਰ. ਵਿੱਚ ਕਥਿਤ ਬੇਨਿਯਮੀਆਂ ਨੂੰ ਲੈ ਕੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕਰਦੇ ਹੋਏ ਨਵੀਂ ਦਿੱਲੀ ਵਿੱਚ ਪ੍ਰਦਰਸ਼ਨ ਕਰ ਰਹੇ ਹਨ। ਗਾਇਕਾ ਨੇ ਕਿਹਾ ਕਿ 'ਕਾਕਰੋਚ ਜਨਤਾ ਪਾਰਟੀ' ਦੇ ਆਗੂ ਅਭਿਜੀਤ ਦੀਪਕੇ ਅਤੇ ਉਨ੍ਹਾਂ ਦੀ ਪਾਰਟੀ ਨੂੰ "ਅਮਰੀਕਾ ਵਿੱਚ ਅਜਿਹੇ ਦਾਨੀਆਂ ਤੋਂ ਆਰਥਿਕ ਮਦਦ ਮਿਲ ਰਹੀ ਹੈ, ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਅਗਵਾਈ ਹੇਠ ਤੁਹਾਡੇ ਭਵਿੱਖ ਹੋਣ ਦੇ ਖ਼?ਲਾਫ਼ ਹਨ।" ਉਨ੍ਹਾਂ ਕਿਹਾ ਕਿ ਇਹ "ਚੁੱਪ ਰਹਿਣ ਦਾ ਸਮਾਂ ਨਹੀਂ ਹੈ। ਉਨ੍ਹਾਂ ਕਿਹਾ ਕਿ "ਭਾਰਤ ਦੇ ਸਾਰੇ ਪਿਆਰੇ ਨੌਜਵਾਨ ਦੇਸ਼ ਭਗਤਾਂ" ਨੂੰ "ਵਿਘਨਕਾਰੀ "ਤਾਕਤਾਂ ਖ਼ਿਲਾਫ਼ ਖੜ੍ਹੇ ਹੋਣ ਅਤੇ ਸ਼ਾਂਤਮਈ ਤਰੀਕੇ ਨਾਲ ਵਿਰੋਧ ਪ੍ਰਦਰਸ਼ਨ ਕਰਨ ਦੀ ਅਪੀਲ ਕੀਤੀ ਜਾਂਦੀ ਹੈ।

ਪੋਸਟ ਵਿੱਚ ਕਿਹਾ ਗਿਆ, "ਡਰੋ ਨਾ, ਮੇਰੇ ਨੌਜਵਾਨ ਦੇਸ਼ ਭਗਤੋ। ਤੁਹਾਡੇ ਪ੍ਰਧਾਨ ਮੰਤਰੀ, ਜਿਨ੍ਹਾਂ ਨੇ 25 ਸਾਲਾਂ ਤੱਕ ਭਾਰਤ ਦੀ ਸੇਵਾ ਕੀਤੀ ਹੈ ਅਤੇ 12 ਸਾਲਾਂ ਤੋਂ ਪ੍ਰਧਾਨ ਮੰਤਰੀ ਹਨ ਅਤੇ ਲਗਾਤਾਰ ਤਿੰਨ ਕਾਰਜਕਾਲਾਂ ਲਈ ਚੁਣੇ ਗਏ ਹਨ, ਮੇਰੇ ਦੇਸ਼ ਦੀਆਂ ਵਿਘਨਕਾਰੀ ਤਾਕਤਾਂ ਅੱਗੇ ਝੁਕਣ ਵਾਲੇ ਨਹੀਂ ਹਨ।" ਉਨ੍ਹਾਂ ਕਿਹਾ, "ਇਨ੍ਹਾਂ ਚੁਣੇ ਹੋਏ ਦਾਨੀਆਂ ਦਾ ਦੁਨੀਆ ਭਰ ਵਿੱਚ ਇੱਕ ਤਰੀਕਾ ਰਿਹਾ ਹੈ। ਉਹ ਦੁਨੀਆ ਦੇ ਰੂੜੀਵਾਦੀ ਆਗੂਆਂ ਨੂੰ ਨਿਸ਼ਾਨਾ ਬਣਾਉਂਦੇ ਹਨ, ਸਬੰਧਤ ਦੇਸ਼ ਦੇ ਕਿਸੇ ਅਜਿਹੇ ਵਿਅਕਤੀ ਨੂੰ ਲੱਭਦੇ ਹਨ ਜਿਸ ਨੇ ਅਮਰੀਕਾ ਵਿੱਚ ਸਿੱਖਿਆ ਹਾਸਲ ਕੀਤੀ ਹੋਵੇ, ਉਸ ਨੂੰ ਕੱਟੜਪੰਥੀ ਬਣਾਉਂਦੇ ਹਨ, ਫਿਰ ਉਸ ਨੂੰ ਵਾਪਸ ਉਸ ਦੇ ਦੇਸ਼ ਭੇਜਦੇ ਹਨ ਅਤੇ ਉੱਥੇ ਅਰਾਜਕਤਾ ਅਤੇ ਤਬਾਹੀ ਫੈਲਾਉਣ ਲਈ ਧਨ ਮੁਹੱਈਆ ਕਰਵਾਉਂਦੇ ਹਨ। ਇਨ੍ਹਾਂ ਵਿੱਚੋਂ ਕੋਈ ਵੀ ਸਫ਼ਲ ਨਹੀਂ ਹੋਇਆ ਹੈ, ਪਰ ਇਨ੍ਹਾਂ ਗਤੀਵਿਧੀਆਂ ਨੇ ਸਬੰਧਤ ਦੇਸ਼ਾਂ ਦੇ ਵਿਕਾਸ ਅਤੇ ਸ਼ਾਸਨ ਵਿਵਸਥਾ ਨੂੰ ਪ੍ਰਭਾਵਿਤ ਕੀਤਾ ਹੈ। ਅਮਰੀਕੀ ਗਾਇਕਾ ਨੇ ਕਿਹਾ ਕਿ ਲੋਕਤੰਤਰ ਅਤੇ ਆਜ਼ਾਦੀ ਨੂੰ ਬਣਾਏ ਰੱਖਣ ਲਈ ਹਮੇਸ਼ਾ ਇੱਕ ਜਵਾਬੀ ਅੰਦੋਲਨ ਹੋਣਾ ਚਾਹੀਦਾ ਹੈ। ਮਿਲਬੇਨ ਨੇ 2023 ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਭਾਰਤ ਦਾ ਰਾਸ਼ਟਰ ਗਾਨ 'ਜਨ ਗਣ ਮਨ' ਗਾਇਆ ਸੀ। ਅਫ਼ਗਾਨੀ ਮੂਲ ਦੀ ਅਮਰੀਕੀ ਗਾਇਕਾ ਹਿੰਦੂ ਧਰਮ ਦੇ ਪੈਰੋਕਾਰਾਂ ਵੱਲੋਂ ਕੀਤੀ ਜਾਣ ਵਾਲੀ ਆਰਤੀ 'ਓਮ ਜੈ ਜਗਦੀਸ਼ ਹਰੇ' ਦੇ ਗਾਇਨ ਲਈ ਵੀ ਭਾਰਤ ਵਿੱਚ ਬਹੁਤ ਹਰਮਨਪਿਆਰੀ ਹੈ।

ਅਮਰੀਕਾ 'ਚ ਪੰਜਾਬੀ ਮੂਲ ਦੇ ਰੰਜੀਵ ਪੁਰੀ ਸਟੇਟ ਅਸੈਂਬਲੀ ਸਪੀਕਰ ਬਣਨ ਦੀ ਦੌੜ 'ਚ

ਵਾਸ਼ਿੰਗਟਨ : ਪੰਜਾਬੀ ਮੂਲ ਦੇ ਮਿਸ਼ੀਗਨ ਦੇ ਵਿਧਾਇਕ ਰੰਜੀਵ ਪੁਰੀ 3 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਸਟੇਟ ਅਸੈਂਬਲੀ ਦੇ ਸਪੀਕਰ ਦੇ ਅਹੁਦੇ ਲਈ ਚੋਣ ਲੜ ਰਹੇ ਹਨ। ਪੁਰੀ (42) ਸਾਲ 2020 ਵਿੱਚ ਮਿਸ਼ੀਗਨ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਲਈ ਚੁਣੇ ਗਏ ਪਹਿਲੇ ਭਾਰਤੀ-ਅਮਰੀਕੀ ਬਣੇ ਸਨ, ਜੋ ਕਿ ਰਾਜ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਸੀ। ਇੱਕ ਪੰਜਾਬੀ ਪ੍ਰਵਾਸੀ ਪਰਿਵਾਰ ਵਿੱਚ ਜਨਮੇ ਪੁਰੀ ਨੂੰ 2025 ਵਿੱਚ ਰਿਪਬਲਿਕਨ-ਨਿਯੰਤਰਿਤ 110 ਮੈਂਬਰੀ ਅਸੈਂਬਲੀ ਵਿੱਚ ਡੈਮੋਕ੍ਰੇਟਿਕ ਪਾਰਟੀ ਦਾ ਨੇਤਾ ਨਿਯੁਕਤ ਕੀਤਾ ਗਿਆ ਸੀ।

ਗ੍ਰੇਚੇਨ ਵਿਟਮਰ ਮਿਸ਼ੀਗਨ ਦੇ ਡੈਮੋਕ੍ਰੇਟਿਕ ਗਵਰਨਰ ਹਨ, ਪਰ ਰਿਪਬਲਿਕਨ ਪਾਰਟੀ ਸਟੇਟ ਅਸੈਂਬਲੀ ਨੂੰ ਕੰਟਰੋਲ ਕਰਦੀ ਹੈ। ਮੈਟ ਹਾਲ ਅਸੈਂਬਲੀ ਦੇ ਸਪੀਕਰ ਹਨ। ਡੈਮੋਕ੍ਰੇਟਿਕਸ 3 ਨਵੰਬਰ ਦੀਆਂ ਚੋਣਾਂ ਵਿੱਚ ਅਸੈਂਬਲੀ ਵਿੱਚ ਬਹੁਮਤ ਪ੍ਰਾਪਤ ਕਰਨ ਦੀ ਉਮੀਦ ਕਰਦੇ ਹਨ। ਇਸ ਨਾਲ ਪੁਰੀ ਲਈ ਦੇਸ਼ ਦੇ ਪਹਿਲੇ ਭਾਰਤੀ-ਅਮਰੀਕੀ ਅਸੈਂਬਲੀ ਸਪੀਕਰ ਬਣਨ ਦਾ ਰਾਹ ਪੱਧਰਾ ਹੋ ਸਕਦਾ ਹੈ।

ਮੁਹਿੰਮ ਦੌਰਾਨ ਰਾਜ ਦੇ ਪ੍ਰਤੀਨਿਧੀ, ਅਮਰੀਕੀ ਕਾਂਗਰਸਵੂਮੈਨ ਹੇਲੀ ਸਟੀਵਨਜ਼ ਨੇ ਕਿਹਾ, 'ਡੈਮੋਕ੍ਰੇਟ ਮਿਸ਼ੀਗਨ ਵਿੱਚ ਅੱਗੇ ਵਧ ਰਹੇ ਹਨ। 'ਅਸੀਂ ਰਾਜ ਵਿਧਾਨ ਸਭਾ ਵਿੱਚ ਬਹੁਮਤ ਹਾਸਲ ਕਰਨ ਜਾ ਰਹੇ ਹਾਂ ਅਤੇ ਰੰਜੀਵ ਪੁਰੀ ਨੂੰ ਦੇਸ਼ ਦਾ ਪਹਿਲਾ ਪੰਜਾਬੀ-ਅਮਰੀਕੀ ਰਾਜ ਵਿਧਾਨ ਸਭਾ ਸਪੀਕਰ ਬਣਾਉਣ ਜਾ ਰਹੇ ਹਾਂ।' ਇਸ ਸਾਲ ਅਮਰੀਕੀ ਸੈਨੇਟ ਚੋਣਾਂ ਲਈ ਡੈਮੋਕ੍ਰੇਟਿਕ ਪਾਰਟੀ ਦੀ ਨਾਮਜ਼ਦਗੀ ਪ੍ਰਾਪਤ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ ਸਟੀਵਨਜ਼ ਅਮਰੀਕੀ ਕਾਂਗਰਸ ਤੋਂ ਸੇਵਾਮੁਕਤ ਹੋ ਰਹੇ ਹਨ।

ਪੁਰੀ ਨੇ 2008 ਅਤੇ 2012 ਵਿੱਚ ਰਾਸ਼ਟਰਪਤੀ ਬਰਾਕ ਓਬਾਮਾ ਦੇ ਪ੍ਰਚਾਰ ਮੁਹਿੰਮਾਂ ਵਿੱਚ ਹਿੱਸਾ ਲਿਆ। ਫਿਰ ਉਸਨੇ ਸ਼ਿਕਾਗੋ ਯੂਨੀਵਰਸਿਟੀ ਦੇ ਬੂਥ ਸਕੂਲ ਆਫ਼ ਬਿਜ਼ਨਸ ਤੋਂ ਐਮਬੀਏ ਕੀਤੀ ਅਤੇ ਮਿਸ਼ੀਗਨ ਵਾਪਸ ਆ ਗਏ, ਜਿੱਥੇ ਉਸਨੇ ਆਟੋਮੋਬਾਈਲ ਉਦਯੋਗ ਵਿੱਚ ਕੰਮ ਕੀਤਾ। ਰਾਜ ਵਿਧਾਨ ਸਭਾ ਵਿੱਚ ਆਪਣੇ ਤੀਜੇ ਕਾਰਜਕਾਲ ਵਿੱਚ ਪੁਰੀ ਨੂੰ 2025 ਵਿੱਚ ਹਾਊਸ ਡੈਮੋਕ੍ਰੇਟਿਕ ਪਾਰਟੀ ਦਾ ਨੇਤਾ ਨਿਯੁਕਤ ਕੀਤਾ ਗਿਆ ਸੀ। ਪੁਰੀ ਦਾ ਸਾਹਮਣਾ 3 ਨਵੰਬਰ ਦੀਆਂ ਚੋਣਾਂ ਵਿੱਚ ਰਿਪਬਲਿਕਨ ਐਲੀਸਨ ਕੇ. ਫੁੱਲਰ ਨਾਲ ਹੈ। ਰਿਪਬਲਿਕਨ ਰਣਨੀਤੀਕਾਰ ਅਨੰਗ ਮਿੱਤਲ ਦੁਆਰਾ ਤਿਆਰ ਕੀਤੇ ਗਏ ਭਾਰਤੀ ਅਮਰੀਕੀ ਵੋਟਰ ਐਟਲਸ ਦੇ ਅਨੁਸਾਰ ਮਿਸ਼ੀਗਨ ਵਿੱਚ ਭਾਰਤੀ ਮੂਲ ਦੇ 1.27 ਲੱਖ ਲੋਕ ਰਹਿੰਦੇ ਹਨ, ਜੋ ਕਿ ਰਾਜ ਦੀ ਕੁੱਲ ਆਬਾਦੀ ਦਾ 1.27 ਪ੍ਰਤੀਸ਼ਤ ਹਨ।

ਅਮਰੀਕੀ ਵਿਦੇਸ਼ ਮੰਤਰੀ ਰੂਬੀਓ 17 ਤੋਂ 22 ਅਕਤੂਬਰ ਤੱਕ ਕਰਨਗੇ ਉਜ਼ਬੇਕਿਸਤਾਨ ਅਤੇ ਭਾਰਤ ਦਾ ਦੌਰਾ

ਵਾਸ਼ਿੰਗਟਨ : ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਊਰਜਾ ਖੇਤਰ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਅਗਲੇ ਹਫ਼ਤੇ ਭਾਰਤ ਦਾ ਦੌਰਾ ਕਰਨਗੇ। ਅਮਰੀਕੀ ਵਿਦੇਸ਼ ਵਿਭਾਗ ਨੇ ਮੰਗਲਵਾਰ ਨੂੰ ਇਹ ਐਲਾਨ ਕੀਤਾ। 17 ਤੋਂ 22 ਅਕਤੂਬਰ ਤੱਕ ਆਪਣੀ ਫੇਰੀ ਦੌਰਾਨ ਰੂਬੀਓ ਪਹਿਲਾਂ ਉਜ਼ਬੇਕਿਸਤਾਨ ਵਿੱਚ ਸਮਰਕੰਦ ਅਤੇ ਫਿਰ ਭਾਰਤ ਵਿੱਚ ਮੁੰਬਈ ਅਤੇ ਜਾਮਨਗਰ ਦਾ ਦੌਰਾ ਕਰਨਗੇ। ਮਈ ਤੋਂ ਬਾਅਦ ਇਹ ਰੂਬੀਓ ਦਾ ਭਾਰਤ ਦਾ ਦੂਜਾ ਦੌਰਾ ਹੋਵੇਗਾ। ਮਈ ਵਿੱਚ ਉਨ੍ਹਾਂ ਨੇ ਨਵੀਂ ਦਿੱਲੀ ਵਿੱਚ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੁਆਰਾ ਆਯੋਜਿਤ ਕਵਾਡ (ਚੌਗੁਣੀ ਸੁਰੱਖਿਆ ਸੰਵਾਦ ਦੇ ਮੈਂਬਰ) ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਹਿੱਸਾ ਲਿਆ।

ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ, 'ਉਹ (ਰੂਬੀਓ) ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ, ਖੇਤਰੀ ਅਤੇ ਵਿਸ਼ਵਵਿਆਪੀ ਵਿਕਾਸ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਅਤੇ ਊਰਜਾ ਖੇਤਰ ਵਿੱਚ ਸਹਿਯੋਗ ਵਧਾਉਣ ਦੀਆਂ ਸੰਭਾਵਨਾਵਾਂ 'ਤੇ ਚਰਚਾ ਕਰਨ ਲਈ ਸੀਨੀਅਰ ਸਰਕਾਰੀ ਅਧਿਕਾਰੀਆਂ ਨਾਲ ਮੁਲਾਕਾਤ ਕਰਨਗੇ।÷ ਮੰਤ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

LAW OFFICES OF EMMANUEL ENYINWA

ESQ, Abogado

☛ ਪੋਲੀਟੀਕਲ ਅਸਾਈਲਮ ☛ Political Asylum
☛ Deportation of Defense ☛ BIA Appeal
☛ 9 Circuit Court ☛ Federal Court
☛ ਗਰੀਨਕਾਰਡ ☛ ਸਿਟੀਜਨਸ਼ਿਪ
☛ Green Card ☛ Citizenship
☛ ਡਾਈਵੋਰਸ ☛ ਸਿਵਲ ਐਂਡ ਕਰੀਮੀਨਲ ਕੇਸ
☛ Divorce ☛ Civil and Criminal Cases
☛ Family Petition Immigration
☛ Travel document ☛ Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



ਫਾਊਲਰ ਵਿਖੇ "26ਵਾਂ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ" ਲੱਗਿਆ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ/ਸਾਡੇ ਲੋਕ): ਪੰਜਾਬੀ ਸੱਭਿਆਚਾਰ ਅਤੇ ਗਾਇਕੀ ਦਾ ਮਾਣ, ਤੂੰਬੀ ਦੇ ਬਾਦਸ਼ਾਹ ਮਰਹੂਮ ਕਲਾਕਾਰ ਉਸਤਾਦ ਲਾਲ ਚੰਦ ਯਮਲਾ ਜੱਟ ਦਾ 26ਵਾਂ ਯਾਦਗਾਰੀ ਮੇਲਾ ਕੈਲੇਫੋਰਨੀਆਂ ਦੇ ਸ਼ਹਿਰ ਫਾਊਲਰ ਵਿਖੇ ਲਾਇਆ ਗਿਆ। ਜਿਸ ਦੀ ਸ਼ੁਰੂਆਤ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਜਸਵੰਤ ਸਿੰਘ ਮਹਿਮੀ ਨੇ ਕੀਤੀ। ਇਸ ਉਪਰੰਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ ਉੱਪਰ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਰ ਪਾਉਣ ਦੀ ਰਸਮ ਕੀਤੀ ਗਈ।

ਮੇਲੇ ਦੌਰਾਨ ਚਲੇ ਗਾਇਕੀ ਦੇ ਖੁੱਲ੍ਹੇ ਅਖਾੜੇ ਵਿੱਚ ਯਮਲਾ ਜੱਟ ਦੇ ਲਾਡਲੇ ਸ਼ਾਗਿਰਦ ਅਤੇ ਮੇਲਾ ਕਮੇਟੀ ਦੇ ਪ੍ਰੈਜ਼ੀਡੈਂਟ ਰਾਜਿੰਦਰ ਬਰਾੜ, ਉਰਫ ਰਾਜ ਬਰਾੜ ਯਮਲਾ ਨੇ ਸਭ ਨੂੰ ਜੀ ਆਇਆਂ ਕਹਿਣ ਉਪਰੰਤ ਆਪਣੀ ਗਾਇਕੀ ਰਾਹੀ ਖੂਬ ਰੰਗ ਬੰਨੇ। ਜਿਸ ਬਾਅਦ ਚੱਲੇ ਖੁੱਲੇ ਅਖਾੜੇ ਵਿੱਚ ਸਥਾਨਕ ਗਾਇਕ ਕਮਲਜੀਤ ਬੈਨੀਪਾਲ, ਗਾਇਕ ਗੌਗੀ ਸੰਧੂ ਅਤੇ ਹੋਰਨਾਂ ਨੇ ਆਪਣੇ-ਆਪਣੇ ਅੰਦਾਜ਼ ਵਿੱਚ ਗੀਤ ਗਾਏ। ਇਸੇ ਤਰਾਂ ਸਥਾਨਿਕ ਕੈਲੇਫੋਰਨੀਆਂ ਦੇ ਦਿਲਦਾਰ ਬ੍ਦਰਜ਼ ਗਰੁੱਪ ਦੇ ਗਾਇਕ ਅਵਤਾਰ ਗਰੇਵਾਲ, ਰਾਣੀ ਗਿੱਲ ਅਤੇ ਕਾਤਾਂ ਸਹੋਤਾ ਨੇ ਆਪਣੇ ਰਿਕਾਰਡ ਹੋਏ ਭੰਗੜੇ ਵਾਲੇ ਗੀਤਾਂ ਰਾਹੀ ਖੂਬ ਰੌਣਕਾਂ ਲਾਈਆਂ।

ਜਦ ਕਿ ਸਰੋਤਿਆਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਕੈਲੇਫੋਰਨੀਆ ਦੀ ਪ੍ਰਸਿੱਧ ਦੋਗਾਣਾ ਜੋੜੀ ਗਾਇਕ ਪੱਪੀ ਭਦੌੜ ਅਤੇ ਦਿਲਪ੍ਰੀਤ ਕੌਰ ਦਿਲ ਦੀ ਜੋੜੀ ਨੇ ਪੰਜਾਬੀ ਸੱਭਿਆਚਾਰ ਦੇ ਦੋਗਾਣਾ ਰੰਗ ਨੂੰ ਪੇਸ਼ ਕਰਦੇ ਹੋਏ ਆਪਣੀ ਨੋਕ-ਝੋਕ ਨਾਲ ਸਭ ਦਾ ਦਿਲ ਜਿੱਤਿਆ।

ਇਸ ਸਮੇਂ ਹੋਰ ਬੁਲਾਰਿਆਂ ਵਿੱਚ ਨਾਜ਼ਰ ਸਿੰਘ ਕੂਨਰ, ਜਗਤਾਰ ਸਿੰਘ ਗਿੱਲ, ਰਾਜਿੰਦਰ ਬਰਾੜ, ਡਾ. ਹਰਮੇਸ ਕੁਮਾਰ ਅਤੇ ਚਰਨਜੀਤ ਸਹੋਤਾ, ਸਕੱਤਰ ਬੰਸੀ ਲਾਲ ਬੰਗੜ ਆਦਿਕ ਬਹੁਤ ਸਾਰੇ ਹਾਜ਼ਰੀਨ ਨੇ ਵਿਚਾਰਾ ਦੀ ਸਾਂਝ ਪਾਈ।

ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਜਸਵੰਤ ਸਿੰਘ ਮਹਿਮੀ ਨੇ ਯਮਲਾ ਜੀ ਦੇ ਜ਼ਿੰਦਗੀ ਦੇ ਪੱਖ ਸਾਂਝੇ ਕਰਦੇ ਹੋਏ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ। ਜਦ ਕਿ ਜਗਤਾਰ ਸਿੰਘ ਗਿੱਲ ਨੇ ਵੀ ਸਹਾਇਕ ਸਟੇਜ ਹੋਸਟ ਵਜੋਂ ਹਾਜ਼ਰੀ ਲਵਾਈ। ਹਾਜ਼ਰੀਨ ਲਈ ਚਾਹ-ਪਕੌੜੇ ਆਦਿਕ ਦੇ ਲੰਗਰ ਖੁੱਲ੍ਹੇ ਚੱਲੇ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗੀਤ ਨਰਿੰਦਰ ਬੱਗਾ, ਅਮਰੀਕ ਮੀਕਾ ਅਤੇ ਸੰਨੀ ਐਂਡ ਪਾਰਟੀ ਵੱਲੋਂ ਦਿੱਤਾ ਗਿਆ। ਪੰਜਾਬੀ ਸੱਭਿਆਚਾਰ ਵਿੱਚ ਬਨੇਰਿਆਂ ਪਏ ਸਪੀਕਰਾਂ ਦੀ ਗੂੰਜ ਨੂੰ ਦੂਰ ਤੱਕ ਪਹੁੰਚਾਉਣ ਲਈ ਸੇਵਾਵਾਂ ਡੀ.ਜੇ. ਫੌਜੀ ਦੁਆਰਾ ਨਿਭਾਈਆਂ ਗਈਆਂ।

ਇਸ ਯਾਦਗਾਰੀ ਮੇਲੇ ਵਿੱਚ ਹਾਜ਼ਰ ਸਮੂੰਹ ਕਲਾਕਾਰਾਂ ਅਤੇ ਪ੍ਰਮੁਖ ਸਖਸੀਅਤਾਂ ਦਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ। ਮੇਲੇ ਦੀਆਂ ਯਾਦਾਂ ਨੂੰ ਕੈਮਰਾਬੰਧ ਕਰਨ ਲਈ ਵਿਸ਼ੇਸ਼ ਸੇਵਾਵਾਂ ਸ. ਸ਼ਿਆਰਾ ਸਿੰਘ ਢੀਂਡਸਾ "ਉਮਨੀ ਵੀਡੀਉ ਬੇਕਰਸਫੀਲਡ" ਨੇ ਨਿਭਾਈਆਂ। ਅੰਤ ਵਿੱਚ ਮੇਲੇ ਦੇ ਮੁੱਖ ਪ੍ਰਬੰਧਕ ਰਾਜਿੰਦਰ ਸਿੰਘ ਬਰਾੜ ਉਰਫ ਰਾਜ ਬਰਾੜ ਯਮਲੇ ਨੇ ਸਭ ਹਾਜ਼ਰੀਨ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਅਤੇ ਗੀਤਕਾਰੀ ਨੂੰ ਸਿੱਜਦਾ ਕਰਦੇ ਹੋਏ, ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਮੇਲਾ ਯਾਦਗਾਰੀ ਹੋ ਨਿਬੜਿਆ।

ਐੱਨ.ਸੀ.ਏ.ਆਈ.ਏ. ਦੇ ਸਲਾਨਾ ਸਮਾਗਮ 'ਚ ਮੇਨ ਸਟਰੀਮ ਪੰਜਾਬੀ ਮੀਡੀਆ ਦੇ ਉੱਘੇ ਜਰਨਲਿਸਟ ਤੇ ਟੀ.ਵੀ. ਪਰਸਨੈਲਿਟੀਸ ਡਾ. ਸੁਖਪਾਲ ਸਿੰਘ ਧਨੋਆ ਤੇ ਵਰਿੰਦਰ ਸਿੰਘ ਸਨਮਾਨਿਤ

ਭਾਰਤ ਦੇ 80ਵੇਂ ਤੇ ਅਮਰੀਕਾ ਦੇ 250ਵੇਂ ਦੇ ਅਜ਼ਾਦੀ ਦਿਹਾੜਿਆਂ 'ਤੇ ਕਰਵਾਇਆ ਗਿਆ ਸਮਾਗਮ

ਵਾਸ਼ਿੰਗਟਨ, (ਰਾਜ ਗੋਗਨਾ/ਸਾਡੇ ਲੋਕ) : ਐੱਨ.ਸੀ.ਏ.ਆਈ.ਏ (ਨੈਸ਼ਨਲ ਕੌਂਸਲ ਆਫ ਏਸ਼ੀਅਨ ਇੰਡੀਅਨ ਐਸੋਸੀਏਸ਼ਨ) ਵਲੋਂ ਵਿਕਰਮ ਮੋਰ ਪ੍ਰਧਾਨ ਤੇ ਚੇਅਰਮੈਨ ਅੰਜਨਾ ਬੋਰਡੋਲੋਏ ਦੀ ਅਗਵਾਈ 'ਚ ਸਿੱਖਸ ਆਫ ਅਮੈਰਿਕਾ ਅਤੇ ਗਲੋਬਲ ਹਰਿਆਣਾ ਦੇ ਸਹਿਯੋਗ ਨਾਲ ਭਾਰਤ ਦੇ 80ਵੇਂ ਤੇ ਅਮਰੀਕਾ ਦੇ 250ਵੇਂ ਅਜ਼ਾਦੀ ਦਿਹਾੜਿਆਂ ਨੂੰ ਸਮਰਪਿਤ ਸਲਾਨਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਅਮਰੀਕਾ 'ਚ ਮੀਡੀਆ ਖੇਤਰ 'ਚ ਅਹਿਮ ਪ੍ਰਾਪਤੀਆਂ ਕਰਨ ਵਾਲੇ ਦੋ ਜਰਨਾਲਿਸਟਾਂ ਡਾ. ਸੁਖਪਾਲ ਸਿੰਘ ਧਨੋਆ ਅਤੇ ਵਰਿੰਦਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇੱਥੇ ਜ਼ਿਕਰਯੋਗ ਹੈ ਕਿ ਇੱਕ ਮੋਹਰੀ ਸਮਾਜ ਸੇਵੀ ਆਗੂ, ਸੰਪਾਦਕ, ਲੇਖਕ ਅਤੇ ਪੱਤਰਕਾਰ ਡਾ. ਸੁਖਪਾਲ ਸਿੰਘ ਧਨੋਆ ਪੰਜਾਬੀ ਅਤੇ ਸਿੱਖ ਡਾਇਸਪੋਰਾ ਲਈ ਅਮਰੀਕਾ ਵਿਚ ਇਕ ਆਵਾਜ਼ ਵਜੋਂ ਜਾਣੇ ਜਾਂਦੇ ਹਨ। ਇਹ ਸਾਡੇ ਲਈ ਮਾਣ ਦੀ ਗੱਲ ਹੈ ਕਿ ਅਸੀਂ ਵਾਸ਼ਿੰਗਟਨ, ਡੀ.ਸੀ. ਵਿੱਚ ਇੱਕ ਪ੍ਰਸਿੱਧ ਪੱਤਰਕਾਰ, ਵਿਦਵਾਨ, ਡਿਜੀਟਲਾਈਜ਼ੇਸ਼ਨ ਮਾਹਿਰ ਡਾ. ਸੁਖਪਾਲ ਸਿੰਘ ਧਨੋਆ ਨਾਲ ਵਿਚਰਦੇ ਹਾਂ। ਉਹਨਾਂ ਨੇ ਪੰਜਾਬੀ ਲੋਕਧਾਰਾ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕਰਕੇ ਭਾਈਚਾਰਕ ਸੇਵਾ ਵਿੱਚ ਸ਼ਾਨਦਾਰ ਯੋਗਦਾਨ ਪਾਇਆ ਹੈ। 2003 ਵਿੱਚ, ਉਹਨਾਂ

ਨੇ 'ਪੰਜਾਬ ਪੋਸਟ' ਅਖਬਾਰ ਦੀ ਸਥਾਪਨਾ ਕੀਤੀ ਤੇ 'ਇੰਡੀਆ ਅਬਰੌਡ' ਅਖਬਾਰਾਂ ਦੀ ਸੰਪਾਦਕੀ ਕਰ ਕੇ ਪੰਜਾਬੀ ਅਤੇ ਸਿੱਖ ਡਾਇਸਪੋਰਾ ਸਥਾਪਤ ਕੀਤਾ। ਅਮਰੀਕੀ ਰਾਸ਼ਟਰਪਤੀ ਦੇ ਰਾਸ਼ਟਰਪਤੀ ਭਵਨ ਨੂੰ ਕਵਰ ਕਰਨ ਲਈ ਇੱਕ ਡਿਜੀਟਲ ਪਲੇਟਫ਼ਾਰਮ ਵੀ ਬਣਾਇਆ। ਉਹਨਾਂ ਨੇ ਪੀ.ਟੀ.ਸੀ. ਚੈਨਲ ਲਈ ਵੀ ਅਮਰੀਕਾ ਤੋਂ ਬਿਓਰੋ ਚੀਫ਼ ਵਜੋਂ ਸੇਵਾਵਾਂ ਨਿਭਾਈਆਂ।

ਵਰਿੰਦਰ ਸਿੰਘ ਸੀ.ਐੱਨ.ਸੀ. ਅਤੇ ਨਿਊਜ਼ ਇੰਡੀਆ ਦੇ ਵਾਸ਼ਿੰਗਟਨ, ਡੀ.ਸੀ. ਨੌਜਵਾਨ ਬਿਊਰੋ ਚੀਫ਼ ਵਜੋਂ ਸੇਵਾ ਨਿਭਾਉਂਦੇ ਹਨ। ਸੀ.ਐੱਨ.ਸੀ. ਨਿਊਜ਼ ਇੰਡੀਆ ਅਤੇ ਅਮੇਜ਼ਿੰਗ ਟੀ.ਵੀ. ਰਾਹੀਂ, ਉਹ ਸੰਯੁਕਤ ਰਾਜ, ਭਾਰਤ ਅਤੇ ਯੂਰਪ ਭਰ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖ਼ਬਰਾਂ ਨੂੰ ਕਵਰ ਕਰਦੇ ਹਨ, ਖਾਸ ਤੌਰ 'ਤੇ ਅਮਰੀਕੀ ਰਾਜਨੀਤੀ ਅਤੇ ਭਾਰਤੀ ਅਮਰੀਕੀ ਭਾਈਚਾਰਿਆਂ ਵੱਲ ਧਿਆਨ ਦਿੰਦੇ ਹੋਏ। ਉਨ੍ਹਾਂ ਦੀ ਰਿਪੋਰਟਿੰਗ ਵਿੱਚ ਵਾਸ਼ਿੰਗਟਨ, ਡੀ.ਸੀ. ਅਤੇ ਨਿਊਯਾਰਕ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸੰਯੁਕਤ ਰਾਸ਼ਟਰ ਦੇ ਸਮਾਗਮਾਂ ਅਤੇ ਡੋਨਾਲਡ ਟਰੰਪ ਅਤੇ ਜੋਅ ਬਿਡੇਨ ਨਾਲ ਸਬੰਧਤ ਅਮਰੀਕੀ ਰਾਸ਼ਟਰਪਤੀ ਚੋਣਾਂ ਦੀ ਕਵਰੇਜ ਸ਼ਾਮਲ ਹੈ। ਭਾਰਤ ਵਿੱਚ, ਉਨਾਂ ਨੇ ਗੁਜਰਾਤ ਅਤੇ ਪੰਜਾਬ ਵਿੱਚ ਰਾਸ਼ਟਰੀ ਸੰਸਦੀ ਚੋਣਾਂ ਅਤੇ ਸੂਬਾਈ ਚੋਣਾਂ ਨੂੰ ਕਵਰ ਕੀਤਾ ਹੈ। ਰਾਜਨੀਤਿਕ ਰਿਪੋਰਟਿੰਗ ਦੇ ਨਾਲ, ਉਹ ਸੱਭਿਆਚਾਰਕ ਸਮਾਗਮਾਂ, ਭਾਈਚਾਰਕ ਪ੍ਰਾਪਤੀਆਂ, ਮਾਨਵਤਾਵਾਦੀ ਪਹਿਲਕਦਮੀਆਂ ਅਤੇ ਜਨਤਕ-ਸੇਵਾ ਸਮਾਗਮਾਂ ਨੂੰ ਕਵਰ ਕਰਦੇ ਹਨ। ਇੰਟਰਵਿਊਆਂ, ਖ਼ਬਰਾਂ ਦੀਆਂ ਰਿਪੋਰਟਾਂ ਅਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਡਿਜੀਟਲ ਸਮੱਗਰੀ ਰਾਹੀਂ, ਉਨਾਂ ਦਾ ਕੰਮ ਦਰਸ਼ਕਾਂ/ਪਾਠਕਾਂ ਨੂੰ ਸੂਚਿਤ ਕਰਨਾ ਅਤੇ ਭਾਈਚਾਰਿਆਂ ਵਿੱਚ ਸਮਝ ਨੂੰ ਮਜ਼ਬੂਤ ਕਰਨਾ ਹੈ। ਵਰਿੰਦਰ ਸਿੰਘ ਨੇ ਪਿਛਲੇ 30 ਦਿਨਾਂ ਵਿੱਚ ਇੱਕ ਸੋਸ਼ਲ ਮੀਡੀਆ ਖਾਤੇ 'ਤੇ 2.2 ਮਿਲੀਅਨ ਵਿਊਜ਼ ਹਾਸਲ ਕੀਤੇ ਹਨ, ਜੋ ਉਨਾਂ ਦੇ ਡਿਜੀਟਲ ਮੀਡੀਆ ਕੰਮ ਪ੍ਰਤੀ ਦਰਸ਼ਕਾਂ ਦੇ ਹੁੰਗਾਰੇ ਨੂੰ ਦਰਸਾਉਂਦਾ ਹੈ। ਇਸ ਸਮਾਗਮ ਵਿਚ ਵਰਜ਼ੀਨੀਆ ਤੋਂ ਕਾਂਗਰਸਮੈਨ ਸੁਹਾਸ ਸੁਬਰਾਮਨੀਅਮ ਅਤੇ ਮੈਰੀਲੈਂਡ ਰਾਜ ਵਿੱਚ ਜਨਰਲ ਸਰਵਿਸਿਜ਼ ਦੇ ਸੈਕਟਰੀ ਆਤਿਫ਼ ਚੌਧਰੀ ਤੋਂ ਇਲਾਵਾ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਭਾਰਤੀ ਅੰਬੈਸੀ ਵਾਸ਼ਿੰਗਟਨ ਡੀ.ਸੀ. ਵਲੋਂ ਕਰਨ ਸਿੰਘ ਬੰਗਾਰੀ ਫਸਟ ਸੈਕਟਰੀ ਨੇ ਹਾਜ਼ਰੀ ਲੁਆਈ।

ਇਸ ਮੌਕੇ ਸੰਬੋਧਨ ਕਰਦਿਆਂ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਡਾ. ਸੁਖਪਾਲ ਸਿੰਘ ਧਨੋਆ ਅਤੇ ਵਰਿੰਦਰ ਸਿੰਘ ਨੇ ਪੰਜਾਬੀ ਪੱਤਰਕਾਰਤਾ ਦੇ ਖੇਤਰ ਵਿਚ ਅਮਰੀਕਾ 'ਚ ਵਿਲੱਖਣ ਪੈੜਾਂ ਪਾਈਆਂ ਹਨ। ਉਨ੍ਹਾਂ ਨੇ ਪੰਜਾਬੀ ਭਾਈਚਾਰੇ ਦੀ ਆਵਾਜ਼ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਇਆ ਹੈ। ਉਹਨਾਂ ਦਾ ਸਨਮਾਨ ਕਰ ਕੇ ਐੱਨ.ਸੀ.ਏ.ਆਈ.ਏ. ਪੰਜਾਬੀ ਪੱਤਰਕਾਰਤਾ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਮੈਂ ਇਸ ਖੁਸ਼ੀ ਵਾਲੇ ਮੌਕੇ 'ਤੇ ਦੋਵਾਂ ਪੱਤਰਕਾਰਾਂ ਨੂੰ ਇਸ ਮੌਕੇ 'ਤੇ ਵਧਾਈ ਪੇਸ਼ ਕਰਦਾ ਹਾਂ। ਸਮਾਗਮ ਦੌਰਾਨ ਭੰਗੜਾ, ਸਾਊਥ ਇੰਡੀਅਨ ਡਾਂਸ, ਅਸਾਮੀ ਡਾਂਸ ਆਦਿ ਪੇਸ਼ਕਾਰੀਆਂ ਵੀ ਦਿੱਤੀਆਂ ਗਈਆਂ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜਸਵਿੰਦਰ ਸਿੰਘ ਅਤੇ ਸਵਾਤੀ ਸ਼ਰਮਾ ਨੇ ਬਾਖੂਬੀ ਨਿਭਾਈ।

ਅਮਰੀਕਾ 'ਚ ਪਾਕਿਸਤਾਨੀ ਨਾਗਰਿਕ ਨੂੰ 14 ਸਾਲ ਦੀ ਕੈਦ; ਹੋਵੇਗਾ ਡਿਪੋਰਟ

ਵਾਸ਼ਿੰਗਟਨ : ਅਮਰੀਕਾ ਦੇ ਜਾਰਜੀਆ ਰਾਜ ਵਿੱਚ 52 ਸਾਲਾ ਪਾਕਿਸਤਾਨੀ ਨਾਗਰਿਕ ਨੂੰ ਧੋਖਾਧੜੀ ਦੀ ਸਾਜਿਸ਼ ਵਿਚ ਸ਼ਾਮਲ ਹੋਣ ਕਾਰਨ 14 ਸਾਲ (168 ਮਹੀਨੇ) ਦੀ ਫੈਡਰਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ । ਉਸ ਨੂੰ ਇਹ ਸਜ਼ਾ ਇੱਕ ਬਜ਼ੁਰਗ ਵਿਅਕਤੀ ਨਾਲ ਧੋਖਾਧੜੀ ਕਰਨ ਅਤੇ ਲੱਖਾਂ ਡਾਲਰ ਦੇ ਸੋਨੇ ਦੀਆਂ ਇੱਟਾਂ ਤੇ ਨਕਦੀ ਠੱਗਣ ਦੇ ਮਾਮਲੇ ਵਿੱਚ ਸੁਣਾਈ ਗਈ। ਅਦਾਲਤ ਨੇ ਉਸ ਨੂੰ ਪੀੜਤ ਨੂੰ 8,86,799.84 ਡਾਲਰ (ਲਗਭਗ 8.86 ਲੱਖ ਡਾਲਰ) ਦਾ ਭੁਗਤਾਨ ਕਰਨ ਦਾ ਵੀ ਹੁਕਮ ਦਿੱਤਾ ਹੈ।

ਜਾਰਜੀਆ ਦੇ ਡਿਕੇਟਰ ਦੇ ਰਹਿਣ ਵਾਲੇ ਦੋਸ਼ੀ ਜਾਵੇਦ ਆਸ਼ਿਕ ਨੇ ਫੈਡਰਲ ਅਦਾਲਤ ਵਿੱਚ ਵਾਇਰ ਫਰਾਡ ਸਾਜ਼ਿਸ਼ ਰਚਣ ਦਾ ਦੋਸ਼ ਕਬੂਲ ਕੀਤਾ ਸੀ। ਅਮਰੀਕੀ ਜ਼ਿਲ੍ਹਾ ਜੱਜ ਡਡਲੀ ਐੱਚ. ਬੋਵਨ ਨੇ ਸਜ਼ਾ ਪੂਰੀ ਹੋਣ ਤੋਂ ਬਾਅਦ ਤਿੰਨ ਸਾਲਾਂ ਦੀ ਨਿਗਰਾਨੀ ਹੇਠ ਰਿਹਾਈ ਦੀ ਸਜ਼ਾ ਵੀ ਲਗਾਈ। ਫੈਡਰਲ ਸਰਕਾਰੀ ਵਕੀਲਾਂ ਅਨੁਸਾਰ ਸਜ਼ਾ ਪੂਰੀ ਕਰਨ ਤੋਂ ਬਾਅਦ ਜਾਵੇਦ ਆਸ਼ਿਕ ਨੂੰ ਦੇਸ਼ ਨਿਕਾਲਾ ਦੇ ਕੇ ਪਾਕਿਸਤਾਨ ਭੇਜ ਦਿੱਤਾ ਜਾਵੇਗਾ। ਫੈਡਰਲ ਜੇਲ੍ਹ ਪ੍ਰਣਾਲੀ ਵਿੱਚ ਪੈਰੋਲ ਦੀ ਕੋਈ ਵਿਵਸਥਾ ਨਹੀਂ ਹੈ।

ਅਦਾਲਤੀ ਦਸਤਾਵੇਜ਼ਾਂ ਅਨੁਸਾਰ ਜਾਵੇਦ ਆਸ਼ਿਕ ਨੇ ਜੁਲਾਈ ਅਤੇ ਅਗਸਤ 2024 ਦਰਮਿਆਨ ਇੱਕ ਅਪਰਾਧਿਕ ਗਿਰੋਹ ਲਈ ਕੂਰੀਅਰ ਵਜੋਂ ਕੰਮ ਕੀਤਾ। ਇਸ ਗਿਰੋਹ ਦੇ ਮੈਂਬਰਾਂ ਨੇ ਅਮਰੀਕੀ ਸਰਕਾਰੀ ਏਜੰਸੀ 'ਫੈਡਰਲ ਟਰੇਡ ਕਮਿਸ਼ਨ' (FTC) ਦੇ ਅਧਿਕਾਰੀ ਬਣ ਕੇ ਬਜ਼ੁਰਗ ਪੀੜਤ ਨੂੰ ਗੁੰਮਰਾਹ ਕੀਤਾ ਕਿ ਉਸ ਦੀ ਪਛਾਣ ਚੋਰੀ ਹੋ ਚੁੱਕੀ ਹੈ ਅਤੇ ਉਸ ਦੀ ਵਰਤੋਂ ਗੈਰ-ਕਾਨੂੰਨੀ ਕੰਮਾਂ ਲਈ ਕੀਤੀ ਜਾ ਰਹੀ ਹੈ। ਠੱਗਾਂ ਨੇ ਪੀੜਤ ਨੂੰ ਉਸ ਦੀ ਜਾਇਦਾਦ ਸੁਰੱਖਿਅਤ ਰੱਖਣ ਦਾ ਝਾਂਸਾ ਦੇ ਕੇ ਕ੍ਰਿਪਟੋਕਰੰਸੀ ਅਤੇ ਸੋਨਾ ਖਰੀਦਣ ਲਈ ਰਾਜ਼ੀ ਕੀਤਾ। ਜਦੋਂ ਪੀੜਤ ਨੇ ਖਰੀਦਦਾਰੀ ਕੀਤੀ, ਤਾਂ ਆਸ਼ਿਕ ਨੇ ਉਸ ਤੋਂ ਸੋਨੇ ਦੀਆਂ ਇੱਟਾਂ ਅਤੇ ਨਕਦੀ ਇਕੱਠੀ ਕਰ ਕੇ ਆਪਣੇ ਸਾਥੀਆਂ ਤੱਕ ਪਹੁੰਚਾਈ।

ਅਮਰੀਕੀ ਅਟਾਰਨੀ ਮਾਰਗਰੇਟ ਈ. 'ਮੈਗ' ਹੀਪ ਨੇ ਕਿਹਾ ਕਿ ਇਹ ਮਾਮਲਾ ਦਰਸਾਉਂਦਾ ਹੈ ਕਿ ਠੱਗ ਬਜ਼ੁਰਗ ਨਾਗਰਿਕਾਂ ਦਾ ਸ਼ੋਸ਼ਣ ਕਰਨ ਲਈ ਉਨ੍ਹਾਂ ਏਜੰਸੀਆਂ ਦਾ ਰੂਪ ਧਾਰਦੇ ਹਨ ਜੋ ਉਨ੍ਹਾਂ ਦੀ ਸੁਰੱਖਿਆ ਲਈ ਬਣੀਆਂ ਹਨ। ਐੱਫ.ਬੀ.ਆਈ. ਦੇ ਅਟਲਾਂਟਾ ਦਫ਼ਤਰ ਦੇ ਸੁਪਰਵਾਈਜ਼ਰੀ ਸੀਨੀਅਰ ਰੈਜ਼ੀਡੈਂਟ ਏਜੰਟ ਮੈਥਿਊ ਪਲੋਸਕੁਨੈਕ ਨੇ ਕਿਹਾ ਕਿ ਧੋਖਾਧੜੀ ਅਤੇ ਝੂਠੇ ਬਹਾਨਿਆਂ ਰਾਹੀਂ ਬਜ਼ੁਰਗ ਪੀੜਤ ਦੀ ਉਮਰ ਭਰ ਦੀ ਕਮਾਈ ਠੱਗਣਾ ਇੱਕ ਬੇਹੱਦ ਨਿੰਦਣਯੋਗ ਅਪਰਾਧ ਹੈ।

ਸਿਆਸੀ ਮਾਹੌਲ ਵਿਚ ਗਰਮਾਹਟ

ਇਸ ਸਮੇਂ ਗੰਭੀਰ ਵੋਟ ਪ੍ਰਕਿਰਿਆ ਨੂੰ ਲੈ ਕੇ ਦਿੱਲੀ ਵਿਚ ਇਕ ਘਮਸਾਣ ਮਚਿਆ ਨਜ਼ਰ ਆਉਂਦਾ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਕੇਂਦਰੀ ਪ੍ਰਸ਼ਾਸਨ ਵਲੋਂ ਇਸ ਵਾਰ ਜੰਤਰ-ਮੰਤਰ ਵਿਖੇ ਵਿਰੋਧ ਪ੍ਰਗਟਾਅ ਰਹੀਆਂ ਪਾਰਟੀਆਂ ਅਤੇ ਸੰਗਠਨਾਂ ਨੂੰ ਇਕੱਠਾ ਨਹੀਂ ਹੋਣ ਦਿੱਤਾ ਗਿਆ। ਮੈਟਰੋ ਸਟੇਸ਼ਨਾਂ ਦਾ ਬੰਦ ਹੋਣਾ, ਆਵਾਜਾਈ ਸਾਧਨਾਂ ਵਿਚ ਵੱਡੀ ਰੁਕਾਵਟ ਅਤੇ ਵੱਡੀ ਗਿਣਤੀ ਵਿਚ ਪੁਲਿਸ ਦੀ ਤਾਇਨਾਤੀ ਨੇ ਵਿਰੋਧੀ ਦਲਾਂ ਦੇ ਹਮਾਇਤੀਆਂ ਨੂੰ ਇਕੱਠਾ ਨਹੀਂ ਹੋਣ ਦਿੱਤਾ। ਕਾਕਰੋਚ ਜਨਤਾ ਪਾਰਟੀ ਦੇ ਆਗੂਆਂ ਨੇ ਵੀ ਇਸ ਮਸਲੇ 'ਤੇ ਦਿੱਲੀ ਵਿਚ ਇਕੱਠੇ ਹੋ ਕੇ ਅੰਦੋਲਨ ਕਰਨ ਦੀ ਗੁਹਾਰ ਲਗਾਈ ਸੀ। ਇਸ ਤੋਂ ਪਹਿਲਾਂ ਕਾਕਰੋਚ ਪਾਰਟੀ ਨੇ ਜੁਲਾਈ ਦੇ ਮਹੀਨੇ ਵਿਚ ਜੰਤਰ-ਮੰਤਰ ਵਿਖੇ ਲੰਮਾ ਅੰਦੋਲਨ ਜਾਰੀ ਰੱਖਿਆ ਸੀ। 20 ਜੁਲਾਈ ਨੂੰ ਸੰਸਦ ਵੱਲ ਕੂਚ ਕਰਨ 'ਤੇ ਵੱਡੇ ਝਗੜੇ ਹੋਏ ਸਨ, ਜਿਨ੍ਹਾਂ ਵਿਚ ਅੰਦੋਲਨਕਾਰੀ ਅਤੇ ਪੁਲਿਸ ਕਰਮੀ ਸਖ਼ਤ ਫੱਟੜ ਹੋਏ ਸਨ। ਇਸ ਸੰਬੰਧੀ ਅਨੇਕਾਂ ਤਰ੍ਹਾਂ ਦੀਆਂ ਪਟੀਸ਼ਨਾਂ ਸੁਪਰੀਮ ਕੋਰਟ ਵਿਚ ਦਾਖ਼ਲ ਹਨ, ਜਿਨ੍ਹਾਂ ਦੀ ਸੁਣਵਾਈ ਵੀ ਜਾਰੀ ਹੈ।

ਇਸ ਵਾਰ ਸਰਕਾਰ ਕਾਕਰੋਚ ਜਨਤਾ ਪਾਰਟੀ ਨੂੰ ਇਕੱਠੇ ਹੋਣ ਦਾ ਮੌਕਾ ਨਹੀਂ ਸੀ ਦੇਣਾ ਚਾਹੁੰਦੀ, ਜਿਸ ਵਿਚ ਉਹ ਵੱਡੀ ਹੱਦ ਤੱਕ ਸਫ਼ਲ ਹੋਈ ਹੈ। ਚਾਹੇ ਰਾਹੁਲ ਗਾਂਧੀ ਦੀ ਅਗਵਾਈ ਵਿਚ ਤ੍ਰਿਣਮੂਲ ਕਾਂਗਰਸ, ਸਮਾਜਵਾਦੀ ਪਾਰਟੀ ਅਤੇ ਕੁਝ ਹੋਰ ਆਗੂਆਂ ਨੂੰ ਨਾਲ ਲੈ ਕੇ ਦਿੱਲੀ ਵਿਚ ਜੋ ਮੁਜ਼ਾਹਰੇ ਕੀਤੇ ਸਨ, ਉਨ੍ਹਾਂ ਵਿਚ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਹਟਾਉਣਾ, ਗਹਿਰੀ ਸੁਧਾਈ ਦੇ ਅਮਲ ਨੂੰ ਰੋਕਣ ਦੀ ਮੰਗ ਅਤੇ ਵੋਟ ਚੋਰੀ ਰੋਕਣਾ ਸ਼ਾਮਿਲ ਸੀ। ਵੋਟ ਚੋਰੀ ਦਾ ਮੁੱਦਾ ਪਿਛਲੇ ਲੰਮੇ ਸਮੇਂ ਤੋਂ ਰਾਹੁਲ ਗਾਂਧੀ ਦਾ ਪਹਿਲਾ ਸਿਆਸੀ ਮੁੱਦਾ ਬਣਿਆ ਰਿਹਾ ਹੈ, ਜਿਸ ਸੰਬੰਧੀ ਉਸ ਨੇ ਕਾਂਗਰਸ ਪਾਰਟੀ ਨੂੰ ਸਮੇਂ-ਸਮੇਂ ਸਾਰੇ ਦੇਸ਼ ਵਿਚ ਅੰਦੋਲਨ ਕਰਨ ਅਤੇ ਦੂਜੀਆਂ ਪਾਰਟੀਆਂ ਨੂੰ ਨਾਲ ਲੈ ਕੇ, ਇਸ ਵਿਰੁੱਧ ਲਲਕਾਰ ਦੀ ਗੁਹਾਰ ਲਗਾਈ ਰੱਖੀ ਅਤੇ ਬਿਜਲਈ ਮਸ਼ੀਨਾਂ ਨੂੰ ਦੋਸ਼ਪੂਰਨ ਸਾਬਿਤ ਕਰਨ ਦਾ ਪੂਰਾ ਯਤਨ ਕੀਤਾ ਪਰ ਉਹ ਇਸ ਸੰਬੰਧੀ ਹੁਣ ਤੱਕ ਕੋਈ ਪੱਕੇ ਸਬੂਤ ਦੇਣ ਵਿਚ ਅਸਮਰੱਥ ਰਿਹਾ ਹੈ। ਰਾਸ਼ਟਰਪਤੀ ਨੇ ਵੀ ਵੋਟ ਚੋਰੀ ਦੇ ਮਾਮਲੇ ਵਿਚ ਰਾਹੁਲ ਅਤੇ ਉਸ ਨਾਲ ਮਿਲਣ ਗਏ ਆਗੂਆਂ ਨੂੰ ਕੋਈ ਪੱਕੇ ਸਬੂਤ ਲਿਖਤੀ ਰੂਪ 'ਚ ਦੇਣ ਦੀ ਗੱਲ ਕੀਤੀ, ਜੋ ਪਿਛਲੇ ਲੰਮੇ ਸਮੇਂ ਦੇ ਹੱਲੇ-ਗੁੱਲੇ ਦੇ ਬਾਵਜੂਦ ਰਾਹੁਲ ਅਤੇ ਉਸ ਦੇ ਸਾਥੀ ਸੁਪਰੀਮ ਕੋਰਟ ਜਾਂ ਚੋਣ ਕਮਿਸ਼ਨ ਅਤੇ ਹੁਣ ਰਾਸ਼ਟਰਪਤੀ ਨੂੰ ਦੇਣ ਵਿਚ ਅਸਫ਼ਲ ਰਹੇ ਪਰ ਅਜਿਹਾ ਨਾ ਕਰਨ ਦੀ ਸੂਰਤ ਵਿਚ ਵੀ ਰਾਹੁਲ ਦਾ ਹੁਣ ਤੱਕ ਇਹ ਰਾਗ ਜਾਰੀ ਹੈ ਅਤੇ ਇਸ ਸੰਬੰਧੀ ਉਹ ਮਹੀਨਿਆਂ ਤੱਕ ਲਗਾਤਾਰ ਲੜਾਈ ਜਾਰੀ ਰੱਖਣ ਦੀ ਗੱਲ ਕਰ ਰਿਹਾ ਹੈ। ਜਿੱਥੋਂ ਤੱਕ ਮੁੱਖ ਚੋਣ ਕਮਿਸ਼ਨਰ ਦਾ ਸੰਬੰਧ ਹੈ, ਉਸ 'ਤੇ ਚੋਣ ਸੁਧਾਈ ਸੰਬੰਧੀ ਪ੍ਰਕਿਰਿਆ ਨੂੰ ਬੇਹੱਦ ਗੁੰਝਲਦਾਰ ਬਣਾਉਣ ਅਤੇ ਇਸ ਕਾਰਨ ਦੇਸ਼ ਵਿਚ ਕਰੋੜਾਂ ਹੀ ਵੋਟਰਾਂ ਨੂੰ ਸੂਚੀਆਂ ਵਿਚੋਂ ਬਾਹਰ ਕੱਢਣ ਸੰਬੰਧੀ ਸਖ਼ਤ ਆਲੋਚਨਾ ਵੀ ਸਹਿਣੀ ਪਈ ਹੈ। ਸਰਬਉੱਚ ਅਦਾਲਤ ਵੀ ਇਸ ਸੰਬੰਧੀ ਅਨੇਕਾਂ ਕੇਸਾਂ ਦੀ ਸੁਣਵਾਈ ਕਰ ਰਹੀ ਹੈ, ਪਰ ਜਿਸ ਤਰ੍ਹਾਂ ਵਿਰੋਧੀ ਪਾਰਟੀਆਂ ਨੇ ਮੁੱਖ ਚੋਣ ਕਮਿਸ਼ਨਰ ਨੂੰ ਹਟਾਉਣ, ਵਿਸ਼ੇਸ਼ ਸੂਚੀਆਂ ਦੇ ਅਮਲ ਨੂੰ ਰੋਕਣ ਅਤੇ ਬਿਜਲਈ ਮਸ਼ੀਨਾਂ ਰਾਹੀਂ ਵੋਟ ਚੋਰੀ ਕਰਨ ਦੇ ਇਲਜ਼ਾਮ ਲਗਾਏ ਹਨ, ਉਸ ਨਾਲ ਵਿਰੋਧੀ ਪਾਰਟੀਆਂ ਅਤੇ ਸਰਕਾਰ ਵਿਚ ਸਖ਼ਤ ਟੱਕਰ ਹੋ ਰਹੀ ਹੈ, ਜਿਸ ਦੇ ਵਧਣ ਦੀ ਸੰਭਾਵਨਾ ਵੀ ਬਣੀ ਹੋਈ ਹੈ। ਰਾਹੁਲ ਅਤੇ ਉਸ ਦੇ ਸਾਥੀਆਂ ਵਲੋਂ ਚੋਣ ਕਮਿਸ਼ਨ ਦੇ ਭਾਜਪਾ ਨਾਲ ਰਲ ਕੇ ਹੇਰਾ-ਫੇਰੀਆਂ ਕਰਨ ਦੇ ਇਲਜ਼ਾਮਾਂ ਸੰਬੰਧੀ ਦੋਹਾਂ ਹੀ ਧਿਰਾਂ ਨੇ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ, ਜੋ ਦੇਸ਼ ਦੀ ਸਿਆਸਤ ਨੂੰ ਸਖ਼ਤ ਟਕਰਾਅ ਵੱਲ ਧੱਕਦਾ ਨਜ਼ਰ ਆ ਰਿਹਾ ਹੈ।

ਅਸੀਂ ਪਹਿਲਾਂ ਵੀ ਅਤੇ ਹੁਣ ਵੀ ਇਸ ਗੱਲ ਦੇ ਹਮਾਇਤੀ ਰਹੇ ਹਾਂ ਕਿ ਅਜਿਹੇ ਮਸਲੇ ਠੋਸ ਸਬੂਤਾਂ ਅਤੇ ਪੁਖ਼ਤਾ ਤੱਥਾਂ ਦੇ ਆਧਾਰ 'ਤੇ ਵਿਚਾਰੇ ਜਾਣੇ ਜ਼ਰੂਰੀ ਹਨ। ਇਸ ਲਈ ਦੇਸ਼ ਦੀ ਸਰਬਉੱਚ ਅਦਾਲਤ ਹੀ ਸਮੁੱਚੇ ਵਿਸਥਾਰ ਤੋਂ ਬਾਅਦ ਕਿਸੇ ਨਤੀਜੇ 'ਤੇ ਪੁੱਜ ਸਕਦੀ ਹੈ। ਪਰ ਬਣ ਚੁੱਕਾ ਅਜਿਹਾ ਮਾਹੌਲ ਹਾਲੇ ਸਰਬਉੱਚ ਅਦਾਲਤ ਦੇ ਫ਼ੈਸਲਿਆਂ ਦਾ ਇੰਤਜ਼ਾਰ ਕਰਨ ਤੋਂ ਹਿਚਕਿਚਾ ਵੀ ਰਿਹਾ ਹੈ ਅਤੇ ਉਸ ਵੱਲ ਸ਼ੱਕ ਦੀਆਂ ਉਂਗਲਾਂ ਵੀ ਉਠਾ ਰਿਹਾ ਹੈ। ਬਿਨਾਂ ਸ਼ੱਕ ਅਜਿਹਾ ਟਕਰਾਅ ਲੋਕਤੰਤਰ ਲਈ ਵੱਡਾ ਖ਼ਤਰਾ ਬਣਿਆ ਨਜ਼ਰ ਆਉਂਦਾ ਹੈ, ਜਿਸ ਦਾ ਹੱਲ ਸਾਰੀਆਂ ਧਿਰਾਂ ਵਲੋਂ ਕੁਝ ਮਸਲਿਆਂ 'ਤੇ ਸੁਪਰੀਮ ਕੋਰਟ ਅੱਗੇ ਪਟੀਸ਼ਨ ਪਾ ਕੇ ਉਸ ਦੇ ਫ਼ੈਸਲੇ ਦਾ ਇੰਤਜ਼ਾਰ ਕਰਨਾ ਹੀ ਕਿਹਾ ਜਾ ਸਕਦਾ ਹੈ। ਟਕਰਾਅ ਦੀ ਸਿਆਸਤ ਜਿੱਥੇ ਦੇਸ਼ ਦੇ ਵਿਕਾਸ ਨੂੰ ਬ੍ਰੇਕਾਂ ਲਗਾਏਗੀ, ਉਥੇ ਸਥਿਤੀ ਨੂੰ ਹੋਰ ਵੀ ਗੰਭੀਰ ਅਤੇ ਬੇਹੱਦ ਉਲਝਣ ਭਰੀ ਬਣਾਉਣ ਵਿਚ ਹੀ ਸਹਾਈ ਹੋਵੇਗੀ।

ਜਮਹੂਰੀਅਤ ਨੂੰ ਬਚਾਉਣ ਦਾ ਮੌਕਾ

ਕੌਕਰੋਚ ਜਨਤਾ ਪਾਰਟੀ, ਵਿਦਿਆਰਥੀ ਜਥੇਬੰਦੀਆਂ, ਸਿਵਲ ਸੁਸਾਇਟੀ, ਵਕੀਲਾਂ ਅਤੇ ਹੋਰ ਇਨਸਾਫ ਪਸੰਦ ਲੋਕਾਂ ਵੱਲੋਂ ਦਸ ਅਕਤੂਬਰ ਨੂੰ ਜੰਤਰ ਮੰਤਰ ਉੱਤੇ ਪੁਰਅਮਨ ਇਕੱਠ ਕਰਨ ਦੇ ਸੱਦੇ ਤੋਂ ਘਬਰਾ ਕੇ ਜਿਵੇਂ ਕੇਂਦਰ ਸਰਕਾਰ ਨੇ ਮੋਰਚਾਬੰਦੀ ਕਰਕੇ ਵਿਰੋਧ ਦੀ ਆਵਾਜ਼ ਨੂੰ ਕੁਚਲਣ ਦਾ ਯਤਨ ਕੀਤਾ ਹੈ, ਉਹ ਸਭ ਦੇ ਸਾਹਮਣੇ ਹੈ। ਸਭ ਪੇਸ਼ਬੰਦੀਆਂ ਦੇ ਬਾਵਜੂਦ 7000 ਗ੍ਰਿਫਤਾਰੀਆਂ ਫਿਰ ਤੁਰੰਤ ਰਿਹਾਈ, ਪ੍ਰਦਰਸ਼ਨ ਕੁਚਲਣ ਦੀਆਂ ਖ਼ੌਫਨਾਕ ਵੀਡੀਓਜ਼, ਵਿਸ਼ਵ ਪੱਧਰ ਉੱਤੇ ਹੋਈ ਆਲੋਚਨਾ, ਜ਼ੈੱਨ. ਜੀ ਦੇ ਬੁਲੰਦ ਹੌਸਲੇ, ਸੁਪਰੀਮ ਕੋਰਟ ਦੀ ਝਾੜ-ਝੰਬ ਆਦਿ ਸਾਬਤ ਕਰਦੀਆਂ ਕਿ ਰੋਸ ਪ੍ਰਦਰਸ਼ਨ ਸਫ਼ਲ ਰਿਹਾ। 'ਮੁੱਖ ਚੋਣ ਕਮਿਸ਼ਨਰ' ਗਿਆਨੇਸ਼ ਕੁਮਾਰ ਦੇ ਰਾਹੀਂ ਵਿਰੋਧੀ ਧਿਰਾਂ ਦੀਆਂ ਵੋਟਾਂ ਕੱਟ ਕੇ ਚੋਣ ਜਿੱਤਣ ਵਾਲੀ ਗੱਲ ਵਿਰੁੱਧ ਲੜਾਈ ਪ੍ਰਚੰਡ ਹੋਣ ਵੱਲ ਵਧ ਗਈ ਹੈ ਕਿਉਂਕਿ ਇਕ ਦਿਨ ਬਾਦ ਹੀ 12 ਅਕਤੂਬਰ ਨੂੰ ਤਕਰੀਬਨ ਸਾਰੀਆਂ ਵਿਰੋਧੀ ਪਾਰਟੀਆਂ ਵੱਲੋਂ 'ਸ਼ਿਵ ਜੀ ਦੀ ਬਾਰਾਤ' ਵਰਗਾ ਸਾਂਝਾ ਨਾਮ ਦੇ ਕੇ ਸੁਪਰੀਮ ਕੋਰਟ ਤਕ ਕੀਤਾ ਭਰਵਾਂ ਜੋਸ਼ੀਲਾ ਸਫ਼ਲ ਮਾਰਚ ਅਤੇ ਵੋਟਾਂ ਕੱਟੇ ਜਾਣ ਵਿਰੁੱਧ ਦਾਇਰ ਪਟੀਸ਼ਨ ਤੋਂ ਜਾਪਦਾ ਹੈ ਕਿ ਐੱਸ. ਆਈ. ਆਰ ਅਤੇ ਈ. ਵੀ. ਐਮ ਵਿਰੁੱਧ ਸੰਘਰਸ਼ ਹੁਣ ਫੈਸਲਾਕੁਨ ਦੌਰ ਵਿਚ ਦਾਖ਼ਲ ਹੋ ਗਿਆ ਹੈ।

ਐੱਸ ਆਈ ਆਰ ਦਾ ਸਮੁੱਚਾ ਮਸਲਾ ਬਹੁਤ ਗੰਭੀਰ ਹੈ। ਸੁਪਰੀਮ ਕੋਰਟ ਦੀ ਟਿੱਪਣੀ ਮਗਰੋਂ ਐੱਸ ਆਈ ਆਰ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਖ਼ਿਲਾਫ਼ ਵਿਰੋਧੀ ਧਿਰਾਂ ਦੇ ਅੰਦੋਲਨ ਨੂੰ ਬਲ ਮਿਲਿਆ ਹੈ। ਸੁਪਰੀਮ ਕੋਰਟ ਨੇ ਆਖਿਆ ਹੈ ਕਿ ਉਸ ਨੇ ਵੋਟਾਂ ਬਣਾਉਣ ਵਾਲੇ 'ਫਾਰਮ 6' ਵਿੱਚ ਕੀਤੇ ਗ਼ੈਰ-ਕਾਨੂੰਨੀ ਬਦਲਾਅ ਦਾ ਪੱਖ ਨਹੀਂ ਸੀ ਲਿਆ ਜਦੋਂਕਿ ਚੋਣ ਕਮਿਸ਼ਨ ਨੇ ਆਪਣੇ 25 ਸਤੰਬਰ ਦੇ ਪ੍ਰੈੱਸ ਨੋਟ ਵਿੱਚ ਇਸ ਦਾ ਦਾਅਵਾ ਕੀਤਾ ਸੀ। ਦੋ ਚੋਣ ਕਮਿਸ਼ਨਰਾਂ ਦੇ ਇਸ ਨਾਲ ਅਸਹਿਮਤ ਹੋਣ ਦਾ ਪਹਿਲਾਂ ਹੀ ਖੁਲਾਸਾ ਹੋ ਗਿਆ ਸੀ। ਹੁਣ ਇਸ ਗ਼ੈਰ-ਕਾਨੂੰਨੀ ਬਦਲਾਅ ਬਾਰੇ ਸੁਪਰੀਮ ਕੋਰਟ ਵੱਲੋਂ ਚੋਣ ਕਮਿਸ਼ਨਰਾਂ ਅਤੇ ਹੋਰ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਜਵਾਬਤਲਬੀ ਕੀਤੀ ਗਈ ਹੈ। ਇਹੀ ਬਦਲਾਅ ਕਰੋੜਾਂ ਵੋਟਾਂ ਬਣਨ ਤੋਂ ਰੋਕਣ ਅਤੇ ਕੱਟਣ ਦਾ ਆਧਾਰ ਬਣਿਆ ਸੀ। ਹੁਣ ਸਮੁੱਚੀ ਐੱਸ ਆਈ ਆਰ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ। ਅੰਦੋਲਨ ਚੌਤਰਫ਼ਾ ਰੂਪ ਲੈ ਗਿਆ ਹੈ। ਇੱਕ ਪਾਸੇ 19 ਵਿਰੋਧੀ ਪਾਰਟੀਆਂ, ਕੌਕਰੋਚ ਜਨਤਾ ਪਾਰਟੀ, ਜੈੱਨ-ਜ਼ੀ, ਵਿਦਿਆਰਥੀ ਅਤੇ ਸਿਵਿਲ ਸੁਸਾਇਟੀ ਦੇ ਲੋਕਾਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ, ਐੱਸ ਆਈ ਆਰ ਰੱਦ ਕਰਨ ਅਤੇ ਬੈਲੇਟ ਪੇਪਰ ਰਾਹੀਂ ਚੋਣਾਂ ਕਰਵਾਉਣ ਲਈ ਦੇਸ਼-ਵਿਆਪੀ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਦੂਜੇ ਪਾਸੇ ਸੁਪਰੀਮ ਕੋਰਟ ਦੇ ਵਕੀਲਾਂ ਨੇ ਗਿਆਨੇਸ਼ ਕੁਮਾਰ ਖ਼ ?ਲਾਫ਼ ਅਦਾਲਤ ਵਿੱਚ ਮੁਕੱਦਮਾ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਹ ਅੰਦੋਲਨ ਆਮ ਲੋਕਾਂ ਵਿੱਚ ਬਣ ਚੁੱਕੀ ਇਸ ਧਾਰਨਾ ਦਾ ਨਤੀਜਾ ਹੈ ਕਿ ਸਾਡੇ ਮੁਲਕ ਦਾ ਬਚਿਆ-ਖੁਚਿਆ ਲੋਕਤੰਤਰ ਵੀ ਖ਼ਤਰੇ ਵਿੱਚ ਹੈ। ਚੋਣਾਂ ਵਿੱਚ ਪੈਸੇ ਦਾ ਬੋਲਬਾਲਾ, ਧਰਮ-ਜਾਤ ਆਧਾਰਿਤ ਧੱਕੇਸ਼ਾਹੀ ਵਾਲੀ ਰਾਜਨੀਤੀ, ਲੀਡਰਾਂ ਦੀਆਂ ਦਲਬਦਲੀਆਂ ਦਾ ਵਰਤਾਰਾ, ਚੁਣੇ ਲੀਡਰ ਖਰੀਦੇ ਜਾਣਾ, ਵਿਰੋਧੀ ਪਾਰਟੀਆਂ ਵਿਰੁੱਧ ਸਰਕਾਰੀ ਏਜੰਸੀਆਂ ਦੀ ਕਥਿਤ ਨਾਜਾਇਜ਼ ਵਰਤੋਂ, ਝੂਠੇ ਕੇਸ ਪਾਉਣੇ, ਸਵਾਰਥੀ ਵਪਾਰੀ ਵਰਗ ਦਾ ਰਾਜਨੀਤੀ ਵਿੱਚ ਕੁੱਦ ਪੈਣਾ ਤੇ ਦਾਨੇ ਬੰਦਿਆਂ ਲਈ ਰਾਜਨੀਤੀ ਵਿੱਚ ਅਸਹਿਜ ਮਾਹੌਲ ਆਦਿ ਅਲਾਮਤਾਂ ਨੇ ਭਾਰਤੀ ਜਮਹੂਰੀਅਤ ਨੂੰ ਪਹਿਲਾਂ ਹੀ ਖ਼ਤਰੇ ਵਿੱਚ ਪਾਇਆ ਹੋਇਆ ਸੀ। ਉੱਪਰੋਂ ਆ ਗਈ ਬਟਨ ਨੱਪ ਕੇ ਵੋਟ ਪਾਉਣ ਵਾਲੀ ਈ ਵੀ ਐੱਮ। ਅਮਰੀਕਾ ਵਰਗੇ ਸਾਰੇ ਵਿਕਸਿਤ ਮੁਲਕ ਬੈਲੇਟ ਪੇਪਰ ਰਾਹੀਂ ਵੋਟਾਂ ਪੁਆਉਂਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਮਸ਼ੀਨ ਰਾਹੀਂ ਹੇਰਾਫੇਰੀ ਹੋ ਸਕਦੀ ਹੈ। ਮਹਾਰਾਸ਼ਟਰ ਦੀਆਂ 2024 ਵਾਲੀਆਂ ਅਸੈਂਬਲੀ ਚੋਣਾਂ ਵਿੱਚ 5 ਵਜੇ ਤੱਕ 58.70 ਫ਼ੀਸਦੀ ਪੋਲਿੰਗ ਹੋਈ ਸੀ। ਅਗਲੇ ਦਿਨ ਖ਼ਬਰ ਆਈ ਕਿ ਕੁੱਲ 66.5 ਫ਼ੀਸਦੀ ਪੋਲਿੰਗ ਹੋਈ ਹੈ ਕਿਉਂਕਿ ਪੰਜ ਵਜੇ ਤੋਂ ਬਾਅਦ 7.83 ਫ਼ੀਸਦੀ (76 ਲੱਖ) ਹੋਰ ਪੋਲਿੰਗ ਹੋ ਗਈ ਸੀ। ਇਹ ਵੋਟਾਂ ਕਿਸ ਨੇ ਪਾਈਆਂ ਸਨ? ਵਿਰੋਧੀ ਪਾਰਟੀਆਂ ਦੀਆਂ ਇਸ ਬਾਰੇ ਕੀਤੀਆਂ ਸ਼ਿਕਾਇਤਾਂ 'ਤੇ ਕੋਈ ਕਾਰਵਾਈ ਨਹੀਂ ਹੋਈ। ਫਿਰ ਇੱਕ ਹੋਰ ਵਰਤਾਰਾ ਵਾਪਰਿਆ, ਜਿਸ ਦੀ ਇਸ ਵੇਲੇ ਸਭ ਤੋਂ ਵੱਧ ਚਰਚਾ ਹੈ। ਸਾਲ 2023 ਵਿੱਚ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਨੇ ਫ਼ੈਸਲਾ ਦਿੱਤਾ ਸੀ ਕਿ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਤਿੰਨ ਵਿਅਕਤੀ ਕਰਨਗੇ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦਾ ਨੇਤਾ ਅਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਸ਼ਾਮਿਲ ਹੋਣਗੇ। ਇਸੇ ਦੌਰਾਨ ਮੋਦੀ ਸਰਕਾਰ ਨੇ ਸੰਸਦ ਰਾਹੀਂ ਕਾਨੂੰਨ ਵਿੱਚ ਸੋਧ ਕਰ ਦਿੱਤੀ ਕਿ ਭਾਰਤ ਦੇ ਚੀਫ ਜਸਟਿਸ ਦੀ ਥਾਂ ਕੇਂਦਰੀ ਮੰਤਰੀ ਲਵੇਗਾ ਮਤਲਬ ਕਿ ਪ੍ਰਧਾਨ ਮੰਤਰੀ ਹੀ ਹੁਣ ਬਹੁ-ਸੰਮਤੀ ਨਾਲ ਆਪਣੀ ਮਰਜ਼ੀ ਦਾ 'ਮੁੱਖ ਚੋਣ ਕਮਿਸ਼ਨਰ' ਲਾਵੇਗਾ ਤੇ ਇੰਜ ਗਿਆਨੇਸ਼ ਕੁਮਾਰ ਦੀ ਨਿਯੁਕਤੀ ਹੋਈ। ਨਾਲ ਹੀ ਸੰਸਦ ਰਾਹੀਂ 2024 ਵਿੱਚ ਕਾਨੂੰਨ ਪਾਸ ਕਰ ਦਿੱਤਾ ਗਿਆ ਕਿ ਮੁੱਖ ਚੋਣ ਕਮਿਸ਼ਨਰ ਵਿਰੁੱਧ ਸੇਵਾਮੁਕਤੀ ਤੋਂ ਬਾਅਦ ਵੀ ਕੋਈ ਮੁਕੱਦਮਾ ਜਾਂ ਕਾਨੂੰਨੀ ਕਾਰਵਾਈ ਨਹੀਂ ਹੋ ਸਕਦੀ। ਹਾਲਾਂਕਿ ਇਹ

ਡਾ. ਸੁਰਿੰਦਰ ਮੰਡ

ਸਹੂਲਤ ਤਾਂ ਰਾਸ਼ਟਰਪਤੀ ਅਤੇ ਗਵਰਨਰ ਨੂੰ ਵੀ ਨਹੀਂ ਦਿੱਤੀ ਗਈ। ਇਸ ਮਗਰੋਂ ਅਕਤੂਬਰ 2025 ਵਿੱਚ ਹਫ਼ੜਾ-ਦਫ਼ੜੀ ਵਾਲੇ ਮਾਹੌਲ ਵਿੱਚ ਸ਼ੁਰੂ ਕੀਤੀ ਗਈ ਐੱਸ ਆਈ ਆਰ ਦਾ ਮਕਸਦ 'ਕਿਹੜਾ ਵੋਟਰ ਬਣਨ ਯੋਗ ਹੈ ਤੇ ਕਿਹੜਾ ਨਹੀਂ' ਪ੍ਰਚਾਰਿਆ ਗਿਆ ਸੀ। ਇਹ ਵੀ ਸੁਣਨ ਨੂੰ ਮਿਲਿਆ ਸੀ ਕਿ ਦੇਸ਼ 'ਚੋਂ ਘੁਸਪੈਠੀਏ ਲੱਭ ਕੇ ਬਾਹਰ ਕੱਢਣੇ ਹਨ। ਹਾਲੇ 13 ਰਾਜਾਂ ਤੇ ਤਿੰਨ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿੱਚ ਹੀ ਇਹ ਕੰਮ ਕੀਤਾ ਗਿਆ ਹੈ, ਜਿੱਥੇ 13.3 ਕਰੋੜ ਵੋਟਾਂ ਕੱਟ ਦਿੱਤੀਆਂ ਗਈਆਂ ਹਨ।

ਵਿਰੋਧੀ ਪਾਰਟੀਆਂ ਕਹਿੰਦੀਆਂ ਹਨ ਕਿ ਇਨ੍ਹਾਂ ਵਿੱਚ ਜ਼ਿਆਦਾਤਰ ਮੁਸਲਮਾਨ ਅਤੇ ਗ਼ੈਰ-ਭਾਜਪਾ ਵੋਟਰ ਹਨ। ਸਰਕਾਰ ਇਹ ਵੀ ਕਹਿੰਦੀ ਹੈ ਕਿ ਜਿਹੜੇ ਵੋਟਰ ਨਹੀਂ ਬਣਨਗੇ, ਉਹ ਕਿਸੇ ਸਰਕਾਰੀ ਸਹੂਲਤ ਦੇ ਹੱਕਦਾਰ ਵੀ ਨਹੀਂ ਹੋਣਗੇ। ਫਿਰ ਕੱਟੀਆਂ ਵੋਟਾਂ ਨਾਲ ਹੀ ਬਿਹਾਰ ਵਿੱਚ ਚੋਣਾਂ ਹੋ ਗਈਆਂ। ਬਿਹਾਰੀਆਂ ਦੀ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਵੀ ਗੱਲ ਨਹੀਂ ਸੁਣੀ। ਫਿਰ ਚੋਣਾਂ ਤੋਂ ਪਹਿਲਾਂ 90 ਲੱਖ ਤੋਂ ਵੱਧ ਬੰਗਾਲੀਆਂ ਦੀਆਂ ਵੋਟਾਂ ਕੱਟੀਆਂ ਗਈਆਂ। ਕੱਟੀਆਂ ਵੋਟਾਂ ਵਿੱਚੋਂ 27 ਲੱਖ ਬੰਗਾਲੀਆਂ ਨੇ ਮੁੜ ਅਰਜ਼ੀਆਂ ਦਿੱਤੀਆਂ, ਜਿਨ੍ਹਾਂ ਵਿੱਚੋਂ ਸਿਰਫ਼ ਇੱਕ ਲੱਖ ਦੀ ਹੀ ਪੜਤਾਲ ਹੋਈ ਤੇ 93 ਫ਼ੀਸਦੀ ਕੱਟੀਆਂ ਵੋਟਾਂ ਦਰੁਸਤ ਪਾਈਆਂ ਗਈਆਂ। ਬਾਕੀਆਂ ਬਾਰੇ ਸੁਪਰੀਮ ਕੋਰਟ ਨੇ ਆਖ ਦਿੱਤਾ ਕਿ ਚਲੋ ਕੋਈ ਗੱਲ ਨਹੀਂ ਤੁਸੀਂ ਅਗਲੀ ਵਾਰ ਵੋਟ ਪਾ ਲੈਣਾ। ਇਸ ਤਰ੍ਹਾਂ ਬੰਗਾਲ ਦੀ ਚੋਣ ਵੀ ਕਰਵਾ ਦਿੱਤੀ ਗਈ।

ਹੁਣ ਖੁਲਾਸਾ ਹੋਇਆ ਹੈ ਕਿ ਚੋਣ ਕਮਿਸ਼ਨ ਦੇ ਦਫ਼ਤਰ ਵਿੱਚ ਇੱਕ ਵੱਖਰਾ ਆਈ ਟੀ ਸੈੱਲ ਹੈ, ਜੋ ਸਭ ਕੁਝ ਮੈਨੇਜ ਕਰ ਰਿਹਾ ਹੈ। ਬੂਥ ਲੈਵਲ ਤੱਕ ਦਾ ਸਾਰਾ ਡੇਟਾ ਮੈਨੇਜ ਕਰਨ, ਵੋਟ

ਡੀਜ਼ਲ ਦੀਆਂ ਕੀਮਤਾਂ ਘਟਾਉਣ ਲਈ ਟਰੰਪ ਦਾ ਪੁਤਿਨ ਨਾਲ ਵੱਡਾ ਸਮਝੌਤਾ

ਨਿਊਯਾਰਕ : ਅਮਰੀਕਾ ਵਿਚ ਡੀਜ਼ਲ ਦੀਆਂ ਰਿਕਾਰਡ ਤੋੜ ਕੀਮਤਾਂ ਤੋਂ ਲੋਕਾਂ ਨੂੰ ਰਾਹਤ ਦੇਣ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ

ਟਰੰਪ ਤੇ ਪੁਤਿਨ ਦੀ ਇਕ ਪੁਰਾਣੀ ਤਸਵੀਰ।

ਡੀਜ਼ਲ ਸਪਲਾਈ ਦਾ ਸਮਝੌਤਾ ਕੀਤਾ ਹੈ। ਇਸ ਤਹਿਤ ਰੂਸ ਤੋਂ ਲੱਖਾਂ ਟਨ ਡੀਜ਼ਲ ਅਮਰੀਕੀ ਅਤੇ ਕੌਮਾਂਤਰੀ ਬਾਜ਼ਾਰ ਵਿਚ ਭੇਜਿਆ ਜਾਵੇਗਾ। ਇਸ ਫ਼ੈਸਲੇ ਨਾਲ ਰੂਸ ਉਤੇ ਲੱਗੀਆਂ ਕੁਝ ਆਰਥਿਕ ਪਾਬੰਦੀਆਂ ਵਿਚ ਵੀ ਢਿੱਲ ਦਿੱਤੀ ਗਈ ਹੈ, ਜਿਸ ਦਾ ਯੂਕਰੇਨ ਸਮੇਤ ਅਮਰੀਕਾ ਦੇ ਕਈ ਸਿਆਸੀ ਆਗੂਆਂ ਨੇ ਵਿਰੋਧ ਕੀਤਾ ਹੈ।ਟਰੰਪ ਨੇ ਕਿਹਾ ਕਿ ਪੁਤਿਨ ਨਾਲ ਫ਼ੋਨ ਉਤੇ ਹੋਈ ਗੱਲਬਾਤ ਤੋਂ ਬਾਅਦ ਰੂਸ ਤੁਰੰਤ 3 ਲੱਖ ਟਨ ਤੋਂ ਵੱਧ ਡੀਜ਼ਲ ਸਪਲਾਈ ਕਰਨ ਲਈ ਸਹਿਮਤ ਹੋ ਗਿਆ ਹੈ। ਨਵੰਬਰ ਵਿਚ 5 ਲੱਖ ਟਨ ਅਤੇ ਦਸੰਬਰ ਵਿਚ 10 ਲੱਖ ਟਨ ਹੋਰ ਡੀਜ਼ਲ ਭੇਜਿਆ ਜਾਵੇਗਾ। ਇਸ ਤੋਂ ਬਾਅਦ ਰਿਫਾਇਨਰੀਆਂ ਦੀ ਸਮਰੱਥਾ ਮੁਤਾਬਕ ਸਪਲਾਈ 30 ਲੱਖ ਟਨ ਤੱਕ ਵਧਾਈ ਜਾ ਸਕਦੀ ਹੈ।ਅਮਰੀਕੀ ਵਿੱਤ ਵਿਭਾਗ ਨੇ ਰੂਸੀ ਡੀਜ਼ਲ ਦੇ ਵਪਾਰ ਲਈ 7 ਅਪ੍ਰੈਲ 2027 ਤੱਕ ਆਰਜ਼ੀ ਛੋਟ ਦੇ ਦਿੱਤੀ ਹੈ। ਇਹ ਕਦਮ ਇਸ ਲਈ ਵੀ ਚਰਚਾ ਵਿਚ ਹੈ, ਕਿਉਂਕਿ ਟਰੰਪ ਨੇ ਕੁਝ ਹਫ਼ਤੇ ਪਹਿਲਾਂ ਹੀ ਰੂਸ ਦੀ ਤੇਲ ਅਤੇ ਗੈਸ ਤੋਂ ਹੋਣ ਵਾਲੀ ਕਮਾਈ ਰੋਕਣ ਲਈ ਨਵੇਂ ਕਾਨੂੰਨ ਉਤੇ ਦਸਤਖ਼ਤ ਕੀਤੇ ਸਨ। ਉਸ ਕਾਨੂੰਨ ਤਹਿਤ ਰੂਸੀ ਤੇਲ ਅਤੇ ਗੈਸ ਦੇ ਵੱਡੇ ਖ਼ਰੀਦਦਾਰ ਦੇਸ਼ਾਂ ਉਤੇ 100 ਫ਼ੀਸਦੀ ਤੱਕ ਟੈਰਿਫ਼ ਲਗਾਉਣ ਦਾ ਅਧਿਕਾਰ ਦਿੱਤਾ ਗਿਆ ਸੀ।ਈਰਾਨ ਨਾਲ ਜੰਗ ਅਤੇ ਕੌਮਾਂਤਰੀ ਬਾਜ਼ਾਰ ਵਿਚ ਤੇਲ ਦੀ ਸਪਲਾਈ ਪ੍ਰਭਾਵਿਤ ਹੋਣ ਕਾਰਨ ਅਮਰੀਕਾ ਵਿਚ ਡੀਜ਼ਲ ਦੀਆਂ ਕੀਮਤਾਂ ਤੇਜ਼ੀ ਨਾਲ ਵਧੀਆਂ ਹਨ। ਸਤੰਬਰ ਵਿਚ ਡੀਜ਼ਲ ਦੀ ਔਸਤ ਕੀਮਤ ਕਰੀਬ 6.53 ਡਾਲਰ ਪ੍ਰਤੀ ਗੈਲਨ ਦੇ ਰਿਕਾਰਡ ਪੱਧਰ ਉਤੇ ਪਹੁੰਚ ਗਈ ਸੀ, ਜਦਕਿ ਹੁਣ ਇਹ 6.28 ਡਾਲਰ ਦੇ ਆਸ-ਪਾਸ ਹੈ। ਇੱਕ ਸਾਲ ਪਹਿਲਾਂ ਇਹ ਕੀਮਤ ਸਿਰਫ਼ 3.68 ਡਾਲਰ ਸੀ।

ਟਰੰਪ ਵਲੋਂ ਹਰ ਬਾਲਗ ਨੂੰ 5 ਹਜ਼ਾਰ ਡਾਲਰ ਦੇਣ ਦਾ ਐਲਾਨ, ਹਜ਼ਾਰਾਂ ਲੋਕਾਂ ਵਲੋਂ ਵਿਰੋਧ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਨਿਊਯਾਰਕ ਸੂਬੇ ਦੇ ਸਿਰਾਕਿਊਜ਼ ਸ਼ਹਿਰ ਵਿਚ ਰਿਪਬਲਿਕਨ ਪਾਰਟੀ ਦੇ ਗਵਰਨਰ ਅਹੁਦੇ ਦੇ ਉਮੀਦਵਾਰ ਬਰੂਸ ਬਲੇਕਮੈਨ ਦੇ ਸਮਰਥਨ ਵਿਚ ਕੀਤੀ ਚੋਣ ਰੈਲੀ ਦੌਰਾਨ ਸੰਬੋਧਨ ਕਰਦਿਆਂ ਉਨ੍ਹਾਂ ਨੇ ਮਹਿੰਗਾਈ, ਟੈਕਸਾਂ, ਇਮੀਗ੍ਰੇਸ਼ਨ, ਰੁਜ਼ਗਾਰ ਅਤੇ ਵਿਦੇਸ਼ ਨੀਤੀ ਬਾਰੇ ਕਈ ਐਲਾਨ ਕੀਤੇ। ਇਸੇ ਦੌਰਾਨ ਸ਼ਹਿਰ ਵਿਚ ਹਜ਼ਾਰਾਂ ਲੋਕਾਂ ਨੇ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਪ੍ਰਦਰਸ਼ਨ ਵੀ ਕੀਤਾ। ਟਰੰਪ ਨੇ ਐਲਾਨ ਕੀਤਾ ਕਿ ਜੇਕਰ 3 ਨਵੰਬਰ ਦੀਆਂ ਚੋਣਾਂ ਵਿਚ ਰਿਪਬਲਿਕਨ ਪਾਰਟੀ ਅਮਰੀਕੀ ਕਾਂਗਰਸ ਦੇ ਦੋਵਾਂ ਸਦਨਾਂ ਵਿਚ ਬਹੁਮਤ ਹਾਸਲ ਕਰਦੀ ਹੈ ਤਾਂ ਹਰ ਬਾਲਗ ਅਮਰੀਕੀ ਨਾਗਰਿਕ ਨੂੰ 5 ਹਜ਼ਾਰ ਡਾਲਰ ਦਿੱਤੇ ਜਾਣਗੇ। ਉਨ੍ਹਾਂ ਇਸ ਨੂੰ 'ਟਰੰਪ ਡਿਵੀਡੈਂਡ' ਦਾ ਨਾਂਅ ਦਿੱਤਾ। ਹਾਲਾਂਕਿ, ਇਸ ਯੋਜਨਾ ਨੂੰ ਅਜੇ ਕਾਨੂੰਨੀ ਮਨਜ਼ੂਰੀ ਨਹੀਂ ਮਿਲੀ। ਟਰੰਪ ਨੇ ਟਿਪਾਂ ਅਤੇ ਸੋਸ਼ਲ ਸਿਕਿਉਰਿਟੀ ਦੀ ਆਮਦਨ ਉਤੇ ਟੈਕਸ ਰਾਹਤ ਦੇਣ ਦੀ ਗੱਲ ਵੀ ਦੁਹਰਾਈ। ਰਾਸ਼ਟਰਪਤੀ ਨੇ ਨਿਊਯਾਰਕ ਦੀ ਗਵਰਨਰ ਕੈਥੀ ਹੋਕੁਲ ਅਤੇ ਅਟਾਰਨੀ ਜਨਰਲ ਲੇਟੀਸ਼ੀਆ ਜੇਮਜ਼ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਡੈਮੋਕ੍ਰੇਟਿਕ ਸਰਕਾਰ ਦੀਆਂ ਨੀਤੀਆਂ ਕਾਰਨ ਨਿਊਯਾਰਕ ਵਿਚ ਮਹਿੰਗਾਈ, ਅਪਰਾਧ ਅਤੇ ਟੈਕਸ ਵਧੇ ਹਨ। ਟਰੰਪ ਨੇ ਦਾਅਵਾ ਕੀਤਾ ਕਿ ਬਲੇਕਮੈਨ ਦੇ ਗਵਰਨਰ ਬਣਨ ਨਾਲ ਬਿਜਲੀ ਦੇ ਬਿੱਲ 70 ਤੋਂ 90 ਫ਼ੀਸਦੀ ਤੱਕ ਘਟ ਸਕਦੇ ਹਨ। ਉਨ੍ਹਾਂ ਸੂਬਾਈ ਅਤੇ ਸਥਾਨਕ ਟੈਕਸਾਂ ਦੀ ਕਟੌਤੀ ਦੀ ਹੱਦ 10 ਹਜ਼ਾਰ ਤੋਂ ਵਧਾ ਕੇ 40 ਹਜ਼ਾਰ ਡਾਲਰ

ਕਰਨ ਦਾ ਵੀ ਜ਼ਿਕਰ ਕੀਤਾ। ਇਮੀਗ੍ਰੇਸ਼ਨ ਬਾਰੇ ਟਰੰਪ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਜਾਰੀ ਰੱਖਣ ਅਤੇ ਨਿਊਯਾਰਕ ਦੀਆਂ ਸੈਂਕਚੂਰੀ ਨੀਤੀਆਂ ਖ਼ਤਮ ਕਰਨ ਦੀ ਗੱਲ ਕਹੀ। ਉਨ੍ਹਾਂ ਵੋਟ ਪਾਉਣ ਲਈ ਪਛਾਣ ਪੱਤਰ ਅਤੇ ਅਮਰੀਕੀ ਨਾਗਰਿਕਤਾ ਦਾ ਸਬੂਤ ਲਾਜ਼ਮੀ ਕਰਨ ਦੀ ਮੰਗ ਕੀਤੀ। ਇਸ ਦੇ ਨਾਲ ਹੀ ਗੰਭੀਰ ਅਪਰਾਧਾਂ ਲਈ ਮੌਤ ਦੀ ਸਜ਼ਾ ਦੇ ਕਾਨੂੰਨ ਸਖ਼ਤ ਕਰਨ ਦੀ ਵਕਾਲਤ ਕੀਤੀ। ਤੇਲ ਦੀਆਂ ਵਧਦੀਆਂ ਕੀਮਤਾਂ ਬਾਰੇ ਟਰੰਪ ਨੇ ਕਿਹਾ ਕਿ ਰੂਸ ਨਾਲ ਹੋਈ ਗੱਲਬਾਤ ਤੋਂ ਬਾਅਦ ਕੌਮਾਂਤਰੀ ਬਾਜ਼ਾਰ ਵਿੱਚ ਵੱਡੀ ਮਾਤਰਾ ਵਿੱਚ ਡੀਜ਼ਲ ਆਉਣ ਨਾਲ ਕੀਮਤਾਂ ਘਟਣ ਦੀ ਉਮੀਦ ਹੈ। ਉਨ੍ਹਾਂ ਈਰਾਨ ਵਿਰੁੱਧ ਫ਼ੌਜੀ ਕਾਰਵਾਈ ਦਾ ਬਚਾਅ ਕਰਦਿਆਂ ਕਿਹਾ ਕਿ ਈਰਾਨ ਨੂੰ ਪ੍ਰਮਾਣੂ ਹਥਿਆਰ ਬਣਾਉਣ ਤੋਂ ਰੋਕਣਾ ਉਨ੍ਹਾਂ ਦੀ ਪਹਿਲ ਹੈ। ਰੈਲੀ ਵਿਚ ਸਾਬਕਾ ਵਿਸ਼ਵ ਮੁੱਕੇਬਾਜ਼ੀ ਚੈਂਪੀਅਨ ਮਾਈਕ ਟਾਇਸਨ ਵੀ ਸ਼ਾਮਿਲ ਹੋਏ, ਜੋ ਟਰੰਪ ਨਾਲ ਏਅਰ ਫੋਰਸ ਵਨ ਵਿਚ ਸਿਰਾਕਿਊਜ਼ ਪਹੁੰਚੇ ਸਨ। ਦੂਜੇ ਪਾਸੇ ਕਲਿੰਟਨ ਸਕੁਏਅਰ ਵਿਚ ਕਰੀਬ 2,500 ਲੋਕਾਂ ਨੇ ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ, ਵਾਤਾਵਰਨ ਅਤੇ ਸਮਾਜਿਕ ਨੀਤੀਆਂ ਖ਼ ?ਲਾਫ਼ ਪ੍ਰਦਰਸ਼ਨ ਕੀਤਾ। ਸਿਰਾਕਿਊਜ਼ ਦੀ ਮੇਅਰ ਸ਼ੈਰਨ ਓਵਨਜ਼ ਵੀ ਪ੍ਰਦਰਸ਼ਨ ਵਿੱਚ ਸ਼ਾਮਿਲ ਹੋਈ। ਪ੍ਰਦਰਸ਼ਨਕਾਰੀ ਮਾਰਚ ਕਰਦੇ ਹੋਏ ਰੈਲੀ ਵਾਲੀ ਥਾਂ ਨੇੜੇ ਪਹੁੰਚੇ। ਰੈਲੀ ਦੇ ਅੰਦਰ ਵਿਰੋਧ ਕਰਨ ਵਾਲੇ ਚਾਰ ਵਿਅਕਤੀਆਂ ਨੂੰ ਵੀ ਬਾਹਰ ਕੱਢਿਆ ਗਿਆ।

ਸ਼੍ਰ. ਗੁਰਚਰਨਜੀਤ ਸਿੰਘ ਲਾਂਬਾ

ਸ਼੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ਼੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ਼੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ਼੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ



ਗੁਰਚਰਨਜੀਤ ਸਿੰਘ ਲਾਂਬਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਅਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।

(ਹ) ਪਾਠ ਅਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਏ, ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।

ਅਖੰਡ ਪਾਠ

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਕਰੀਬਨ ੪੮ ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ ਪਾਠ ਸ਼ੁਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲਗ ਜਾਵੇ।

(ਅ) ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਆਦਮੀ, ਸਾਕ ਸਬੰਧੀ ਮਿੱਤਰ ਆਦਿ ਮਿਲ ਕੇ ਕਰਨ। ਪਾਣੀ ਦੀ ਗਿਣਤੀ ਮੁਕਰਰ ਨਹੀਂ।

ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ ਸ਼ਕਤੀ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

(ਏ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੱਲ ਕੁੰਡ, ਜੋਤ ਆਦਿ ਰੱਖਣਾ ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ, ਮਨਮਤ ਹੈ।

ਪਾਠ ਦਾ ਆਰੰਭ

ਸਾਧਾਰਨ ਪਾਠ ਦੇ ਆਰੰਭ ਵੇਲੇ ਪ੍ਰਸ਼ਾਦ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸੇ ਮਗਰੋਂ 'ਹੁਕਮ' ਲਿਆ ਜਾਵੇ।

ਅਖੰਡ ਪਾਠ ਵੇਲੇ ਕੜਾਹ ਪ੍ਰਸਾਦ ਹੋਵੇ, ਵੇਰ ਅਨੰਦ ਸਾਹਿਬ (ਛੇ ਪਉੜੀਆਂ) ਦੇ ਪਾਠ ਮਗਰੋਂ ਅਰਦਾਸ ਕਰਕੇ ਅਤੇ 'ਹੁਕਮ' ਲੈ ਕੇ ਪਾਠ ਦਾ ਅਰੰਭ ਕੀਤਾ ਜਾਵੇ।

ਭੋਗ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਣ ਜਾਂ ਅਖੰਡ) ਦਾ ਭੋਗ ਮੁਦਾਵਣੀ ਉਤੇ ਪਾਇਆ ਜਾਵੇ। (ਇਸ ਗੱਲ ਬਾਬਤ ਪੰਥ ਵਿਚ ਅਜੇ ਤੱਕ ਮਤਭੇਦ ਹੈ, ਇਸ ਲਈ ਰਾਗ ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣਾ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪਰਸ਼ਾਦ ਵਰਤਾਇਆ ਜਾਵੇ।

(ਅ) ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ, ਆਦਿ ਦੇ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤ 'ਅਰਦਾਸ' ਕਰਾਈ ਜਾਵੇ।

ਕੜਾਹ ਪ੍ਰਸ਼ਾਦ

(ੳ) ਕੜਾਹ ਪ੍ਰਸ਼ਾਦ ਜੋ ਵਿਧੀ ਅਨੁਸਾਰ ਤਿਆਰ ਕਰਕੇ ਜਾਂ ਕਰਾਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੋਵੇਗਾ।

(ਅ) ਕੜਾਹ ਪ੍ਰਸਾਦਿ ਤਿਆਰ ਕਰਨ ਦੀ ਵਿਧੀ ਇਹ ਹੈ :

ਸੁਅੱਛ ਭਾਂਡੇ ਵਿਚ ਤ੍ਰਿਭਾਵਲੀ (ਆਟਾ, ਉਤਮ ਮਿਠਾ ਤੇ ਘੀ ਇਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ, ਫਿਰ ਸੁਅੱਛ ਬਸਤ੍ਰ ਨਾਲ ਚੁੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੁਅੱਛ ਚੌਂਕੀ ਉਪਰ ਰੱਖਿਆ ਜਾਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਨੂੰ ਉਚੀ ਆਵਾਜ਼ ਵਿਚ ਸੁਣਾ ਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾ ਕੇ ਪ੍ਰਵਾਨਗੀ ਲਈ ਕਿਰਪਾਨ ਭੇਟ ਹੋਵੇ।

(ਏ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦ ਵਿਚੋਂ ਪੰਜਾਂ ਪਿਆਰਿਆਂ ਦਾ ਗੱਫ਼ਾ ਕੱਢਿਆ ਜਾਵੇ। ਵਰਤਾਉਣ ਵਾਲਾ ਸਿੰਘ ਤਿਆਰ ਬਰ ਤਿਆਰ ਹੋਵੇ। ਉਹ ਕਿਸੇ ਕੋਲੋਂ ਪੁੱਛੇ ਨਾ ਕਿ ਕੀ ਤੂੰ ਤਿਆਰ ਬਰਤਿਆਰ ਹੈਂ ਜਾਂ ਨਹੀਂ, ਕੇਵਲ ਆਪ ਹੀ ਸੰਗਤਿ ਵਿਚ ਨਜ਼ਰ ਮਾਰ ਕੇ ਵੇਖ ਲਵੇ ਕਿ ਕਿਹੜਾ ਕਿਹੜਾ ਰਹਿਤ ਵਿਚ ਪੱਕਾ ਦਿਸਦਾ ਹੈ। ਜੇ ਸੰਗਤਿ (ਜਿਸ ਵਿਚ ਤਾਬੇ ਬੈਠਾ ਸਿੰਘ ਭੀ ਸ਼ਾਮਲ ਹੈ) ਵਿਚ ਪੰਜਾਂ ਤੋਂ ਘੱਟ ਤਿਆਰ ਬਰ ਤਿਆਰ ਸਿੰਘ ਮਿਲਣ ਤਾਂ ਜਿਤਨੇ ਹੋਣ ਉਨ੍ਹਾਂ ਨੂੰ ਵਰਤਾ ਕੇ ਬਾਕੀ ਦਾ ਛਾਂਦਾ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਰਲਾ ਕੇ ਸਾਰੀ ਸੰਗਤ ਵਿਚ ਵਰਤਾ ਦੇਵੋ। ਸੰਗਤ ਵਿਚ ਵਰਤਾਉਣ ਲੱਗਿਆਂ ਪਹਿਲਾਂ ਤਾਬੇ ਬੈਠੇ ਸਿੰਘ ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੋ ਤੇ ਫਿਰ ਬਾਕੀ ਸੰਗਤ ਨੂੰ ਵਰਤਾਵੋ। ਕਿਸੇ ਦਾ ਲਿਹਾਜ਼ ਜਾਂ ਘ੍ਰਿਣਾ ਕਰਕੇ ਵਿਤਕਰਾ ਨਾ ਕਰੋ, ਸਭ ਸਿੱਖ ਅਣਸਿੱਖ, ਨੀਚ ਉਚ ਜਾਤ ਵਾਲੇ ਨੂੰ ਇਕੋ ਜਿਹਾ ਵਰਤਾਵੋ। ਕੜਾਹ ਪ੍ਰਸ਼ਾਦ ਵਰਤਾਉਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜਾਤ ਪਾਤ ਜਾਂ ਛੂਤ ਛਾਤ ਦਾ ਖ਼ਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

(ਸ) ਕੜਾਹ ਪ੍ਰਸ਼ਾਦ ਭੇਟਾ ਕਰਨ ਵੇਲੇ ਘੱਟ ਤੋਂ ਘਟ ਇਕ ਟਕਾ ਨਕਦ ਅਰਦਾਸ ਭੀ ਹੋਵੇ।

(ਚਲਦਾ)

ਪ੍ਰਸਿੱਧ ਜਿਓਤਿਸ਼ੀ ਕੇ.ਪੀ. ਸਿੰਘ ਨੂੰ ਅਧਿਆਤਮਿਕਤਾ ਦੇ ਖ਼ੇਤਰ ਵਿੱਚ ਖੋਜਾਂ ਅਤੇ ਯਤਨਾਂ ਲਈ 'ਲੰਡਨ ਬੁੱਕ ਆਫ਼ ਰਿਕਾਰਡਜ਼' ਦਾ ਸਰਟੀਫਿਕੇਟ ਪ੍ਰਦਾਨ

ਨਿਊਯਾਰਕ, (ਰਾਜ ਗੋਗਨਾ/ਸਾਡੇ ਲੋਕ) : ਕੇ.ਪੀ. ਸਿੰਘ ਨੂਰਮਹਿਲ ਪੰਜਾਬ ਦੇ ਜਲੰਧਰ ਜ਼ਿਲ੍ਹੇ ਨਾਲ ਸੰਬੰਧਤ ਵਿਸ਼ਵ-ਪ੍ਰਸਿੱਧ ਜਿਓਤਿਸ਼ੀ ਪੰਡਿਤ ਕੇ.ਪੀ. ਸਿੰਘ ਨੂਰਮਹਿਲ ਉਰਫ਼ ਕਰਮਪਾਲ ਸਿੰਘ ਦੁਸਾਂਝ ਨੂੰ, ਜਿਓਤਿਸ਼, ਵਾਸਤੂ ਅਤੇ ਅਧਿਆਤਮਿਕਤਾ ਦੇ ਖੇਤਰ ਵਿੱਚ 1978 ਤੋਂ ਲੈ ਕੇ ਹੁਣ ਤੱਕ ਦੀਆਂ ਉਨ੍ਹਾਂ ਦੀਆਂ ਖੋਜਾਂ ਅਤੇ ਯਤਨਾਂ ਲਈ 'ਲੰਡਨ ਬੁੱਕ ਆਫ਼ ਵਰਲਡ ਰਿਕਾਰਡਜ਼' ਦਾ ਸਰਟੀਫਿਕੇਟ ਪ੍ਰਦਾਨ ਕੀਤਾ ਗਿਆ ਹੈ ਜੋ ਕਿ ਦੁਨੀਆ ਭਰ ਵਿੱਚ ਅਸਾਧਾਰਣ ਅਤੇ ਮਹੱਤਵਪੂਰਨ ਮਨੁੱਖੀ ਪ੍ਰਾਪਤੀਆਂ, ਰਿਕਾਰਡਾਂ ਅਤੇ ਵਿਸ਼ੇਸ਼ ਯੋਗਦਾਨ ਨੂੰ ਮਾਨਤਾ ਦੇਣ ਵਾਲੀ ਇੱਕ ਪ੍ਰਮੁੱਖ ਅੰਤਰਰਾਸ਼ਟਰੀ ਸੰਸਥਾ ਹੈ। ਇਹ ਸਰਟੀਫਿਕੇਟ ਯੂਰਪੀਅਨ ਯੂਨੀਅਨ ਦੇ ਕਰੋਏਸ਼ੀਆ ਗਣਰਾਜ ਦੇ ਮੁੱਖੀ ਡਾ. ਇਵਾਨ ਗਾਸੀਨਾ ਅਤੇ ਭਾਰਤ ਦੇ ਅੰਤਰਰਾਸ਼ਟਰੀ ਚੇਅਰਮੈਨ ਡਾ. ਅਵਿਨਾਸ਼ ਡੀ. ਸਾਕੁੰਡੇ ਦੇ ਦਸਤਖ਼ਤਾਂ ਨਾਲ ਭੇਟ ਕੀਤਾ ਗਿਆ। ਇਹ ਸੰਸਥਾ ਯੂਨਾਈਟਿਡ ਕਿੰਗਡਮ ਅਤੇ ਯੂਰਪ ਸਮੇਤ ਵਿਸ਼ਵ ਪੱਧਰ 'ਤੇ ਕੰਮ ਕਰਦੀ ਹੈ ਅਤੇ ਉਨ੍ਹਾਂ ਵਿਅਕਤੀਆਂ, ਸੰਸਥਾਵਾਂ ਅਤੇ ਆਗੂਆਂ ਦਾ ਸਨਮਾਨ ਕਰਦੀ ਹੈ ਜੋ ਵੱਖ-ਵੱਖ ਖੇਤਰਾਂ ਵਿੱਚ ਅਸਾਧਾਰਣ ਪ੍ਰਤਿਭਾ, ਹੁਨਰ ਅਤੇ ਸ਼ਾਨਦਾਰ ਕੰਮ ਦਾ ਪ੍ਰਦਰਸ਼ਨ ਕਰਦੇ ਹਨ। ਸੰਸਥਾ ਦੁਆਰਾ ਤੈਅ ਕੀਤੇ ਗਏ ਮਿਆਰਾਂ ਅਤੇ ਜਿਊਰੀ ਦੀ ਸਖ਼ਤ ਜਾਂਚ ਤੋਂ ਬਾਅਦ ਰਿਕਾਰਡਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ, ਜਿਸ ਤੋਂ ਬਾਅਦ ਸਫਲ ਉਮੀਦਵਾਰ ਨੂੰ ਸਰਟੀਫਿਕੇਟ ਅਤੇ ਐਕਸੀਲੈਂਸ ਅਵਾਰਡ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਲੰਡਨ ਬੁੱਕ ਆਫ਼ ਵਰਲਡ ਰਿਕਾਰਡਜ਼ ਵਿੱਚ ਆਪਣਾ ਨਾਮ ਸ਼ਾਮਲ ਹੋਣ ਤੋਂ ਬਾਅਦ, ਸ੍ਰੀ ਸਿੰਘ ਨੂੰ ਸਾਰੇ ਜਿਓਤਿਸ਼ ਭਾਈਚਾਰੇ, ਦੋਸਤਾਂ ਅਤੇ ਸ਼ੁਭਚਿੰਤਕਾਂ ਵੱਲੋਂ ਲਗਾਤਾਰ ਵਧਾਈ ਸੁਨੇਹੇ ਮਿਲ ਰਹੇ ਹਨ।

'ਖ਼ਤਰਾ ਤਾਂ ਹੈ' ਕਹਾਣੀ-ਸੰਗ੍ਰਹਿ ਉੱਪਰ ਵਿਚਾਰ-ਗੋਸ਼ਟੀ

ਸਟਾਕਟਨ, ਕੈਲੀਫੋਰਨੀਆ : ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਹਰਪ੍ਰੀਤ ਕੌਰ ਧੂਤ ਦੇ ਕਹਾਣੀ-ਸੰਗ੍ਰਹਿ 'ਖ਼ਤਰਾ ਤਾਂ ਹੈ' ਬਾਰੇ 3 ਅਕਤੂਬਰ, 2026 ਨੂੰ ਕਰਵਾਈ ਗਈ ਵਿਚਾਰ ਗੋਸ਼ਟੀ ਸ਼ਾਨਦਾਰ ਸਫਲਤਾ ਸਹਿਤ ਸੰਪੰਨ ਹੋਈ। ਇਸ ਗੋਸ਼ਟੀ ਦਾ ਆਗਾਜ਼ ਸਭਾ ਦੇ ਜਨਰਲ ਸਕੱਤਰ ਮਨਦੀਪ ਗੋਰਾ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਡਾ. ਗੁਰਪਾਲ ਸਿੰਘ ਸੰਧੂ ਨੇ ਆਪਣਾ ਖੋਜ-ਪੱਤਰ 'ਗੁੰਝਲਦਾਰ ਸਥਿਤੀਆਂ ਦਾ ਸਹਿਜ ਬਿਰਤਾਂਤ: ਖ਼ਤਰਾ ਤਾਂ ਹੈ' ਪੇਸ਼ ਕਰਦਿਆਂ ਕਿਹਾ ਕਿ ਇਸ ਸੰਗ੍ਰਹਿ ਦੀਆਂ ਕਹਾਣੀਆਂ ਯਥਾਰਥ ਦੇ ਬਾਹਰਮੁਖੀ ਪਾਸਾਰਾਂ ਨਾਲ ਸੰਵਾਦ ਰਚਾਉਂਦੀਆਂ ਹੋਈਆਂ ਜ਼ਿੰਦਗੀ ਦੇ ਵਿਵਹਾਰਕ ਮਸਲਿਆਂ ਤੇ ਗੁੰਝਲਦਾਰ ਮਾਨਵੀ ਸਥਿਤੀਆਂ ਦੀ ਬਹੁ-ਪਾਸਾਰੀ ਪੇਸ਼ਕਾਰੀ ਰਾਹੀਂ ਮਨੁੱਖੀ ਜੀਵਨ ਵਿੱਚੋਂ ਖੀਣ ਹੋ ਰਹੇ ਵਡੇਰੇ ਮੁੱਲਾਂ ਦੀ ਤਸਵੀਰਕਸ਼ੀ ਕਰਨ ਵਿਚ ਸਫਲ ਰਹਿੰਦੀਆਂ ਹਨ।

ਡਾ. ਧਨਵੰਤ ਕੌਰ ਦਾ ਲਿਖਿਆ ਸੰਖੇਪ ਗੀਵੀਊ ਲੇਖ ਦਿਲ ਨਿੱਜਰ ਨੇ ਬੁਲੰਦ ਆਵਾਜ਼ ਵਿਚ ਪੇਸ਼ ਕੀਤਾ। ਇਸ ਗੀਵਿਊ ਅਨੁਸਾਰ, "ਹਰਪ੍ਰੀਤ ਕੌਰ ਧੂਤ ਅਜੋਕੇ ਸੰਵੇਦਨਸ਼ੀਲ ਇਨਸਾਨਾਂ, ਖ਼ਾਸਕਰ ਸਜੱਗ ਔਰਤਾਂ ਦੇ ਅਤਿ-ਨਿੱਜੀ ਤੋਂ ਲੈ ਕੇ ਨਿੱਗਰ ਸਮੂਹਿਕ ਅਤੇ ਸਾਂਝੇ ਸਰੋਕਾਰਾਂ ਨੂੰ ਸਜੀਵ ਸੰਦਰਭਾਂ ਵਿਚੋਂ ਪਕੜਨ ਤੇ ਪੇਸ਼ ਕਰਨ ਵਾਲੀ ਕਥਾਕਾਰਾ ਹੈ।"

ਪ੍ਰੋ. ਹਰਭਜਨ ਸਿੰਘ ਨੇ ਕਿਹਾ, "ਹਰਪ੍ਰੀਤ ਦੀ ਕਹਾਣੀ ਦੇਸੀ ਸਭਿਆਚਾਰ ਦੀ ਮਰਦ ਪ੍ਰਧਾਨ ਪਿਤਰ-ਪੁਰਖੀ ਸੱਤਾ ਨੂੰ ਵੰਗਾਰਦੀ ਹੈ ਅਤੇ ਰੂੜ

BASRA
Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more

From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377

ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੂਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਬੁਰੇ ਕਰਮਾਂ ਦਾ ਤਿਆਗ ਹੀ ਅਸਲ ਸੇਵਾ ਹੈ/ਜੀਵਨ ਇੰਝ ਵੀ ਬਦਲਦਾ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਅਸੀਂ ਤਾਂ ਖੁਲ੍ਹੇ-ਖਲਾਸੇ ਰਹਿਣ ਦੇ ਆਦੀ ਹਾਂ ਤੇ ਦਿਨ ਰਾਤ ਮਿੱਟੀ ਨਾਲ ਮਿੱਟੀ ਹੋਏ ਰਹੀਦਾ ਹੈ, ਇਨ੍ਹਾਂ ਕਕਾਰਾਂ ਨੂੰ ਕੌਣ ਸਾਂਭੇਗਾ?

ਬਾਬਾ ਜੀ ਨੇ ਉੱਤਰ ਦਿੱਤਾ ਕਿ ਵੇਖ ਦਇਆ ਸਿੰਘ! ਤੇਰੇ ਦੂਸਰੇ ਚਾਰ ਭਰਾਵਾਂ ਨੇ ਅੰਮ੍ਰਿਤ ਛਕਿਆ ਹੋਇਆ ਹੈ। ਉਹ ਵੀ ਤੇਰੇ ਭਰਾ ਹੀ ਹਨ, ਉਨ੍ਹਾਂ ਦੇ ਨਾਉਂ ਨਾਲੋਂ ਕਿਤੇ ਜੱਟਪੁਣਾ ਲਹਿ ਤਾਂ ਨਹੀਂ ਗਿਆ। ਉਹ ਵੀ ਸਾਰਾ ਦਿਨ ਤੇਰੇ ਨਾਲ ਹੀ ਖੇਤਾਂ ਵਿੱਚ ਕੰਮ ਕਰਦੇ ਹਨ ਤੇ ਪੂਰੀ ਰਹਿਤ ਵੀ ਰੱਖਦੇ ਹਨ। ਉਨ੍ਹਾਂ ਨੇ ਤਾਂ ਕਦੇ ਇਹ ਗਿਲ਼ਾ ਨਹੀਂ ਕੀਤਾ ਕਿ ਕਕਾਰ ਸਾਡੇ ਕੰਮ ਕਾਰ ਵਿੱਚ ਕਿਸੇ ਤਰ੍ਹਾਂ ਦੀ ਰੁਕਾਵਟ ਪਾਉਂਦੇ ਹਨ, ਤੂੰ ਐਂਵੇਂ ਬਹਾਨੇ-ਬਾਜ਼ੀ ਨਾ ਕਰ; ਇਸ ਵਿੱਚ ਤੇਰਾ ਹੀ ਭਲਾ ਹੈ। ਜੇ ਭਲਾ ਤੂੰ ਸ਼ਰਾਬ ਨਾ ਛੱਡੇਂ ਤੇ ਅੰਮ੍ਰਿਤ ਨਾ ਛਕੇਂ ਤਾਂ ਸਾਡਾ ਕੀ ਨੁਕਸਾਨ ਹੈ? ਅਸੀਂ ਤਾਂ ਕੇਵਲ ਤੇਰੇ ਭਲੇ ਲਈ ਤੈਨੂੰ ਕਿਹਾ ਹੈ। ਦੂਜੇ ਤੂੰ ਆਪ ਹੀ ਸੇਵਾ ਪੁੱਛੀ ਹੈ ਅਤੇ ਹੁਣ ਤੂੰ ਸੇਵਾ ਕਰਨ ਤੋਂ ਮੁਨਕਰ ਹੋ ਰਿਹਾ ਹੈਂ।

ਦਇਆ ਸਿੰਘ ਨੇ ਕਿਹਾ ਕਿ ਮੈਂ ਤਾਂ ਇੱਟਾਂ ਅਤੇ ਰੇਤ ਦੀ ਸੇਵਾ ਪੁੱਛੀ ਸੀ ਨਾ ਕਿ ਸ਼ਰਾਬ ਦਾ ਤਿਆਗ ਕਰਨ ਅਤੇ ਅੰਮ੍ਰਿਤ ਛਕਣ ਆਇਆ ਹਾਂ। ਬਾਬਾ ਜੀ ਕਹਿਣ ਲੱਗੇ ਕਿ ਭਲਿਆ ਲੋਕਾ! ਤੇਰੀ ਮਰਜ਼ੀ; ਅਸੀਂ ਤਾਂ ਤੈਨੂੰ ਪਹਿਲਾਂ ਕਹੀ ਸੇਵਾ ਨਾਲੋਂ ਕਈ ਗੁਣਾਂ ਜ਼ਿਆਦਾ ਲਾਭ ਦੇਣ ਵਾਲੀ ਸੇਵਾ ਦੱਸੀ ਹੈ। ਉਸ ਨੂੰ ਕਰਨਾ ਜਾਂ ਨਾ ਕਰਨਾ ਹੁਣ ਤੇਰੀ ਮਰਜ਼ੀ ਹੈ।

ਉੱਧਰ ਦਇਆ ਸਿੰਘ ਨੇ ਮਨ ਵਿੱਚ ਸੋਚਿਆ ਕਿ ਮੈਂ ਤਾਂ ਸੋਚਿਆ ਸੀ ਕਿ ਅੱਜ ਕੱਲ੍ਹ ਵਿਹਲ ਹੈ ਇੱਕ-ਦੋ ਗੱਡੇ ਇੱਟਾਂ ਜਾਂ ਰੇਤਾ ਦੇ ਲਿਆ ਦੇਵਾਂਗੇ। ਸੰਤਾਂ ਦੀ ਇਸ ਤਰ੍ਹਾਂ ਖ਼ੁਸ਼ੀ ਹੋ ਜਾਵੇਗੀ। ਇਹ ਤਾਂ ਖੂਹ ਪਿਆ ਵਹਿੜਾ ਨੱਥਣ ਲੱਗ ਪਏ ਹਨ ਕਿ ਇਹ ਹੁਣ ਚੱਲ ਕੇ ਸਾਡੇ ਪਾਸ ਸੇਵਾ ਪੁੱਛਣ ਆਇਆ ਹੈ, ਇਸ ਦੀ ਸ਼ਰਾਬ ਹੀ ਛਡਾ ਦੇਈਏ ਅਤੇ ਗਲ ਵਿੱਚ ਕ੍ਰਿਪਾਨ ਵੀ ਪੁਆ ਦੇਈਏ। ਮਨਾਂ! ਇਹ ਗੱਲ ਔਖੀ ਹੈ, ਇੱਥੋਂ ਛੇਤੀ ਚੱਲ; ਕੋਈ ਹੋਰ ਨਾ ਸ਼ਰਤ ਰੱਖ ਦੇਣ ਕਿ ਨਾਲ ਇਹ ਵੀ ਕਰ ਲੈ। ਸੋਚ ਕੇ ਬਾਬਾ ਜੀ ਨੂੰ ਕਿਹਾ ਕਿ ਚੰਗਾ ਮਹਾਰਾਜ! ਮੈਂ ਚੱਲਦਾ ਹਾਂ। ਬਾਬਾ ਜੀ ਨੇ ਤੁਰਨ ਲੱਗੇ ਦਇਆ ਸਿੰਘ ਨੂੰ ਕਹਿਆ ਕਿ ਸਾਡਾ ਤੇਰੇ ਪਿਤਾ ਜੀ ਅਤੇ ਤੁਹਾਡੇ ਪਰਿਵਾਰ ਨਾਲ ਬਹੁਤ ਪਿਆਰ ਹੈ, ਜਿਸ ਕਰਕੇ ਅਸੀਂ ਤੈਨੂੰ ਉਪ੍ਰੋਕਤ ਬਚਨ ਕਿਹਾ ਹੈ। ਜੇ ਤੂੰ ਮੰਨ ਲੈਂਦਾ ਤਾਂ ਚੰਗਾ ਸੀ। ਸਾਡਾ ਵੀ ਕਹੇ ਦਾ ਮਾਣ ਰਹਿ ਜਾਣਾ ਸੀ ਅਤੇ ਤੇਰਾ ਵੀ ਭਲਾ ਹੋ ਜਾਣਾ ਸੀ। ਪਰ ਯਾਦ ਰੱਖੀਂ! ਜੇ ਬੰਦਾ ਕਿਸੇ ਦੇ ਕਹਿਣ ਤੇ ਚੰਗੇ ਪਾਸੇ ਨਾ ਆਵੇ ਤਾਂ ਕੁਦਰਤ ਉਸ ਨੂੰ ਕਈ ਵਾਰੀ ਹੋਰ ਤਰੀਕੇ ਨਾਲ ਸਿੱਧੇ ਰਸਤੇ ਲੈ ਆਉਂਦੀ ਹੈ। ਇਹ ਬਚਨ ਸੁਣ ਕੇ ਨਿੰਮੋਝੂਣਾ ਜਿਹਾ ਹੋ ਕੇ ਦਇਆ ਸਿੰਘ ਵਾਪਿਸ ਆਪਣੇ ਡੇਰੇ ਪਰਤ ਗਿਆ।

ਜੀਵਨ ਇੰਝ ਵੀ ਬਦਲਦਾ ਹੈ

ਸਮਾਂ ਬੀਤਦਾ ਗਿਆ। ਦਇਆ ਸਿੰਘ ਪੂਰਬਲੇ ਕਰਮਾਂ ਅਧੀਨ ਆਪਣੇ ਮਨ ਦੇ ਨਿਰਧਾਰਤ ਕੀਤੇ ਮਾਰਗ ਤੇ ਚੱਲਦਾ ਰਿਹਾ। ਸ. ਬਾਵਾ ਸਿੰਘ ਜੀ ਵੀ ਇਸ ਦੇ ਭੈੜੇ ਸੁਭਾਅ ਤੋਂ ਤੰਗ ਸਨ। ਉਨ੍ਹਾਂ ਵੀ ਕਈ ਵਾਰ ਸਮਝਾਇਆ ਪਰ ਸਫਲਤਾ ਨਾ ਮਿਲੀ।

6-7 ਮਹੀਨੇ ਦਾ ਸਮਾਂ ਬੀਤ ਗਿਆ, ਦੁਸਹਿਰੇ

ਦਾ ਮੇਲਾ ਆ ਢੁੱਕਾ। ਹਰ ਸਾਲ ਦੀ ਤਰ੍ਹਾਂ ਦਇਆ ਸਿੰਘ ਹੁਰੀਂ ਵੀ ਮਾਂਡੀ ਵਾਲੀ ਪੱਗ ਬੰਨ੍ਹ, ਤੰਬਾ ਲਾ, ਚੰਗੀ ਤਰ੍ਹਾਂ ਤਿਆਰ ਹੋ ਕੇ ਦੁਸਹਿਰਾ ਮਨਾਉਣ ਵਾਸਤੇ ਸੋਮ-ਰਸ ਨਾਲ ਗੜ੍ਹੁੰਦ ਹੋ ਕੇ ਗੜ੍ਹਦੀਵਾਲੇ ਸਾਥੀਆਂ ਨਾਲ ਮੇਲੇ ਵਿੱਚ ਪੁੱਜ ਗਏ। ਜਿਵੇਂ ਕਿ ਇਸ ਭੈੜੀ ਚੰਦਰੀ ਸ਼ਰਾਬ ਦਾ ਸੁਭਾਅ ਹੀ ਹੈ ਕਿ ਜਿਸ ਦੇ ਅੰਦਰ ਚਲੀ ਜਾਵੇ ਉਸ ਦੀ ਮੱਤ ਵਿੱਚੋਂ ਆਪਣਾ-ਪਰਾਇਆ ਅਤੇ ਚੰਗੀ ਸੋਚ ਨਿਕਲ ਜਾਂਦੀ ਹੈ ਅਤੇ ਝੱਲਪੁਣਾ ਆ ਜਾਂਦਾ ਹੈ। ਉਸ ਝੱਲਪੁਣੇ ਵਿੱਚ ਮਨੁੱਖ ਆਪਣੇ ਨੂੰ ਵੀ ਮੋਢਾ ਮਾਰਦਾ ਹੈ ਅਤੇ ਦੂਸਰੇ ਨੂੰ ਵੀ ਟਿੱਚ ਸਮਝਦਾ ਹੈ। ਸੋ ਸ਼ਰਾਬ ਨੂੰ ਖੇੜਨ ਵਾਸਤੇ ਦਇਆ ਸਿੰਘ ਨੇ ਵੀ ਖਰਮਸਤੀ ਕਰਨੀ ਸ਼ੁਰੂ ਕਰ ਦਿੱਤੀ। ਸਰੀਰ ਤਕੜਾ ਸੀ, ਕਈਆਂ ਨੂੰ ਗਾਲ੍ਹੀ ਗਲੋਚ ਕੀਤਾ। ਇਸੇ ਦੌਰਾਨ ਕੁਝ ਸਿਪਾਹੀ, ਜਿਹਨਾਂ ਦੀ ਮੇਲੇ ਵਿੱਚ ਡਿਊਟੀ ਸੀ, ਉਹ ਵੀ ਇਧਰ ਆ ਨਿਕਲੇ। ਉਹਨਾਂ ਨੇ ਦਇਆ ਸਿੰਘ ਨੂੰ ਰੋਕਣ ਦਾ ਯਤਨ ਕੀਤਾ ਪਰ ਇਸ ਵੇਲੇ ਦਇਆ ਸਿੰਘ ਨੂੰ ਤਾਂ ਹਾਥੀ ਵੀ ਕੀੜੀ ਜਾਪਦਾ ਸੀ। ਇਸ ਨੇ ਸਿਪਾਹੀਆਂ ਨੂੰ ਵੀ ਗਾਲ੍ਹਾਂ ਕੱਢ ਮਾਰੀਆਂ ਤੇ ਨੌਬਤ ਹੱਥੋ ਪਾਈ ਤੱਕ ਪੁੱਜ ਗਈ। ਉਹਨਾਂ ਚਾਰਾਂ-ਪੰਜਾਂ ਨੇ ਫੜ ਕੇ ਲੱਕ ਨਾਲੋਂ ਤੰਬਾ ਖੋਲ੍ਹ ਕੇ ਲੱਤਾਂ ਬੰਨ੍ਹ ਲਈਆਂ, ਸਿਰੋਂ ਪੱਗ ਲਾਹ ਕੇ ਹੱਥ ਨੂੜ ਲਏ। ਮਾਰਦੇ ਕੁੱਟਦੇ ਥਾਣੇ ਲੈ ਗਏ, ਉੱਥੇ ਲਿਜਾ ਕੇ ਵੀ ਆਪਣੀ ਪੂਰੀ ਤਸੱਲੀ ਕੀਤੀ ਤੇ ਹਵਾਲਾਤ ਅੰਦਰ ਦੇ ਦਿੱਤਾ।

ਹੋਸ਼ ਉਪ੍ਰੰਤ ਦਇਆ ਸਿੰਘ ਵੇਖੇ ਕਿ ਮੈਂ ਤਾਂ ਦੁਸਹਿਰਾ ਦੇਖਣ ਆਇਆ ਸਾਂ, ਇਹ ਤਾਂ ਹੋਰ ਹੀ ਰਾਮਲੀਲ੍ਹਾ ਬਣੀ ਹੋਈ ਹੈ। ਸਿਰ 'ਤੇ ਪੱਗ ਅਤੇ ਤੇੜ ਤੰਬਾ ਵੀ ਨਹੀਂ ਹੈ। ਜੇਬ ਵਿਚਲੇ ਪੈਸੇ ਵੀ ਗਾਇਬ ਹਨ ਤੇ ਸਰੀਰ ਵੀ ਸਾਰਾ ਮਾਰ ਨਾਲ ਸਿੱਥਲ ਹੈ। ਬੜੀ ਅਜੀਬ ਹਾਲਤ ਵਿੱਚ ਮਨ ਆਪਣੇ ਆਪ ਨੂੰ ਲਾਹਨਤਾਂ ਪਾ ਰਿਹਾ ਹੈ। ਸ਼ਾਮ ਪੈ ਗਈ ਕਿਸੇ ਨੇ ਪਾਣੀ ਤੱਕ ਨਾ ਦਿੱਤਾ। ਲੋਕੀਂ ਆਪੋ-ਆਪਣੇ ਘਰਾਂ ਨੂੰ ਤੁਰ ਗਏ। ਦਇਆ ਸਿੰਘ ਨੂੰ ਵੀ ਉਡੀਕ ਸੀ ਕਿ ਜਦੋਂ ਮੇਰੇ ਸਾਥੀ ਪਿੰਡ ਜਾ ਕੇ ਘਰਦਿਆਂ ਨੂੰ ਦੱਸਣਗੇ ਤਾਂ ਉਹ ਮੈਨੂੰ ਛੁਡਾ ਕੇ ਲੈ ਜਾਣਗੇ। ਪਰ ਇਧਰ ਜਦੋਂ ਇਹ ਸਾਰੀ ਕਹਾਣੀ ਸਾਥੀਆਂ ਨੇ ਸ. ਬਾਵਾ ਸਿੰਘ ਨੂੰ ਦੱਸੀ ਤਾਂ ਉਹਨਾਂ ਨੇ ਸਾਫ਼ ਨਾਂਹ ਕਰ ਦਿੱਤੀ ਕਿ ਮੈਂ ਉਸ ਦੇ ਮਗਰ ਨਹੀਂ ਜਾਣਾ। ਜਦੋਂ ਥਾਣੇ ਵਾਲੇ ਪੁੱਛਣਗੇ ਕਿ ਸ. ਬਾਵਾ ਸਿੰਘ! ਇਹ ਤੇਰਾ ਲੜਕਾ ਹੈ ਤਾਂ ਮੈਂ ਉਹਨਾਂ ਨੂੰ ਕੀ ਉੱਤਰ ਦੇਵਾਂਗਾ? ਪਿੰਡ ਦੇ ਕਈ ਪਤਵੰਤੇ ਸੱਜਣਾਂ ਨੇ ਸ. ਬਾਵਾ ਸਿੰਘ ਨੂੰ ਥਾਣੇ ਜਾਣ ਲਈ ਕਿਹਾ ਪਰ ਸ. ਬਾਵਾ ਸਿੰਘ ਜੀ ਅਸੂਲ ਦੇ ਪੱਕੇ ਸਨ, ਉਹਨਾਂ ਫਿਰ ਸਾਫ਼ ਉੱਤਰ ਦਿੱਤਾ ਕਿ ਤੁਸੀਂ ਜਾਣਾ ਹੈ ਤਾਂ ਚਲੇ ਜਾਵੋ ਪਰ ਮੈਂ ਕਿਸੇ ਸ਼ਰਾਬੀ ਦੀ ਸਿਫ਼ਾਰਸ਼ ਤੇ ਨਹੀਂ ਜਾਣਾ, ਭਾਵੇਂ ਉਹ ਮੇਰਾ ਸਕਾ ਪੁੱਤਰ ਹੀ ਹੈ। ਇਹ ਅਸੂਲੀ ਦ੍ਰਿੜ੍ਹਤਾ ਵੇਖ ਕੇ ਪਿੰਡ ਦੇ ਬਾ-ਰਸੂਖ਼ ਬੰਦੇ ਥਾਣੇ ਗਏ ਤੇ ਥਾਣੇਦਾਰ ਨੂੰ ਸਾਰੀ ਗੱਲ ਦੱਸੀ ਕਿ ਸ. ਬਾਵਾ ਸਿੰਘ ਹੁਰੀਂ ਇਸ ਕਾਰਨ ਨਹੀਂ ਆਏ। ਅਸੀਂ ਸਾਰੇ ਉਹਨਾਂ ਦੀ ਥਾਂ ਆਏ ਹਾਂ ਤੇ ਇਸ ਨੂੰ ਸਮਝਾਵਾਂਗੇ। ਉਮੀਦ ਹੈ ਹੁਣ ਅਗਾਂਹ ਤੋਂ ਕੋਈ ਇਹੋ ਜਿਹੀ ਸ਼ਕਾਇਤ ਦਾ ਤੁਹਾਨੂੰ ਮੌਕਾ ਨਹੀਂ ਮਿਲੇਗਾ। ਥਾਣੇਦਾਰ ਸਿਆਣਾ ਸੀ, ਪਿਤਾ ਦੀ ਦਿਆਨਤਦਾਰੀ ਤੇ ਲੰਮੇਰੀ ਸੂਝ ਨੂੰ ਚੰਗੀ ਤਰ੍ਹਾਂ ਸਮਝ ਗਿਆ। ਆਏ ਸੱਜਣਾਂ ਨੂੰ ਕਿਹਾ ਕਿ ਤੁਸੀਂ ਇਸ ਨੂੰ ਪੁੱਛ ਲਵੋ ਜੇ ਅਗਾਂਹ ਲਈ ਇਹ ਸ਼ਰਾਬ ਪੀਣੀ ਛੱਡ ਦੇਵੇ ਤਾਂ ਅਸੀਂ ਇਸ ਨੂੰ ਇਸ ਦੇ ਬਾਪ ਦੀ ਸ਼ਰਾਫ਼ਤ ਕਾਰਨ ਛੱਡ ਦਿੰਦੇ ਹਾਂ। (ਚਲਦਾ)

ਅਮਰੀਕਾ ਵਿਚ ਚੋਣ ਧੋਖਾਧੜੀ ਦੇ ਮਾਮਲੇ 'ਚ 16 ਵਿਅਕਤੀਆਂ ਖ਼ਿਲਾਫ਼ ਕਾਰਵਾਈ

ਤਿੰਨ ਪਾਕਿ ਨਾਗਰਿਕ ਵੀ ਸ਼ਾਮਿਲ

ਨਿਊਯਾਰਕ : ਅਮਰੀਕੀ ਨਿਆਂ ਵਿਭਾਗ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਗੈਰ-ਕਾਨੂੰਨੀ ਵੋਟਿੰਗ ਅਤੇ ਚੋਣ ਧੋਖਾਧੜੀ ਦੇ ਮਾਮਲਿਆਂ ਵਿਚ 16 ਵਿਅਕਤੀਆਂ ਖ਼ ?ਲਾਫ਼ ਅਪਰਾਧਿਕ ਦੋਸ਼ ਲਗਾਏ ਹਨ। ਇਨ੍ਹਾਂ ਵਿਚ ਤਿੰਨ ਪਾਕਿਸਤਾਨੀ ਨਾਗਰਿਕ ਵੀ ਸ਼ਾਮਿਲ ਹਨ। ਦੋਸ਼ਾਂ 'ਚ ਅਮਰੀਕੀ ਨਾਗਰਿਕ ਨਾ ਹੋਣ ਦੇ ਬਾਵਜੂਦ ਵੋਟ ਪਾਉਣਾ, ਝੂਠੀ ਜਾਣਕਾਰੀ ਨਾਲ ਵੋਟਰ ਰਜਿਸਟ੍ਰੇਸ਼ਨ ਕਰਵਾਉਣਾ, ਇਕੋ ਚੋਣ ਵਿਚ ਦੋ ਵਾਰ ਵੋਟ ਪਾਉਣਾ ਅਤੇ ਮ੍ਰਿਤਕ ਵਿਅਕਤੀ ਦੀ ਵੋਟ ਵਰਤਣ ਦੀ ਕੋਸ਼ਿਸ਼ ਸ਼ਾਮਿਲ ਹੈ। ਪੈਨਸਿਲਵੇਨੀਆ ਵਿਚ ਪਾਕਿਸਤਾਨੀ ਨਾਗਰਿਕ ਜਮੀਲ ਅਹਿਮਦ (50), ਨਿਘਤ ਜਮੀਲ (47), ਫਰਾਂਸ ਦੀ ਹਸੀਨਾ ਸਾਦੀ (4 8) ਅਤੇ ਪੁਰਤਗਾਲ ਦੇ ਪਾਓਲੋ ਸਿਲਵਾ (54) ਉੱਤੇ 2024 ਦੀਆਂ ਚੋਣਾਂ ਵਿਚ ਗੈਰ-ਕਾਨੂੰਨੀ ਵੋਟ ਪਾਉਣ ਦੇ ਦੋਸ਼ ਲਗਾਏ ਗਏ ਹਨ। ਓਹਾਇਓ ਵਿਚ ਪਾਕਿਸਤਾਨੀ ਨਾਗਰਿਕ ਅਰਸ਼ਦ ਜ਼ੁਬੇਰੀ (69) ਉੱਤੇ ਅਮਰੀਕੀ ਨਾਗਰਿਕ ਨਾ ਹੋਣ ਦੇ ਬਾਵਜੂਦ ਘੱਟੋ-ਘੱਟ ਛੇ ਚੋਣਾਂ ਵਿਚ ਵੋਟ ਪਾਉਣ ਦਾ ਦੋਸ਼ ਹੈ। ਮਿਸੂਰੀ ਵਿਚ ਕਿਊਬਾ ਦੇ ਨਾਗਰਿਕ ਆਂਦਰੇਸ ਗਾਰਸੀਆ (64) ਉੱਤੇ ਪਿਛਲੇ 20 ਸਾਲਾਂ ਦੌਰਾਨ ਘੱਟੋ-ਘੱਟ 15 ਚੋਣਾਂ ਵਿਚ ਵੋਟ ਪਾਉਣ ਦਾ ਦੋਸ਼ ਲੱਗਾ ਹੈ। ਓਹਾਇਓ ਵਿਚ ਬ੍ਰਿਟਿਸ਼ ਨਾਗਰਿਕ ਕੈਰੀ ਐਨ ਪੈਟਰਸਨ (59) ਉੱਤੇ ਵੀ ਘੱਟੋ-ਘੱਟ 10 ਚੋਣਾਂ ਵਿਚ ਗੈਰ-ਕਾਨੂੰਨੀ ਵੋਟ ਪਾਉਣ ਦੇ ਦੋਸ਼ ਹਨ। ਨਿਊ ਮੈਕਸੀਕੋ ਵਿਚ ਪੈਟਰਿਕ ਪੇਰੀਆ (62) ਉੱਤੇ ਆਪਣੀ ਮ੍ਰਿਤਕ ਪਤਨੀ ਦੀ ਵੋਟ ਪਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਹੈ, ਜਦਕਿ ਨਾਰਥ ਕੈਰੋਲੀਨਾ ਦੇ ਫੋਰੈਸਟ ਸਕਾਟ ਵੂਡੀ (68) ਉੱਤੇ 2024 ਦੀਆਂ ਚੋਣਾਂ ਵਿਚ ਦੋ ਵੱਖ-ਵੱਖ ਸੂਬਿਆਂ ਵਿਚ ਵੋਟ ਪਾਉਣ ਦਾ ਦੋਸ਼ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਨਿਊਜਰਸੀ, ਅਲਾਬਾਮਾ, ਆਇਡਾਹੋ, ਹਵਾਈ ਅਤੇ ਕੈਂਟਕੀ ਵਿਚ ਵੀ ਗੈਰ-ਕਾਨੂੰਨੀ ਵੋਟਿੰਗ ਦੇ ਮਾਮਲੇ ਸਾਹਮਣੇ ਆਏ ਹਨ। ਨਿਊਜਰਸੀ ਦੀ ਲਿਜ਼ਬੈਥ ਅਲਮੋਂਟੇ ਰੋਜ਼ਾ (24) ਉੱਤੇ ਗੈਰ-ਕਾਨੂੰਨੀ ਵੋਟਿੰਗ ਦੇ ਨਾਲ ਧੋਖੇ ਨਾਲ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਦਾ ਦੋਸ਼ ਵੀ ਲਗਾਇਆ ਗਿਆ ਹੈ।

ਅਮਰੀਕਾ ਵਿਚ ਗ੍ਰੀਨ ਕਾਰਡ ਦੇ ਕਈ ਰਸਤੇ, 'ਈ.ਬੀ.-2' ਰਾਹੀਂ ਪਤੀ-ਪਤਨੀ ਤੇ ਬੱਚਿਆਂ ਨੂੰ ਵੀ ਮਿਲ ਸਕਦੀ ਹੈ ਪੱਕੀ ਰਿਹਾਇਸ਼

ਨਿਊਯਾਰਕ : ਅਮਰੀਕਾ ਵਿਚ ਪੱਕੀ ਰਿਹਾਇਸ਼ ਹਾਸਿਲ ਕਰਨ ਦੇ ਚਾਹਵਾਨ ਵਿਦੇਸ਼ੀ ਨਾਗਰਿਕਾਂ ਲਈ ਕਈ ਰਸਤੇ ਉਪਲਬਧ ਹਨ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐਸ.ਸੀ.ਆਈ.ਐਸ.) ਅਨੁਸਾਰ ਪਰਿਵਾਰਕ ਰਿਸ਼ਤਿਆਂ, ਨੌਕਰੀ, ਉੱਚ ਸਿੱਖਿਆ, ਵਿਸ਼ੇਸ਼ ਯੋਗਤਾ ਅਤੇ ਨਿਵੇਸ਼ ਦੇ ਆਧਾਰ 'ਤੇ ਗ੍ਰੀਨ ਕਾਰਡ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ। ਖਾਸ ਗੱਲ ਇਹ ਹੈ ਕਿ 'ਈ.ਬੀ.-2' ਸ਼੍ਰੇਣੀ ਤਹਿਤ ਯੋਗ ਵਿਅਕਤੀ ਦੇ ਪਤੀ ਜਾਂ ਪਤਨੀ ਅਤੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ ਵੀ ਪੱਕੀ ਰਿਹਾਇਸ਼ ਹਾਸਿਲ ਕਰ ਸਕਦੇ ਹਨ। ਰੁਜ਼ਗਾਰ ਦੇ ਆਧਾਰ 'ਤੇ ਗ੍ਰੀਨ ਕਾਰਡ ਦੀਆਂ ਤਿੰਨ ਮੁੱਖ ਸ਼੍ਰੇਣੀਆਂ ਈ.ਬੀ.-1, ਈ.ਬੀ.-2 ਅਤੇ ਈ.ਬੀ.-3 ਹਨ। ਈ.ਬੀ.-1 ਅਸਾਧਾਰਨ ਯੋਗਤਾ ਵਾਲੇ ਵਿਅਕਤੀਆਂ, ਖੋਜਕਰਤਾਵਾਂ ਅਤੇ ਕੁਝ ਉੱਚ ਅਧਿਕਾਰੀਆਂ ਲਈ ਹੈ। ਈ.ਬੀ.-2 ਉੱਚ ਡਿਗਰੀ ਜਾਂ ਵਿਸ਼ੇਸ਼ ਯੋਗਤਾ ਰੱਖਣ ਵਾਲਿਆਂ ਲਈ ਹੈ, ਜਦਕਿ ਈ.ਬੀ.-3 ਵਿਚ ਹੁਨਰਮੰਦ, ਪੇਸ਼ੇਵਰ ਅਤੇ ਘੱਟ ਤਜਰਬੇ ਵਾਲੇ ਕਾਮੇ ਸ਼ਾਮਿਲ ਹੋ ਸਕਦੇ ਹਨ। ਈ.ਬੀ .-2 ਲਈ ਮਾਸਟਰ ਡਿਗਰੀ ਜਾਂ ਬੈਚਲਰ ਡਿਗਰੀ ਦੇ ਨਾਲ ਸੰਬੰਧਿਤ ਖੇਤਰ ਵਿਚ ਘੱਟੋ-ਘੱਟ ਪੰਜ ਸਾਲ ਦਾ ਵਧਦੀ ਜ਼ਿੰਮੇਵਾਰੀ ਵਾਲਾ ਤਜਰਬਾ ਯੋਗਤਾ ਦਾ ਆਧਾਰ ਬਣ ਸਕਦਾ ਹੈ। ਵਿਸ਼ੇਸ਼ ਯੋਗਤਾ ਵਾਲਿਆਂ ਨੂੰ ਛੇ ਨਿਰਧਾਰਤ ਮਾਪਦੰਡਾਂ ਵਿਚੋਂ ਘੱਟੋ-ਘੱਟ ਤਿੰਨ ਦੇ ਸਬੂਤ ਦੇਣੇ ਪੈਂਦੇ ਹਨ। ਆਮ ਤੌਰ 'ਤੇ ਕੰਪਨੀ ਦੀ ਸਪਾਂਸਰਸ਼ਿਪ ਲੋੜੀਂਦੀ ਹੁੰਦੀ ਹੈ ਪਰ ਨੈਸ਼ਨਲ

ਇੰਟਰੈਸਟ ਵੇਵਰ (ਐਨ.ਆਈ.ਡਬਲਯੂ.) ਤਹਿਤ ਯੋਗ ਵਿਅਕਤੀ ਅਮਰੀਕੀ ਕੰਪਨੀ ਦੀ ਸਪਾਂਸਰਸ਼ਿਪ ਤੋਂ ਬਿਨਾਂ ਵੀ ਖੁਦ ਪਟੀਸ਼ਨ ਦਾਇਰ ਕਰ ਸਕਦਾ ਹੈ। ਇਸ ਲਈ ਉਸ ਦੇ ਕੰਮ ਦਾ ਅਮਰੀਕਾ ਦੇ ਰਾਸ਼ਟਰੀ ਹਿੱਤ ਵਿੱਚ ਹੋਣਾ ਜ਼ਰੂਰੀ ਹੈ।ਪਰਿਵਾਰਕ ਸ਼੍ਰੇਣੀ ਵਿਚ ਅਮਰੀਕੀ ਨਾਗਰਿਕ ਆਪਣੇ ਪਤੀ ਜਾਂ ਪਤਨੀ, ਬੱਚਿਆਂ, ਮਾਪਿਆਂ ਅਤੇ ਨਿਰਧਾਰਤ ਸ਼ਰਤਾਂ ਅਧੀਨ ਹੋਰ ਰਿਸ਼ਤੇਦਾਰਾਂ ਨੂੰ ਸਪਾਂਸਰ ਕਰ ਸਕਦੇ ਹਨ। ਗ੍ਰੀਨ ਕਾਰਡ ਧਾਰਕ ਵੀ ਆਪਣੇ ਪਤੀ ਜਾਂ ਪਤਨੀ ਅਤੇ ਅਣਵਿਆਹੇ ਬੱਚਿਆਂ ਲਈ ਅਰਜ਼ੀ ਦੇ ਸਕਦੇ ਹਨ।ਇਸ ਤੋਂ ਇਲਾਵਾ ਈ.ਬੀ.-5 ਤਹਿਤ ਨਿਵੇਸ਼ਕਾਂ ਲਈ ਆਮ ਤੌਰ 'ਤੇ 10 ਲੱਖ 50 ਹਜ਼ਾਰ ਡਾਲਰ ਅਤੇ ਕੁਝ ਨਿਰਧਾਰਤ ਖੇਤਰਾਂ ਵਿਚ 8 ਲੱਖ ਡਾਲਰ ਦੇ ਨਿਵੇਸ਼ ਦੀ ਵਿਵਸਥਾ ਹੈ। ਇਸ ਰਾਹੀਂ ਘੱਟੋ-ਘੱਟ 10 ਯੋਗ ਮੁਲਾਜ਼ਮਾਂ ਲਈ ਨੌਕਰੀਆਂ ਪੈਦਾ ਕਰਨਾ ਵੀ ਜ਼ਰੂਰੀ ਹੈ। ਕੁਝ ਡਾਕਟਰਾਂ, ਧਾਰਮਿਕ ਕਾਮਿਆਂ, ਸ਼ਰਨਾਰਥੀਆਂ, ਅਪਰਾਧ ਜਾਂ ਮਨੁੱਖੀ ਤਸਕਰੀ ਦੇ ਪੀੜਤਾਂ ਅਤੇ ਡਾਇਵਰਸਿਟੀ ਵੀਜ਼ਾ ਲਾਟਰੀ ਵਿੱਚ ਚੁਣੇ ਗਏ ਯੋਗ ਵਿਅਕਤੀਆਂ ਲਈ ਵੀ ਵੱਖਰੇ ਰਸਤੇ ਹਨ। ਇਮੀਗ੍ਰੇਸ਼ਨ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਈ.ਬੀ.-2 ਸਮੇਤ ਇਹ ਸਾਰੀਆਂ ਪਹਿਲਾਂ ਤੋਂ ਮੌਜੂਦ ਗ੍ਰੀਨ ਕਾਰਡ ਸ਼੍ਰੇਣੀਆਂ ਹਨ, ਕੋਈ ਨਵੀਂ ਯੋਜਨਾ ਨਹੀਂ। ਸਿਰਫ਼ ਅਰਜ਼ੀ ਜਾਂ ਆਈ-140 ਪਟੀਸ਼ਨ ਮਨਜ਼ੂਰ ਹੋਣ ਨਾਲ ਪੱਕੀ ਰਿਹਾਇਸ਼ ਨਹੀਂ ਮਿਲਦੀ। ਇਸ ਲਈ ਵੀਜ਼ਾ ਉਪਲਬਧ ਹੋਣਾ ਅਤੇ ਸਾਰੀਆਂ ਕਾਨੂੰਨੀ ਸ਼ਰਤਾਂ ਪੂਰੀਆਂ ਕਰਨਾ ਲਾਜ਼ਮੀ ਹੈ।

2016 ਦੀਆਂ ਰਾਸ਼ਟਰਪਤੀ ਚੋਣਾਂ ਦਾ ਵਿਵਾਦ ਮੁੜ ਭਖਿਆ

ਟਰੰਪ ਨੇ ਹਿਲੇਰੀ ਕਲਿੰਟਨ ਖ਼ਿਲਾਫ਼ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਲ 2016 ਦੀਆਂ ਰਾਸ਼ਟਰਪਤੀ ਚੋਣਾਂ ਨਾਲ ਜੁੜੇ ਪੁਰਾਣੇ ਵਿਵਾਦ ਨੂੰ ਲੈ ਕੇ ਸੁਪਰੀਮ ਕੋਰਟ ਦਾ ਰੁਖ ਕੀਤਾ ਹੈ। ਟਰੰਪ ਚਾਹੁੰਦੇ ਹਨ ਕਿ ਡੈਮੋਕ੍ਰੇਟਿਕ ਪਾਰਟੀ ਦੀ ਸਾਬਕਾ ਰਾਸ਼ਟਰਪਤੀ ਉਮੀਦਵਾਰ ਹਿਲੇਰੀ ਕਲਿੰਟਨ ਅਤੇ ਹੋਰਨਾਂ ਵਿਰੁੱਧ ਉਨ੍ਹਾਂ ਦਾ ਪਹਿਲਾਂ ਖਾਰਜ ਹੋਇਆ ਮੁਕੱਦਮਾ ਮੁੜ ਸ਼ੁਰੂ ਕੀਤਾ ਜਾਵੇ। ਟਰੰਪ ਦਾ ਦੋਸ਼ ਹੈ ਕਿ 2016 ਦੀਆਂ ਚੋਣਾਂ ਦੌਰਾਨ ਹਿਲੇਰੀ ਕਲਿੰਟਨ, ਐੱਫਬੀਆਈ ਦੇ ਸਾਬਕਾ ਡਾਇਰੈਕਟਰ ਜੇਮਸ ਕੋਮੀ ਅਤੇ ਹੋਰਨਾਂ ਨੇ ਮਿਲ ਕੇ ਉਨ੍ਹਾਂ ਦੀ ਚੋਣ ਮੁਹਿੰਮ ਨੂੰ ਰੂਸ ਨਾਲ ਜੋੜ ਕੇ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਸੀ। ਟਰੰਪ ਨੇ ਇਹ ਮੁਕੱਦਮਾ 2022 ਵਿਚ ਫਲੋਰੀਡਾ ਦੀ ਸੰਘੀ ਅਦਾਲਤ ਵਿੱਚ ਦਾਇਰ ਕੀਤਾ ਸੀ। ਅਦਾਲਤ ਨੇ ਮੁਕੱਦਮੇ ਵਿੱਚ ਕਾਨੂੰਨੀ ਖਾਮੀਆਂ ਅਤੇ ਕੁਝ ਦਾਅਵੇ ਦੇਰੀ ਨਾਲ ਦਾਇਰ ਕੀਤੇ ਜਾਣ ਕਾਰਨ ਇਸ ਨੂੰ ਖਾਰਜ ਕਰ ਦਿੱਤਾ ਸੀ। ਅਦਾਲਤ ਨੇ ਟਰੰਪ ਅਤੇ ਉਨ੍ਹਾਂ ਦੀ ਵਕੀਲ ਅਲੀਨਾ ਹੱਬਾ ਨੂੰ ਕਰੀਬ 10 ਲੱਖ ਡਾਲਰ ਦਾ ਜੁਰਮਾਨਾ ਵੀ ਲਗਾਇਆ ਸੀ। ਬਾਅਦ ਵਿਚ ਅਪੀਲੀ ਅਦਾਲਤ ਨੇ ਵੀ ਇਹ ਫ਼ੈਸਲਾ ਬਰਕਰਾਰ ਰੱਖਿਆ। ਹੁਣ ਟਰੰਪ ਦੇ ਵਕੀਲਾਂ ਨੇ ਸੁਪਰੀਮ ਕੋਰਟ ਵਿਚ ਦਲੀਲ ਦਿੱਤੀ ਹੈ ਕਿ ਹੇਠਲੀਆਂ ਅਦਾਲਤਾਂ ਦੇ ਫ਼ੈਸਲੇ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਵਕੀਲਾਂ ਦੇ ਕਾਨੂੰਨੀ ਅਧਿਕਾਰਾਂ ਨੂੰ ਪ੍ਰਭਾਵਿਤ ਕਰਦੇ ਹਨ। ਉਨ੍ਹਾਂ ਮੁਤਾਬਕ ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਰਾਸ਼ਟਰਪਤੀ ਦੀਆਂ ਜ਼ਿੰਮੇਵਾਰੀਆਂ ਕਾਰਨ ਮੁਕੱਦਮਾ ਦਾਇਰ ਨਹੀਂ ਕੀਤਾ ਸੀ। ਫਿਲਹਾਲ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਨਹੀਂ ਕੀਤਾ ਕਿ ਉਹ ਟਰੰਪ ਦੀ ਅਪੀਲ 'ਤੇ ਸੁਣਵਾਈ ਕਰੇਗੀ ਜਾਂ ਨਹੀਂ।

ਪੈਨਸਿਲਵੇਨੀਆ ' ਚ ਪਰਿਵਾਰ ਦੇ 7 ਮੈਂਬਰਾਂ ਸਮੇਤ 8 ਲੋਕਾਂ ਦੀ ਗੋਲੀ ਮਾਰ ਕੇ ਹੱਤਿਆ

ਨਿਊਯਾਰਕ : ਅਮਰੀਕਾ ਦੇ ਪੈਨਸਿਲਵੇਨੀਆ ਸੂਬੇ ਦੇ ਈਗੀ ਸ਼ਹਿਰ ਵਿਚ ਇਕ ਵਿਅਕਤੀ ਵਲੋਂ ਆਪਣੇ ਹੀ ਪਰਿਵਾਰ ਦੇ 7 ਮੈਂਬਰਾਂ ਸਮੇਤ 8 ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾਂ 'ਚ ਇਕ ਸਾਲ ਦੀ ਬੱਚੀ, ਪੰਜ ਸਾਲ ਦਾ ਬੱਚਾ ਅਤੇ ਇਕ ਗਰਭਵਤੀ ਔਰਤ ਵੀ ਸ਼ਾਮਿਲ ਹੈ। ਵਾਰਦਾਤ ਤੋਂ ਬਾਅਦ 45 ਸਾਲਾ ਹਮਲਾਵਰ ਨੇ ਖੁਦ ਨੂੰ ਵੀ ਗੋਲੀ ਮਾਰ ਲਈ। ਪੁਲਿਸ ਅਨੁਸਾਰ ਇਹ ਘਟਨਾ ਸ਼ਾਮ ਕਰੀਬ ਪੰਜ ਵਜੇ ਇਕ ਘਰ ਵਿਚ ਵਾਪਰੀ। ਹਮਲਾਵਰ ਪਰਿਵਾਰ ਦਾ ਹੀ ਬਜ਼ੁਰਗ ਮੈਂਬਰ ਸੀ। ਗੋਲੀਬਾਰੀ ਵਿਚ ਮਾਰੇ ਗਏ ਅੱਠ ਲੋਕਾਂ ਵਿਚੋਂ ਸੱਤ ਉਸ ਦੇ ਰਿਸ਼ਤੇਦਾਰ ਸਨ, ਜਦਕਿ ਅੱਠਵੀਂ ਮ੍ਰਿਤਕ ਇਕ ਗਰਭਵਤੀ ਔਰਤ ਦੀ ਸਹੇਲੀ ਸੀ। ਈਗੀ ਪੁਲਿਸ ਮੁਖੀ ਰਿਕ ਲੋਰਾਹ ਨੇ ਦੱਸਿਆ ਕਿ ਜਾਂਚ ਦੌਰਾਨ ਮਿਲੀ ਵੀਡੀਓ ਤੇ ਆਡੀਓ ਰਿਕਾਰਡਿੰਗ ਤੋਂ ਪਤਾ ਲੱਗਾ ਹੈ ਕਿ ਘਰ ਅੰਦਰ ਗੋਲੀਆਂ ਚੱਲਣ ਤੋਂ ਬਾਅਦ ਦੋ ਔਰਤਾਂ ਦਰਵਾਜ਼ੇ ਕੋਲ ਪਹੁੰਚੀਆਂ ਤੇ ਮਦਦ ਲਈ ਆਵਾਜ਼ਾਂ ਮਾਰਨ ਲੱਗੀਆਂ। ਇਸ ਦੌਰਾਨ ਹਮਲਾਵਰ ਘਰ ਤੋਂ ਬਾਹਰ ਆਇਆ ਅਤੇ ਦੋਵਾਂ ਔਰਤਾਂ ਨੂੰ ਗੋਲੀ ਮਾਰ ਦਿੱਤੀ। ਪੁਲਿਸ ਨੂੰ ਦੋ ਔਰਤਾਂ ਦੀਆਂ ਲਾਸ਼ਾਂ ਘਰ ਦੇ ਬਾਹਰ ਮਿਲੀਆਂ। ਘਰ ਦੀ ਪਹਿਲੀ ਮੰਜ਼ਿਲ ਤੋਂ ਪੰਜ ਸਾਲ ਦੇ ਬੱਚੇ ਅਤੇ ਇਕ ਸਾਲ ਦੀ ਬੱਚੀ ਦੀਆਂ ਲਾਸ਼ਾਂ ਮਿਲੀਆਂ, ਜਦਕਿ ਪੌੜੀਆਂ ਨੇੜਿਓਂ ਦੋ ਔਰਤਾਂ ਅਤੇ ਦੋ ਨੌਜਵਾਨਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ। ਹਮਲਾਵਰ ਦੀ ਲਾਸ਼ ਦੂਜੀ ਮੰਜ਼ਿਲ 'ਤੇ ਮਿਲੀ। ਮ੍ਰਿਤਕ ਬੱਚੀ ਅਮਾਰੀਆਨਾ ਦੇ ਪਿਤਾ ਜੂਲੀਅਸ ਵਿੰਡਹੈਮ ਨੇ ਦੱਸਿਆ ਕਿ ਹਮਲਾਵਰ ਦੇ ਵਿਵਹਾਰ ਤੋਂ ਕਦੇ ਅਜਿਹੀ ਘਟਨਾ ਵਾਪਰਨ ਦਾ ਸ਼ੱਕ ਨਹੀਂ ਹੋਇਆ। ਇਸ ਵਾਰਦਾਤ ਵਿਚ ਉਸ ਦੀ ਧੀ, ਬੱਚੀ ਦੀ ਗਰਭਵਤੀ ਮਾਂ ਅਤੇ ਪੰਜ ਸਾਲਾ ਬੱਚੇ ਦੀ ਵੀ ਮੌਤ ਹੋ ਗਈ। ਪੁਲਿਸ ਨੇ ਅਜੇ ਤੱਕ ਹਮਲਾਵਰ ਦੀ ਪਛਾਣ ਜਨਤਕ ਨਹੀਂ ਕੀਤੀ। ਜਾਂਚ ਅਧਿਕਾਰੀ ਘਟਨਾ ਪਿੱਛੇ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

CITIZENSHIP ELIGIBILITY AND GREEN CARD APPLICATION

VISIT US NOW!

DR. RAJESH MAHESHWARI, MD

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/
Email us at info@sanramonucc.com

ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

3. ਸਫ਼ਾ 135 ਤੋਂ 138 ਤੇ ਸਾਹਮਣੇ ਆ ਰਹੇ ਐਡੀਟੋਰੀਅਲ ਨੋਟ ਦਾ ਪੂਰਾ ਅਨੁਵਾਦ ਭੇਜਿਆ
ਜਾਂਦਾ ਹੈ।
Sd/-
ਸੁਪਰਿੰਟੈਂਡੈਂਟ
ਔਸ.ਬੀ. ਸੀ.ਆਈ.ਡੀ.
ਓਰੀਐਂਟਲ ਅਨੁਵਾਦਕ ਸਰਕਾਰ ਨੂੰ
ਡੀ.ਸੀ.ਪੀ.
ਹਵਾਲਾ (ਪੰਨਾ-160/179) Source Material Vol.One

ਧਰਮ ਬਦਲੀ ਦੀ ਲੋੜ

ਇਕ ਐਡੀਟੋਰੀਅਲ ਨੋਟ ਦੇ ਪੂਰੇ ਅਨੁਵਾਦ (ਇਕ ਨੋਟ) ਦਾ ਸਿਰਲੇਖ, 'ਡਾਕਟਰ ਅੰਬੇਡਕਰ Ani ਧਰਮਾਚਾਰੀਆ ਅਵਸਆਕਾਤਾ' ਵਿਚ ਕੋਈ ਵੀ (i.e. ਡਾ. ਅੰਬੇਡਕਰ, ਅਤੇ ਧਰਮ ਬਦਲੀ ਦੀ ਲੋੜ) ਨਿਰੋਪਆ Vol-XXII No. 6, ਸਾਲ 1937 ਦੇ ਨਵੰਬਰ ਮਹੀਨੇ ਵਿਚ ਸੁੱਝ ਰਿਹਾ ਹੈ। (ਬਰੈਕਟਾਂ ਵਿਚ ਇਸ ਸਾਰੇ ਅਨੁਵਾਦ 'ਚ ਸਾਹਮਣੇ ਆ ਰਹੇ ਹਿੱਸੇ ਅਸਲ ਵਿਚ ਸਾਹਮਣੇ ਨਹੀਂ ਆਉਂਦੇ, ਬਜਾਏ ਇਹਦੇ ਜਦ ਹੋਰ ਢੰਗ ਨਾਲ ਹਾਸ਼ੀਏ ਵਿਚ ਦਰਸਾਏ ਗਏ ਹਨ।)

ਪੈਰਾ-135-138 ਹਫ਼ਤਾਵਾਰ ਜਨਤਾ ਅਖ਼ਬਾਰ ਤੋਂ ਪਤਾ ਲੱਗਾ ਕਿ ਦੱਬੀਆਂ ਕੁਚਲੀਆਂ ਜਾਤਾਂ ਦੀ ਇਕ ਵੱਡੀ ਮੀਟਿੰਗ ਮਿਤੀ 28 ਅਗਸਤ 1937 ਨੂੰ ਬਾਂਦਰਾ ਦੇ ਮਿਉਂਸਿਪਲ ਹਾਲ ਵਿਚ ਡਾਕਟਰ ਅੰਬੇਡਕਰ ਦੀ ਪ੍ਰਧਾਨਗੀ ਹੇਠ ਕੀਤੀ ਗਈ ਅਤੇ ਨਿਮਨ ਲਿਖਤ ਮਤਾ ਉੱਥੇ ਪਾਸ ਕੀਤਾ ਗਿਆ:
'ਬੰਬਈ ਪ੍ਰੈਜ਼ੀਡੈਂਸੀ ਮਹਾਰ ਕਾਨਫ਼ਰੰਸ ਦੇ ਮਤੇ (ਪ੍ਰਸਤਾਵ ਪਾਸ ਕਰ ਲੈਣ) ਮੁਤਾਬਿਕ ਸਾਡੇ ਭਰਾਵਾਂ ਅਤੇ ਭੈਣਾਂ ਨੂੰ ਹਿੰਦੂਆਂ ਦੇ ਧਾਰਮਿਕ ਮੇਲੇ, ਹਿੰਦੂਆਂ ਦੇ ਧਾਰਮਿਕ ਤਿਉਹਾਰ, ਗੀਤਾਂ ਰਸਮਾਂ (ਵਿਆਹ ਆਦਿ ਸਬੰਧੀ ਤੇ ਮਰਨ ਸਬੰਧੀ), ਜਿਵੇਂ ਕਿ ਝੁਕਣਾ, ਮੱਥੇ ਟੇਕਣੇ ਆਦਿ-ਅਤੇ ਧਾਰਮਿਕ ਅਮਲ ਜਿਵੇਂ ਵਰਤ ਰੱਖਣੇ ਦਾ ਅਮਲ ਬੰਦ ਕਰਨਾ ਚਾਹੀਦਾ ਹੈ।'
ਬਾਅਦ ਵਿਚ ਅਨੇਕਾਂ ਭਾਸ਼ਣ ਇਸ ਸਮੇਂ ਦਿੱਤੇ ਗਏ, ਡਾਕਟਰ ਅੰਬੇਡਕਰ ਭਾਸ਼ਣ ਦੇਣ ਲਈ ਖੜੇ ਹੋਏ। ਉਨ੍ਹਾਂ ਕਿਹਾ 'ਸਾਡੀ ਸਭਾ ਦੀ ਮੀਟਿੰਗ ਖ਼ਾਸ ਤੌਰ 'ਤੇ ਬੰਬਈ ਪ੍ਰੈਜ਼ੀਡੈਂਸੀ ਮਹਾਰ ਕਾਨਫ਼ਰੰਸ ਦੁਆਰਾ ਧਰਮ ਬਦਲੀ ਦੇ ਸਬੰਧ ਵਿਚ ਤੁਹਾਨੂੰ ਯਾਦ ਕਰਾਉਣ ਲਈ ਬੁਲਾਈ ਗਈ ਹੈ। ਇਸ ਕਰਕੇ ਜੇਕਰ ਕਿਸੇ ਵਿਅਕਤੀ ਕੋਲ ਕੋਈ ਸਵਾਲ ਹਨ (a lit doubt-ਥੋੜ੍ਹਾ ਜਿੰਨਾ ਵੀ ਸ਼ੱਕ ਹੈ) ਧਰਮ ਬਦਲੀ ਸਬੰਧੀ, ਉਸ ਨੂੰ ਜ਼ਰੂਰ ਯਕੀਨ ਨਾਲ ਉਨ੍ਹਾਂ ਤੋਂ ਪੁੱਛਣੇ ਚਾਹੀਦੇ ਹਨ।' ਕਿਉਂਕਿ ਕੋਈ ਵੀ ਕਿਸੇ ਵੀ ਸਵਾਲ ਨੂੰ ਪੁੱਛਣ ਲਈ ਅੱਗੇ ਨਾ ਆਇਆ (lit doubt....) ਡਾ. ਅੰਬੇਡਕਰ ਨੇ ਆਪਣਾ ਭਾਸ਼ਣ ਦਿੱਤਾ। ਉਸ ਨੇ ਕਿਹਾ, 'ਪਿਆਰੇ ਭਰਾਵੋ ਤੇ ਭੈਣੋ, ਮੈਂ ਇਸ ਮੀਟਿੰਗ 'ਚ ਹਾਜ਼ਰ ਹੋਣ ਨਹੀਂ ਜਾ ਰਿਹਾ ਸੀ, ਪਰ ਮੈਂ ਜਾਣਿਆ ਕਿ ਉੱਥੇ ਕੁਝ ਆਦਮੀ ਹਨ ਜੋ ਹੁਣ ਵੀ ਇੱਥੇ ਪੁਰਾਣੀਆਂ ਰਵਾਇਤਾਂ (ਗੀਤੀ ਰਿਵਾਜ਼ਾਂ) ਨੂੰ ਚਿੰਬੜੇ ਹੋਏ ਹਨ ਅਤੇ ਧਰਮ ਬਦਲੀ ਸਬੰਧੀ ਮਹਾਰ ਕਾਨਫ਼ਰੰਸ ਦੁਆਰਾ ਪਾਸ ਕੀਤੇ ਮਤਿਆਂ ਨੂੰ ਪੂਰਾ ਪ੍ਰਭਾਵ ਨਹੀਂ ਦਿੰਦੇ। ਮੈਂ ਅਜਿਹੇ ਆਦਮੀਆਂ ਦਾ ਸ਼ੱਕ ਦੂਰ ਕਰਨ ਲਈ ਇਸ ਕਰਕੇ ਇੱਥੇ ਆਇਆ ਹਾਂ। ਮੈਂ ਬਹੁਤ ਵਾਰ ਪਹਿਲੇ ਵੀ ਲੰਬਾ ਸਮਾਂ ਇਸ ਵਿਸ਼ੇ 'ਤੇ ਆਪਣੇ ਵਿਚਾਰ ਦੇ ਚੁੱਕਾ ਹਾਂ। ਕਿਉਂਕਿ ਸਚਾਈ ਦਾ ਮਸਲਾ ਹੈ, ਤੁਹਾਨੂੰ ਆਪਣੇ ਮਨ ਵਿਚ ਉਨ੍ਹਾਂ ਸਬੰਧੀ ਕੋਈ ਵੀ ਸ਼ੱਕ ਨਹੀਂ ਰੱਖਣਾ ਚਾਹੀਦਾ। ਬੰਬਈ ਪ੍ਰੈਜ਼ੀਡੈਂਸੀ ਮਹਾਰ ਕਾਨਫ਼ਰੰਸ (ਮਈ 1936) ਵਿਚ ਹੋਈ, ਮਹਾਰ ਕਮਿਊਨਿਟੀ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ 'ਚ ਲਿਖੀ ਜਾਣ ਵਾਲੀ ਹੈ। ਇਸ ਕਰਕੇ ਇਕ ਅਜਿਹੀ ਕਾਨਫ਼ਰੰਸ ਦੁਆਰਾ ਪਾਸ ਕੀਤੇ ਮਤੇ ਸਮੁੱਚੇ ਤੌਰ 'ਤੇ ਇਕ ਸਚਾਈ ਦੇ ਵਜੋਂ ਮਹਾਰ ਕਮਿਊਨਿਟੀ ਦੁਆਰਾ ਮੰਨੇ ਜਾਣ ਅਤੇ ਮਹਾਰ ਕਮਿਊਨਿਟੀ ਦੇ ਮੈਂਬਰਾਂ ਦੀ ਇਕ ਬਹੁਗਿਣਤੀ ਉਨ੍ਹਾਂ ਮਤਿਆਂ ਦੀ ਪੂਰਤੀ ਲਈ ਕੰਮ ਜ਼ਰੂਰ ਕਰੇ।

ਹਿੰਦੂ ਧਰਮ ਵਿਚਲੇ ਦੇਵਤਿਆਂ ਦੀ ਪੂਜਾ ਨਹੀਂ ਕੀਤੀ ਜਾਣੀ ਚਾਹੀਦੀ

(ਸਫ਼ਾ 162-179)

ਡਾਕਟਰ ਅੰਬੇਡਕਰ ਨੇ ਅੱਗੇ ਕਿਹਾ, 'ਸਾਨੂੰ ਸਾਰੇ ਧਾਰਮਿਕ ਮੇਲਿਆਂ ਅਤੇ ਦਿਨਾਂ ਦਾ ਜਿਹੜੇ ਅਸੀਂ ਹਿੰਦੂ ਧਰਮ ਦੇ ਮੁਤਾਬਿਕ ਮਨਾਉਂਦੇ ਆ ਰਹੇ ਸੀ ਦਾ ਜ਼ਰੂਰ ਤਿਆਗ ਕਰਨਾ ਚਾਹੀਦਾ ਹੈ। ਸਾਨੂੰ ਇਹ ਧਿਆਨ ਦੇਣਾ ਚਾਹੀਦਾ ਹੈ ਕਿ ਜੋ ਗੀਤੀ-ਰਿਵਾਜ-ਰਸਮਾਂ ਅਸੀਂ ਹਿੰਦੂ ਧਰਮ ਅਨੁਸਾਰ ਨਿਭਾਉਂਦੇ ਹਾਂ ਕੀ ਇਖ਼ਲਾਕ ਅਤੇ ਧਰਮ ਦੇ ਨਜ਼ਰੀਏ ਤੋਂ ਸਹੀ ਹਨ? ਕੁਝ ਗੀਤੀ ਰਿਵਾਜ ਤੇ ਰਸਮਾਂ ਸਿਰੇ ਦਾ ਗੰਦ-ਬਕਵਾਸ ਹਨ। ਉਦਾਹਰਨ ਦੇ ਤੌਰ 'ਤੇ ਬਹੁਤ ਸਾਰੇ-

(ਚਲਦਾ)

ਗੁਰਦੁਆਰਾ ਨਾਨਕ ਦਰਬਾਰ ਸਾਹਿਬ ਓਲੇਥਾ ਕੈਨਸਾਸ
126 S Cherry Street Olathe, Kansas 66061

ਲਾਂਗਰੀ ਦੀ ਲੋੜ
ਗੁਰਦੁਵਾਰਾ ਸਾਹਿਬ ਵਿਖੇ ਲੰਗਰ ਤਿਆਰ ਕਰਨ ਲਈ
ਯੋਗ ਅਤੇ ਸੇਵਾਭਾਵੁਕ ਲਾਂਗਰੀ ਸਿੰਘ ਦੀ ਲੋੜ ਹੈ
ਤਨਖਾਹ ਯੋਗਤਾ ਅਨੁਸਾਰ
ਅਮਰੀਕਾ ਜਾਂ ਕੈਨੇਡਾ ਵੀਜ਼ਾ 'ਤੇ ਆਇਆ ਬੰਦਾ ਵੀ ਵਿਚਾਰਿਆ ਜਾ ਸਕਦਾ ਹੈ।
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸ: ਸੁੱਚਾ ਸਿੰਘ ਕੈਨਸਾਸ ਫੋਨ : (913) 256-9498

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਹਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

ਹੈਲਥ ਗਾਈਡ

ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

1. ਦਿਮਾਗ਼ ਵਿੱਚ ਵਾਰ-ਵਾਰ ਸੱਟ ਲੱਗਣਾ (ਮੁੱਕੇਬਾਜ਼ੀ)।
2. ਵਾਇਰਲ (ਜੀਵਾਣੂ) ਦਾ ਦ੍ਰਿੜ੍ਹਾਂਕ਼ੜ (ਐਨਸੈਫ਼ੇਲਾਈਟਸ)।
3. ਦਵਾਈਆਂ ਦੇ ਬੁਰੇ ਪ੍ਰਭਾਵ।
4. ਸਟ੍ਰੋਕ।
5. ਪਰਿਵਾਰਕ ਪਿਛੋਕੜ (10-20 ਪ੍ਰਤੀਸ਼ਤ)।

ਲੱਛਣ : ਇਸਦੇ ਲੱਛਣ ਇੱਕ ਕੈਮੀਕਲ ਦੀ ਘਾਟ ਕਾਰਨ ਹੁੰਦੇ ਹਨ, ਜਿਸਨੂੰ ਡੋਪਾਮੀਨ ਕਿਹਾ ਜਾਂਦਾ ਹੈ, ਜੋ ਕਿ ਦਿਮਾਗ਼ ਵਿੱਚ ਬਣਦਾ ਹੈ। ਸ਼ੁਰੂ ਵਿੱਚ ਇਸਦੇ ਲੱਛਣ ਬਹੁਤ ਘੱਟ ਹੁੰਦੇ ਹਨ ਅਤੇ ਬਿਮਾਰੀ ਦੇ ਵਿਗੜਨ ਦੇ ਨਾਲ ਨਾਲ ਇਸਦੇ ਲੱਛਣ ਵੀ ਵਧਦੇ ਜਾਂਦੇ ਹਨ।

1. ਸਰੀਰ ਦਾ ਆਪਣੇ ਆਪ ਹਿਲਦੇ ਰਹਿਣਾ।
2. ਲੱਤਾਂ ਬਾਹਾਂ ਦੀਆਂ ਮਾਸਪੇਸ਼ੀਆਂ ਦਾ ਸਖ਼ਤ ਹੋਣਾ ਅਤੇ ਲਚਕੀਲਾਪਣ ਘਟਣਾ।
3. ਸਰੀਰ ਦੀਆਂ ਗਤੀਵਿਧੀਆਂ ਦਾ ਹੌਲੀ ਹੋਣਾ।
4. ਚਿਹਰੇ 'ਤੇ ਕੋਈ ਹਾਵ-ਭਾਵ ਨਾ ਹੋਣਾ।
5. ਚੱਲਣ ਸਮੇਂ ਛੋਟੇ ਕਦਮ ਪੁੱਟਣਾ।
6. ਮਾਨਸਿਕ ਨਿਰਾਸ਼ਾ।
7. ਖਾਣਾ ਚਬਾਉਣ ਜਾਂ ਅੰਦਰ ਲੰਘਾਉਣ ਵਿੱਚ ਤਕਲੀਫ਼।

ਜਾਂਚ : ਸ਼ੁਰੂ ਵਿੱਚ ਪਾਰਕਿੰਨਸਨ ਦੀ ਬਿਮਾਰੀ ਦਾ ਪਤਾ ਲਗਾਉਣਾ ਮੁਸ਼ਕਲ ਹੈ। ਇਸ ਬਿਮਾਰੀ ਲਈ ਕੋਈ ਖ਼ੂਨ ਦਾ ਟੈਸਟ ਨਹਲ ਹੈ। ਇਸਨੂੰ ਪਰਿਵਾਰਿਕ ਪਿਛੋਕੜ ਦੀ ਜਾਣਕਾਰੀ ਪ੍ਰਾਪਤ ਕਰ ਕੇ ਅਤੇ ਦਿਮਾਗ਼ ਦਾ ਸਕੈਨ ਕਰ ਕੇ ਹੀ ਜਾਣਿਆ ਜਾ ਸਕਦਾ ਹੈ।



ਇਲਾਜ :

1. ਦਵਾਈਆਂ ਦੀ ਮੱਦਦ ਨਾਲ ਦਿਮਾਗ਼ ਵਿੱਚ ਡੋਪਾਮੀਨ ਦਾ ਪੱਧਰ ਵਧਦਾ ਹੈ ਅਤੇ ਲੱਛਣਾਂ 'ਤੇ ਕਾਬੂ ਪੈਂਦਾ ਹੈ। ਕੁਝ ਨਵੀਆਂ ਦਵਾਈਆਂ ਹਨ ਜਿਨ੍ਹਾਂ ਦੇ ਬੁਰੇ ਪ੍ਰਭਾਵ ਘੱਟ ਹਨ।
2. ਦਿਮਾਗ਼ ਨੂੰ ਮਸ਼ੀਨ (ਬ੍ਰੇਨ ਸਟੀਮਿਉਲੇਟਰ) ਨਾਲ ਉੱਤੇਜਿਤ ਕਰਨਾ।
3. ਮਾਨਸਿਕ ਨਿਰਾਸ਼ਾ ਦਾ ਇਲਾਜ ਕਰੋ।
4. ਵਿਟਾਮਿਨ - ਈ ਮਦਦਗਾਰ ਹੋ ਸਕਦਾ ਹੈ।
5. ਫਿਜ਼ਿਓਥੈਰੇਪੀ (ਕਸਰਤ) ਅਤੇ ਸਪੀਚ ਥੈਰੇਪੀ (ਬੋਲਣ ਦਾ ਇਲਾਜ)।
6. ਦਿਮਾਗ਼ ਦਾ ਅਪ੍ਰੇਸ਼ਨ।

ਚਿੱਟਾ ਮੋਤੀਆ (ਕੈਟਾਰੈਕਟ)

ਚਿੱਟਾ ਮੋਤੀਆ ਇੱਕ ਆਮ ਅਤੇ ਆਸਾਨੀ ਨਾਲ ਇਲਾਜ ਕੀਤੀ ਜਾਣ ਵਾਲੀ
ਅੱਖਾਂ ਦੀ ਬਿਮਾਰੀ ਹੈ। ਇਹ ਅੱਖਾਂ ਦੇ ਲੈਂਜ਼ ਦਾ ਧੁੰਦਲਾਪਣ ਹੋਣ ਦੇ ਕਾਰਨ ਹੁੰਦੀ ਹੈ। ਇਸ ਨਾਲ ਅੱਖਾਂ ਦੀ ਰੋਸ਼ਨੀ ਘਟਦੀ ਹੈ, ਜੋ ਕਿ ਸਮੇਂ ਦੇ ਨਾਲ ਹੋਰ ਵੀ ਜ਼ਿਆਦਾ ਘਟਦੀ ਜਾਂਦੀ ਹੈ। ਚਿੱਟਾ ਮੋਤੀਆ ਇੱਕ ਅੱਖ ਜਾਂ ਦੋਵੇਂ ਅੱਖਾਂ ਵਿੱਚ ਹੋ ਸਕਦਾ ਹੈ। ਚਿੱਟੇ ਮੋਤੀਏ ਦਾ ਇਲਾਜ ਅਪ੍ਰੇਸ਼ਨ ਨਾਲ ਕੀਤਾ ਜਾ ਸਕਦਾ ਹੈ।

ਕਾਰਨ :

1. ਬੁਢਾਪੇ ਵਿੱਚ।
2. ਸ਼ੂਗਰ ਰੋਗ ਦਾ ਹੋਣਾ।
3. ਦਵਾਈਆਂ ਜਿਵੇਂ ਕਿ ਸਟਿਰੌਇਡ ਦਾ ਲੈਣਾ।
4. ਦਿਮਾਗ਼ ਦੇ ਬਹੁਤ ਜ਼ਿਆਦਾ ਐਕਸ-ਰੇ ਕਰਵਾਉਣਾ।
5. ਪਰਿਵਾਰਿਕ ਪਿਛੋਕੜ।
6. ਸੂਰਜ ਦੀ ਰੋਸ਼ਨੀ ਦਾ ਅੱਖਾਂ ਉੱਤੇ ਜ਼ਿਆਦਾ ਪ੍ਰਭਾਵ।
7. ਸਿਗਰਟ ਪੀਣਾ।
8. ਜਮਾਂਦਰੂ (ਜਨਮ ਦੇ ਸਮੇਂ ਤੋਂ)

ਲੱਛਣ :

1. ਅੱਖਾਂ ਤੋਂ ਧੁੰਦਲਾ ਦਿੱਸਣਾ।
2. ਅੱਖਾਂ ਵਿੱਚ ਸੂਰਜ ਦੀ ਰੋਸ਼ਨੀ ਦੇ ਲਿਸ਼ਕਾਰੇ ਪੈਣੇ।
3. ਦੋ-ਦੋ ਨਜ਼ਰ ਆਉਣਾ।

ਰੋਕਥਾਮ/ਬਚਾਅ :

1. ਸੂਰਜ ਦੀ ਰੋਸ਼ਨੀ ਤੋਂ ਬਚੋ, ਅੱਖਾਂ ਨੂੰ ਢੱਕ ਕੇ ਰੱਖੋ, ਧੁੱਪ ਤੋਂ ਬਚਾਉਣ ਵਾਲੀਆਂ ਐਨਕਾਂ ਵਰਤੋ।
2. ਸਿਗਰਟ ਨਾ ਪੀਵੋ।
3. ਜੇਕਰ ਤੁਹਾਨੂੰ ਸ਼ੂਗਰ ਰੋਗ ਹੈ ਤਾਂ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਨੂੰ ਕੰਟਰੋਲ ਕਰੋ।
4. ਵਿਟਾਮਿਨ-ਏ ਯੁਕਤ ਫਲ ਅਤੇ ਸਬਜ਼ੀਆਂ ਖਾਓ ਜਿਵੇਂ ਕਿ ਗਾਜਰ ਅਤੇ ਹਰੀਆਂ ਸਬਜ਼ੀਆਂ।
5. ਸਟਿਰੌਇਡ ਦੀ ਵਰਤੋਂ ਨਾ ਕਰੋ।

ਚਿੱਟਾ ਮੋਤੀਆ ਕਿਵੇਂ ਵਧਦਾ ਹੈ :

ਸ਼ੁਰੂ ਵਿੱਚ ਚਿੱਟਾ ਮੋਤੀਆ ਛੋਟਾ ਹੁੰਦਾ ਹੈ ਅਤੇ ਅਪ੍ਰੇਸ਼ਨ ਦੀ ਜ਼ਰੂਰਤ ਨਹੀਂ ਪੈਂਦੀ। ਜਦੋਂ ਅੱਖ ਦਾ ਲੈਂਜ਼ ਪੂਰਾ ਸਫ਼ੇਦ ਹੋ ਜਾਂਦਾ ਹੈ ਤਾਂ ਇਸਨੂੰ 'ਪੱਕਿਆ ਹੋਇਆ' ਜਾਂ 'ਪੂਰੀ ਤਰ੍ਹਾਂ ਵਿਕਸਤ ਹੋਇਆ' ਚਿੱਟਾ ਮੋਤੀਆ ਕਿਹਾ ਜਾਂਦਾ ਹੈ, ਜਿਸ ਨੂੰ ਅਪ੍ਰੇਸ਼ਨ ਦੀ ਜ਼ਰੂਰਤ ਹੁੰਦੀ ਹੈ।

ਡਾਕਟਰ ਨੂੰ ਕਦੋਂ ਦਿਖਾਈਏ :

1. ਧੁੰਦਲਾਪਣ ਤੇ ਦੋ-ਦੋ ਦਿੱਸਣਾ, ਜਿਸ ਨਾਲ ਤੁਹਾਡੀ ਰੋਜ਼ਾਨਾ ਜ਼ਿੰਦਗੀ 'ਤੇ ਪ੍ਰਭਾਵ ਪਵੇ।
2. ਦੇਖਣ ਵਿੱਚ ਅਚਾਨਕ ਬਦਲਾਓ ਆਉਣੇ।
3. ਅੱਖਾਂ ਵਿੱਚ ਦਰਦ ਹੋਣਾ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ਕੈਨੇਡਾ ਦੀ ਜੂਨੀਅਰ ਹਾਕੀ ਟੀਮ 'ਚ ਛਾਏ ਪੰਜਾਬੀ

ਗੱਭਰੂ 18 ਮੈਂਬਰੀ ਟੀਮ 'ਚ 8 ਖਿਡਾਰੀ ਪੰਜਾਬੀ

ਐਬਟਸਫੋਰਡ : ਕੈਨੇਡਾ ਦੀ ਪ੍ਰਮੁੱਖ ਹਾਕੀ ਸੰਸਥਾ ਫੀਲਡ ਹਾਕੀ ਕੈਨੇਡਾ ਵਲੋਂ ਮਲੇਸ਼ੀਆ ਦੇ ਸ਼ਹਿਰ ਜੋਹੋਰ ਵਿਖੇ 17 ਤੋਂ 24 ਅਕਤੂਬਰ ਤੱਕ ਹੋ ਰਹੇ ਸੁਲਤਾਨ ਆਫ਼ ਜੋਹੋਰ ਕੱਪ 2026 ਫੀਲਡ ਹਾਕੀ ਮੁਕਾਬਲਿਆਂ ਵਾਸਤੇ ਲੜਕਿਆਂ ਦੀ ਜੂਨੀਅਰ ਟੀਮ ਦਾ ਐਲਾਨ ਕਰ ਦਿੱਤਾ ਹੈ। ਕੈਨੇਡਾ ਦੀ 18 ਮੈਂਬਰੀ ਜੂਨੀਅਰ ਹਾਕੀ ਟੀਮ ਵਿਚ 8 ਪੰਜਾਬੀ ਖਿਡਾਰੀ ਸ਼ਾਮਿਲ ਕੀਤੇ ਗਏ ਹਨ। ਇਨ੍ਹਾਂ ਅੰਤਰਰਾਸ਼ਟਰੀ ਜੂਨੀਅਰ ਹਾਕੀ ਮੁਕਾਬਲਿਆਂ 'ਚ ਕੈਨੇਡਾ, ਮਲੇਸ਼ੀਆ, ਚੀਨ, ਮਿਸਰ ਤੇ ਪਾਕਿਸਤਾਨ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਕੈਨੇਡਾ ਦੀ 18 ਮੈਂਬਰੀ ਟੀਮ 'ਚ ਗੁਰਨੂਰ ਭੁੱਲਰ, ਗੁਰਸਹਿਜ ਜੌਹਲ, ਗੁਰਵਿੰਦਰ ਬਰਾੜ, ਪਰਮਦੇਵ ਹੁੰਦਲ, ਗੈਵਿਨ ਬਿੰਦ, ਨਵਦੀਪ ਚੰਦੀ ਤੇ ਰਾਜਨ ਬਾਹੀ ਤੇ ਅਭੀਜੀਤ ਗਿੱਲ ਮਲੇਸ਼ੀਆ ਵਿਖੇ ਆਪਣੇ ਜੌਹਰ ਵਿਖਾਉਣਗੇ। ਗੁਰਨੂਰ ਭੁੱਲਰ, ਗੁਰਸਹਿਜ ਜੌਹਲ ਤੇ ਅਭੀਜੀਤ ਗਿੱਲ ਮਿਡਫੀਲਡ, ਗੁਰਵਿੰਦਰ ਬਰਾੜ ਤੇ ਗੈਵਿਨ ਬਿੰਦ ਡਿਫੈਂਡਰ ਪੁਜ਼ੀਸ਼ਨ 'ਤੇ ਹਾਕੀ ਖੇਡਦੇ ਹਨ। ਮਲੇਸ਼ੀਆ ਦੇ ਸ਼ਹਿਰ ਜੋਹੋਰ ਬਾਹਰੂ ਵਿਖੇ ਤਮਨ ਦਯਾ ਹਾਕੀ ਸਟੇਡੀਅਮ ਵਿਖੇ ਹੋ ਰਹੇ ਟੂਰਨਾਮੈਂਟ 'ਚ ਕੈਨੇਡਾ-ਮਿਸਰ 17 ਅਕਤੂਬਰ, ਕੈਨੇਡਾ-ਮਲੇਸ਼ੀਆ 18 ਅਕਤੂਬਰ, ਕੈਨੇਡਾ-ਚੀਨ 21 ਅਕਤੂਬਰ ਤੇ ਕੈਨੇਡਾ ਅਤੇ ਪਾਕਿਸਤਾਨ ਦਰਮਿਆਨ 23 ਅਕਤੂਬਰ ਨੂੰ ਹਾਕੀ ਦਾ ਮੁਕਾਬਲਾ ਹੋਵੇਗਾ।

ਮੈਰੀਲੈਂਡ ਦੀ ਕੰਪਟ੍ਰੋਲਰ ਬ੍ਰੁਕ ਲੀਅਰਮੈਨ ਲਈ ਫੰਡ ਇਕੱਤਰ ਕਰਨ ਦਾ ਸਮਾਗਮ ਸਫਲਤਾਪੂਰਵਕ ਸੰਪੰਨ

ਗੇਥਰਜ਼ਬਰਗ ਵਿਖੇ ਉੱਘੀਆਂ ਸ਼ਖ਼ਸੀਅਤਾਂ ਦੀ ਸ਼ਮੂਲੀਅਤ, ਬੁਲਾਰਿਆਂ ਵੱਲੋਂ ਬ੍ਰੁਕ ਲੀਅਰਮੈਨ ਦੀ ਕਾਰਗੁਜ਼ਾਰੀ ਦੀ ਸ਼ਲਾਘਾ

ਗੇਥਰਜ਼ਬਰਗ, ਮੈਰੀਲੈਂਡ (ਬਲਵਿੰਦਰ ਬਾਲਮ) : ਮੈਰੀਲੈਂਡ ਸਟੇਟ ਦੀ ਕੰਪਟ ?ਰੋਲਰ ਬ੍ਰੁਕ ਲੀਅਰਮੈਨ ਦੇ ਸਨਮਾਨ ਵਿੱਚ ਆਯੋਜਿਤ ਫੰਡ ਇਕੱਤਰ ਕਰਨ ਅਤੇ ਮੀਟ ਐਂਡ ਗ੍ਰੀਟ ਸਮਾਗਮ ਉੱਘੀਆਂ ਸਮਾਜਿਕ, ਕਾਰੋਬਾਰੀ ਅਤੇ ਵੱਖ-ਵੱਖ ਭਾਈਚਾਰਿਆਂ ਦੀਆਂ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਨਾਲ ਸਫਲਤਾਪੂਰਵਕ ਸੰਪੰਨ ਹੋਇਆ। ਸਮਾਗਮ ਦੌਰਾਨ ਬੁਲਾਰਿਆਂ ਨੇ ਕੰਪਟ੍ਰੋਲਰ ਦੇ ਕਾਰਜਕਾਲ, ਟੈਕਸ ਪ੍ਰਬੰਧਨ ਅਤੇ ਲੋਕ-ਹਿੱਤ ਨਾਲ ਜੁੜੀਆਂ ਪਹਿਲਕਦਮੀਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਸਮਾਗਮ ਦੀ ਸ਼ੁਰੂਆਤ ਕਰੀਨਾ ਹੂ ਵੱਲੋਂ ਮਹਿਮਾਨਾਂ ਅਤੇ ਪ੍ਰਮੁੱਖ ਬੁਲਾਰਿਆਂ ਦੀ ਜਾਣ-ਪਛਾਣ ਕਰਵਾਉਣ ਨਾਲ ਹੋਈ। ਉਨ੍ਹਾਂ ਨੇ ਬ੍ਰੁਕ ਲੀਅਰਮੈਨ ਦਾ ਨਿੱਘਾ ਸਵਾਗਤ ਕਰਦਿਆਂ ਸਮਾਗਮ ਦੇ ਉਦੇਸ਼ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਗੀਅ ਡਿਜੋਕਨ, ਯੂਨੈਸਕੋ ਨਾਲ ਜੁੜੇ ਡਾਇਰੈਕਟਰ, ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਬ੍ਰੁਕ ਲੀਅਰਮੈਨ ਦੀ ਅਗਵਾਈ ਹੇਠ ਮੈਰੀਲੈਂਡ ਦੀ ਟੈਕਸ ਪ੍ਰਣਾਲੀ ਨੂੰ ਸਰਲ ਅਤੇ ਲੋਕਾਂ ਲਈ ਵਧੇਰੇ ਸੁਵਿਧਾਜਨਕ ਬਣਾਉਣ ਵੱਲ ਕਦਮ ਚੁੱਕੇ ਗਏ ਹਨ। ਉਨ੍ਹਾਂ ਨੇ ਟੈਕਸ ਪ੍ਰਸ਼ਾਸਨ ਵਿੱਚ ਸੁਧਾਰਾਂ ਦੀ ਸ਼ਲਾਘਾ ਕੀਤੀ।

ਡਾ. ਸੁਰਿੰਦਰ ਸਿੰਘ ਗਿੱਲ, ਚੇਅਰਮੈਨ ਇੰਟਰਨੈਸ਼ਨਲ ਫੋਰਮ ਯੂਐੱਸਏ, ਨੇ ਆਪਣੇ ਸੰਬੋਧਨ ਵਿੱਚ ਬ੍ਰੁਕ ਲੀਅਰਮੈਨ ਦੀ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਦੇ ਸਿਆਸੀ ਭਵਿੱਖ ਬਾਰੇ ਆਸ਼ਾਵਾਦ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਬ੍ਰੁਕ ਲੀਅਰਮੈਨ ਵਿੱਚ ਭਵਿੱਖ ਵਿੱਚ ਮੈਰੀਲੈਂਡ ਦੀ ਪਹਿਲੀ ਮਹਿਲਾ ਗਵਰਨਰ ਬਣਨ ਦੀ ਸਮਰੱਥਾ ਹੈ। ਉਨ੍ਹਾਂ ਨੇ 2030 ਦੀਆਂ ਗਵਰਨਰ ਚੋਣਾਂ ਲਈ ਉਨ੍ਹਾਂ ਦੀ ਸੰਭਾਵਿਤ ਉਮੀਦਵਾਰੀ ਦਾ

ਵਿਚਾਰ ਵੀ ਪੇਸ਼ ਕੀਤਾ। ਡਾ. ਗਿੱਲ ਨੇ ਕਿਹਾ ਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਕੰਪਟ ?ਰੋਲਰ ਦੀ ਕਾਰਗੁਜ਼ਾਰੀ ਨੇ ਮੈਰੀਲੈਂਡ ਦੇ ਲੋਕਾਂ ਵਿੱਚ ਚੰਗਾ ਪ੍ਰਭਾਵ ਪਾਇਆ ਹੈ।

ਇਸ ਮੌਕੇ ਲੀਆ ਨੇ ਲੋਕਤੰਤਰ ਵਿੱਚ ਵੋਟ ਦੇ ਅਧਿਕਾਰ ਦੀ ਮਹੱਤਤਾ ਉੱਤੇ ਜ਼ੋਰ ਦਿੰਦਿਆਂ ਕਿਹਾ ਕਿ ਨਾਗਰਿਕਾਂ ਨੂੰ ਘਰਾਂ ਤੋਂ ਬਾਹਰ ਨਿਕਲ ਕੇ ਚੋਣ ਪ੍ਰਕਿਰਿਆ ਵਿੱਚ ਸਰਗਰਮ ਭਾਗੀਦਾਰੀ ਕਰਨੀ ਚਾਹੀਦੀ ਹੈ। ਉਨ੍ਹਾਂ ਅਨੁਸਾਰ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਲੋਕਤੰਤਰੀ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦੀ ਹੈ।

ਉੱਘੇ ਕਾਰੋਬਾਰੀ ਸੁਰਿੰਦਰ ਸਿੰਘ ਰਹੇਜਾ ਨੇ ਟੈਕਸ ਕ੍ਰੈਡਿਟ ਸਬੰਧੀ ਨੀਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੈਰੀਲੈਂਡ ਨੇ ਟੈਕਸਦਾਤਾਵਾਂ ਨੂੰ ਰਾਹਤ ਦੇਣ ਲਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਨੇ ਇਨ੍ਹਾਂ ਯਤਨਾਂ ਦਾ ਸਿਹਰਾ ਬ੍ਰੁਕ ਲੀਅਰਮੈਨ ਦੀ ਕਾਰਗੁਜ਼ਾਰੀ ਨੂੰ ਦਿੱਤਾ।

ਕੰਪਟ੍ਰੋਲਰ ਬ੍ਰੁਕ ਲੀਅਰਮੈਨ ਨੇ ਆਪਣੇ ਵਿਸਥਾਰਪੂਰਵਕ ਸੰਬੋਧਨ ਵਿੱਚ ਮੈਰੀਲੈਂਡ ਸਰਕਾਰ ਦੀਆਂ ਵੱਖ-ਵੱਖ ਸਕੀਮਾਂ, ਟੈਕਸ ਕ੍ਰੈਡਿਟ ਅਤੇ ਟੈਕਸਦਾਤਾਵਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਉਦਾਹਰਣਾਂ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਟੈਕਸ ਪ੍ਰਬੰਧਨ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕਾਂ ਤੱਕ ਸਹੂਲਤਾਂ ਪਹੁੰਚਾਉਣਾ ਉਨ੍ਹਾਂ ਦੀਆਂ ਪ੍ਰਮੁੱਖ ਤਰਜੀਹਾਂ ਹਨ।

ਸਮਾਗਮ ਦੌਰਾਨ ਹਾਜ਼ਰੀਨ ਨੇ ਬੁਲਾਰਿਆਂ ਅਤੇ ਕੰਪਟ ?ਰੋਲਰ ਦੇ ਸੰਬੋਧਨ ਦਾ ਤਾੜੀਆਂ ਨਾਲ ਸਵਾਗਤ ਕੀਤਾ। ਵੱਖ-ਵੱਖ ਭਾਈਚਾਰਿਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਨੇ ਇਸ ਇਕੱਠ ਨੂੰ ਆਪਸੀ ਸਾਂਝ ਅਤੇ ਵਿਚਾਰ-ਵਟਾਂਦਰੇ ਦਾ ਮੰਚ ਪ੍ਰਦਾਨ ਕੀਤਾ।

ਸਮਾਗਮ ਦੇ ਅੰਤ ਵਿੱਚ ਬ੍ਰੁਕ ਲੀਅਰਮੈਨ ਨੇ ਮੇਜ਼ਬਾਨ ਟੀਮ ਅਤੇ ਮਹਿਮਾਨਾਂ ਨਾਲ ਯਾਦਗਾਰੀ ਗਰੁੱਪ ਤਸਵੀਰ ਖਿਚਵਾਈ। ਇਸ ਉਪਰੰਤ ਮਹਿਮਾਨਾਂ ਲਈ ਦੁਪਹਿਰ ਦੇ ਭੋਜ ਦਾ ਪ੍ਰਬੰਧ ਕੀਤਾ ਗਿਆ। ਆਪਸੀ ਮਿਲਣੀ ਅਤੇ ਧੰਨਵਾਦੀ ਸ਼ਬਦਾਂ ਨਾਲ ਸਮਾਗਮ ਸਫਲਤਾਪੂਰਵਕ ਸੰਪੰਨ ਹੋਇਆ।

ASSOCIATION OF INDO AMERICANS & BOLLY 92.3FM

AIA ASSOCIATION OF INDO AMERICANS

BOLLY 92.3 FM

DUSSEHRA DIWALI DHAMAKA

DIWALI AT TIMES SQUARE 2026

Sponsor NBC BAY AREA

SPECTACULAR FIRE WORKS

Sanjiv Gupta certified public accountant

HIGHLIGHTS

RAM LEELA | FESTIVAL SHOPPING
FREE HEALTH FAIR | CARNIVAL RIDES
(South Asian Heart Center)
CHESS & CARROMS COMPETITION
TAMBOLA

EPIC 40FT RAAVAN DEHAN

Scan to Buy Tickets
www.aiaevents.org

10-FOOT-TALL DURGA IDOL

DISCO DANDIYA

25+ FOOD VENDORS

HANUMAN CHALISA SAHASRA PAATH

RATH YATRA

SINDHOOR KHELA

MAHA MANGALARATI

17TH OCT, 2026 | 12 NOON TO 11PM ALAMEDA COUNTY FAIRGROUNDS, PLEASANTON CA

Diamond Sponsor: xoom A PayPal Service
Platinum Sponsor: LAVANYA DUVVI REALTOR & LOAN AGENT
Powered By: Nagaraj Annaiah
Powered By: GOPI
Travel Partner: Travelopod Best Flight Deals
Educational Partner: LIFOLOGY

Silver Sponsors: mypursu, InstaService, Frostr, SIERRA PACIFIC PRIVATE WEALTH, VIJETHA, APEX, Vachi Silks, Kavya Foods, Azad

Food Sponsors: CHAAT BHAVAN, Sri's Kitchen, RajaRani, Kabobs 2 Go, MANTRA INDIA

Media Partners: 2USA, Sulekha, CBS, Diya TV, IndiaCurrents, indicanews, STV USA

FOR DETAILS CONTACT : (408)490-0220 | (510)421-3535 | (408)499-6530

/aiaevents.org /aia.events /AIA_Events /aia.events

ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮਾਸਿਕ ਇਕੱਤਰਤਾ ਯਾਦਗਾਰੀ ਹੋ ਨਿੱਬੜੀ

ਵੈਨਕੂਵਰ : ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਇਕੱਤਰਤਾ ਯਾਦਗਾਰੀ ਹੋ ਨਿੱਬੜੀ। ਇਸ ਮੌਕੇ ਮਹਾਨ ਵਿਗਿਆਨੀ ਅਤੇ ਉੱਘੇ ਸਿੱਖ ਵਿਦਵਾਨ ਡਾ: ਹਰਦੇਵ ਸਿੰਘ ਵਿਰਕ ਦੀ ਪੁਸਤਕ 'ਪੈਰਿਸ ਤੋਂ ਪਟਿਆਲਾ' ਅਤੇ ਲੇਖਿਕਾ ਅਮਰਜੀਤ ਕੌਰ ਦੀ ਪੁਸਤਕ 'ਯਤਨ ਲੌਢੇ ਵੇਲੇ ਦੇ' ਰਿਲੀਜ਼ ਕੀਤੀਆਂ ਗਈਆਂ। ਮੀਟਿੰਗ 'ਗੀਕਾਸਲੀਏਸ਼ਨ ਡੇਅ' ਨੂੰ ਸਮਰਪਿਤ ਸੀ। ਇਸ ਇਕੱਤਰਤਾ ਦੌਰਾਨ ਸਭ ਤੋਂ ਪਹਿਲਾਂ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਹਾਜ਼ਰੀਨ ਨੂੰ ਜੀ ਆਇਆਂ ਕਹਿ ਕੇ ਸਟੇਜ ਦੀ ਸ਼ੁਰੂਆਤ ਕੀਤੀ ਅਤੇ ਸਭਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ, ਲੇਖਿਕਾ ਅਮਰਜੀਤ ਕੌਰ ਅਤੇ ਡਾ: ਹਰਦੇਵ ਸਿੰਘ ਵਿਰਕ ਨੂੰ ਪ੍ਰਧਾਨਗੀ ਮੰਡਲ ਲਈ ਸੱਦਾ ਦਿੱਤਾ। ਉਪਰੰਤ ਬੀਤੇ ਮਹੀਨੇ ਦੀ ਮੀਟਿੰਗ ਦੀ ਕਾਰਵਾਈ ਸਾਂਝੀ ਕੀਤੀ ਗਈ ਅਤੇ ਅਕਤੂਬਰ ਮਹੀਨੇ ਵਿਚ ਜਨਮ ਦਿਨ ਵਾਲੀਆਂ ਸ਼ਖ਼ਸੀਅਤਾਂ ਨੂੰ ਸਭਾ ਵੱਲੋਂ ਵਧਾਈ ਦਿੱਤੀ ਗਈ। ਇਸ ਦੌਰਾਨ ਉੱਘੇ ਵਿਅੰਗਕਾਰ ਅਤੇ ਪੰਜਾਬੀ ਹਾਸ-ਵਿਅੰਗ ਅਕਾਦਮੀ (ਅੰਤਰਰਾਸ਼ਟਰੀ) ਦੇ ਪ੍ਰਧਾਨ ਕੇ. ਐਲ. ਗਰਗ ਦੇ ਬੇਵਕਤ ਅਕਾਲ ਚਲਾਣੇ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਹਾਜ਼ਰ ਕਵੀਆਂ ਨੇ ਆਪਣੇ ਬਹੁਮੁੱਲੇ ਕਲਾਮ ਪੇਸ਼ ਕਰਕੇ ਖੂਬ ਵਾਹ ਵਾਹ ਬਟੋਰੀ। ਲੋਕ ਗਾਇਕ ਤੇ ਲੇਖਕ ਬਲਬੀਰ ਸ਼ੇਰਪੁਰੀ ਅਤੇ ਸੁਰਜੀਤ ਸਿੰਘ ਮਾਂਧੋਪੁਰੀ ਵੱਲੋਂ ਖੂਬਸੂਰਤ ਗੀਤਾਂ ਰਾਹੀਂ ਮਹੌਲ ਵਿਚ ਸੰਗੀਤਕ ਰੰਗ ਭਰ ਦਿੱਤਾ ਗਿਆ। ਉਪਰੰਤ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ, ਡਾ: ਰਣਜੀਤ ਸਿੰਘ ਪੰਨੂ, ਕਵਿੰਦਰ ਚਾਂਦ, ਪ੍ਰੋ: ਕੁਲਵੰਤ ਸਿੰਘ ਥਿੰਦ ਅਤੇ ਡਾ: ਵਿਰਕ ਦੇ ਕਲਾਸਫੈਲੋ ਮਾ: ਅਮਰੀਕ ਸਿੰਘ ਲੇਹਲ ਵੱਲੋਂ ਡਾ: ਹਰਦੇਵ ਸਿੰਘ ਵਿਰਕ ਦੀ ਪੁਸਤਕ 'ਪੈਰਿਸ ਤੋਂ ਪਟਿਆਲਾ' ਉੱਪਰ ਬਹੁਤ ਮਿਹਨਤ ਨਾਲ ਤਿਆਰ ਕੀਤੇ ਪਰਚੇ ਪੜ੍ਹੇ ਗਏ। ਲੇਖਿਕਾ ਅਮਰਜੀਤ ਕੌਰ ਦੀ ਪੁਸਤਕ 'ਯਤਨ ਲੌਢੇ ਵੇਲੇ ਦੇ' ਉੱਪਰ ਪਲਵਿੰਦਰ ਸਿੰਘ ਰੰਧਾਵਾ, ਜਸਵੰਤ ਕੌਰ ਰਾਣਾ, ਹਰਦਮ ਮਾਨ ਅਤੇ ਸੁਰਜੀਤ ਸਿੰਘ ਮਾਂਧੋਪੁਰੀ ਨੇ ਪਰਚੇ ਪੜੇ ਅਤੇ ਸਮਾਜਿਕ ਸਰੋਕਾਰਾਂ ਨਾਲ ਨੂੰ ਖੂਬਸੂਰਤੀ ਨਾਲ ਸ਼ਬਦਾਂ ਵਿਚ ਪਰੋਣ ਦੀ ਖੂਬ ਸਰਾਹਨਾ ਕੀਤੀ। ਇਸ ਤੋਂ ਬਾਅਦ ਡਾ: ਹਰਦੇਵ ਸਿੰਘ ਵਿਰਕ ਨੇ ਆਪਣੇ ਮੁੱਢਲੇ ਸੰਘਰਸ਼ਮਈ ਜੀਵਨ ਅਤੇ ਜੀਵਨ ਭਰ ਦੇ ਤਜਰਬੇ ਸਾਂਝੇ ਕੀਤੇ। ਲੇਖਿਕਾ ਅਮਰਜੀਤ ਕੌਰ ਨੇ ਕਿਹਾ ਕਿ ਉਹ ਕਾਲਜ ਸਮੇਂ ਕਲਮਅਜ਼ਮਾਈ ਕਰਦੇ ਸਨ ਪਰ ਬਾਅਦ ਵਿੱਚ ਕਿਸੇ ਮਜਬੂਰੀ ਕਾਰਨ ਉਹ ਲਿਖ ਨਹੀਂ ਸਕੇ। ਪਰ ਕੈਨੇਡਾ ਆ ਕੇ ਸਾਹਿਤ ਸਭਾਵਾਂ ਵਿਚੋਂ ਸਾਹਿਤਕ ਮਹੌਲ ਮਿਲ ਗਿਆ ਅਤੇ ਕਲਮ ਨੇ ਫਿਰ ਅੰਗੜਾਈ ਲੈ ਕੇ ਸਿਰਜਣਾ ਸ਼ੁਰੂ ਕਰ ਦਿੱਤੀ, ਜਿਸ ਦਾ ਸਿੱਟਾ ਤੁਹਾਡੇ ਸਾਹਮਣੇ ਹੈ। ਪਲਵਿੰਦਰ ਸਿੰਘ ਰੰਧਾਵਾ ਨੇ ਗੀਤ ਤਰੰਨਮ ਵਿਚ ਗਾ ਕੇ ਖੂਬ ਦਾਦ ਬਟੋਰੀ। ਪ੍ਰਿਤਪਾਲ ਸਿੰਘ ਗਿੱਲ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਦੋਵਾਂ ਲੇਖਕਾਂ ਨੂੰ ਸਭਾ ਵੱਲੋਂ ਵਧਾਈ ਦਿੱਤੀ। ਸਮੁੱਚੇ ਸਮਾਗਮ ਦੌਰਾਨ ਮੰਚ ਸੰਚਾਲਨ ਦੀ ਜਿੰਮੇਵਾਰੀ ਪਲਵਿੰਦਰ ਸਿੰਘ ਰੰਧਾਵਾ ਵਲੋਂ ਬਾਖੂਬੀ ਨਿਭਾਈ ਗਈ।

ਫਿਲਾਡੇਲਫੀਆ 'ਚ ਪੁਲਿਸ ਅਧਿਕਾਰੀ ਦੀ ਗੋਲੀ ਮਾਰ ਕੇ ਹੱਤਿਆ

ਨਿਊਯਾਰਕ : ਅਮਰੀਕਾ ਦੇ ਪੈਨਸਿਲਵੇਨੀਆ ਸੂਬੇ ਦੇ ਫਿਲਾਡੇਲਫੀਆ ਸ਼ਹਿਰ ਵਿਚ ਪੁਲਿਸ ਅਧਿਕਾਰੀਆਂ 'ਤੇ ਹੋਏ ਜਾਨਲੇਵਾ ਹਮਲੇ ਦੇ ਮਾਮਲੇ ਵਿਚ 35 ਸਾਲਾ ਐਰਿਕ ਲੂਇਸ ਖ਼?ਲਾਫ਼ 76 ਅਪਰਾਧਿਕ ਦੋਸ਼ ਦਰਜ ਕੀਤੇ ਗਏ ਹਨ। ਇਸ ਗੋਲੀਬਾਰੀ ਵਿਚ ਇਕ ਪੁਲਿਸ ਅਧਿਕਾਰੀ ਦੀ ਮੌਤ ਹੋ ਗਈ, ਜਦਕਿ ਦੂਜਾ ਜ਼ਖ਼ਮੀ ਹੋ ਗਿਆ। ਅਦਾਲਤੀ ਰਿਕਾਰਡ ਮੁਤਾਬਿਕ ਮੁਲਜ਼ਮ ਪਹਿਲਾਂ ਵੀ ਹਥਿਆਰਾਂ, ਚੋਰੀ ਅਤੇ ਹੰਗਾਮਾ ਕਰਨ ਦੇ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਇਹ ਘਟਨਾ ਸਨਿਚਰਵਾਰ ਅੱਧੀ ਰਾਤ ਤੋਂ ਕੁਝ ਸਮਾਂ ਬਾਅਦ ਪੱਛਮੀ ਫਿਲਾਡੇਲਫੀਆ ਦੀ ਨੌਰਥ 52ਵੀਂ ਸਟਰੀਟ 'ਤੇ ਵਾਪਰੀ। ਪੁਲਿਸ ਅਨੁਸਾਰ ਮੁਲਜ਼ਮ ਨੇ 11 ਪੁਲਿਸ ਅਧਿਕਾਰੀਆਂ ਨੂੰ ਨਿਸ਼ਾਨਾ ਬਣਾ ਕੇ ਗੋਲੀਬਾਰੀ ਕੀਤੀ ਤੇ ਸ਼ੇਨ ਸਾਈਬਰ (40) ਦੀ ਮੌਤ ਹੋ ਗਈ। ਮ੍ਰਿਤਕ ਪਿਛਲੇ 10 ਸਾਲਾਂ ਤੋਂ ਫਿਲਾਡੇਲਫੀਆ ਪੁਲਿਸ ਵਿਭਾਗ ਵਿਚ ਸੇਵਾ ਨਿਭਾ ਰਿਹਾ ਸੀ। ਇਸ ਤੋਂ ਪਹਿਲਾਂ ਉਹ 2007 ਤੋਂ 2015 ਤੱਕ ਅਮਰੀਕੀ ਹਵਾਈ ਫ਼ੌਜ ਵਿਚ ਵੀ ਸੇਵਾ ਕਰ ਚੁੱਕਾ ਸੀ। ਉਹ ਆਪਣੇ ਪਿਛੇ ਪਤਨੀ, ਪੁੱਤਰ ਅਤੇ ਧੀ ਛੱਡ ਗਿਆ ਹੈ।

ਅਜ਼ਰਬਾਈਜਾਨ ਦੇ ਨਾਗਰਿਕ ਨੇ ਅਮਰੀਕੀ ਡਾਕ ਵਿਭਾਗ ਨਾਲ 10 ਲੱਖ ਡਾਲਰ ਦੀ ਧੋਖਾਧੜੀ ਦੇ ਦੋਸ਼ ਕਬੂਲੇ

ਨਿਊਯਾਰਕ : ਅਮਰੀਕਾ ਦੇ ਫਲੋਰੀਡਾ ਸੂਬੇ ਵਿਚ ਟਰੱਕਿੰਗ ਕੰਪਨੀ ਦੇ ਮਾਲਕ ਅਤੇ ਅਜ਼ਰਬਾਈਜਾਨ ਦੇ 40 ਸਾਲਾ ਨਾਗਰਿਕ ਖ਼ਯਾਮ ਆਰਿਫ਼ ਓਗਲੂ ਫਰਾਜੋਵ ਨੇ ਅਮਰੀਕੀ ਡਾਕ ਵਿਭਾਗ (ਯੂ.ਐਸ.ਪੀ.ਐਸ.) ਨਾਲ ਕਰੀਬ 10 ਲੱਖ ਡਾਲਰ ਦੀ ਧੋਖਾਧੜੀ ਕਰਨ ਅਤੇ ਗੈਰ-ਕਾਨੂੰਨੀ ਰਕਮ ਦੇ ਲੈਣ-ਦੇਣ ਦੇ ਦੋਸ਼ ਕਬੂਲ ਕਰ ਲਏ ਹਨ। ਫਰਾਜੋਵ ਓਰਲੈਂਡੋ ਸਥਿਤ ਤਾਲਿਸ਼ਕੋ ਐੱਲਐੱਲਸੀ ਟਰੱਕਿੰਗ ਕੰਪਨੀ ਦਾ ਮਾਲਕ ਸੀ। ਉਸ ਨੇ ਮਈ 2022 ਵਿਚ ਡਾਕ ਵਿਭਾਗ ਦੇ ਮਾਲ ਢੋਆ-ਢੁਆਈ ਪ੍ਰੋਗਰਾਮ ਵਿਚ ਆਪਣੀ ਕੰਪਨੀ ਰਜਿਸਟਰ ਕਰਵਾਈ ਸੀ। ਜੂਨ 2022 ਤੋਂ ਜਨਵਰੀ 2023 ਤੱਕ ਉਸ ਨੂੰ ਸੈਂਕੜੇ ਠੇਕੇ ਮਿਲੇ। ਜਾਂਚ ਅਨੁਸਾਰ ਫਰਾਜੋਵ ਠੇਕੇ ਮਿਲਣ ਦੇ ਬਾਵਜੂਦ ਕਈ ਵਾਰ ਮਾਲ ਚੁੱਕਣ ਲਈ ਟਰੱਕ ਨਹੀਂ ਭੇਜਦਾ ਸੀ। ਪੁੱਛਗਿੱਛ ਕਰਨ 'ਤੇ ਉਹ ਡਰਾਈਵਰ ਨਾਲ ਸੰਪਰਕ ਨਾ ਹੋਣ ਜਾਂ ਟਰੱਕ ਦੇ ਦੇਰੀ ਨਾਲ ਪਹੁੰਚਣ ਦਾ ਬਹਾਨਾ ਬਣਾਉਂਦਾ ਸੀ। ਡਾਕ ਵਿਭਾਗ ਨੂੰ ਮਾਲ ਦੂਜੀਆਂ ਕੰਪਨੀਆਂ ਰਾਹੀਂ ਭੇਜਣਾ ਪੈਂਦਾ ਸੀ, ਪਰ ਫਰਾਜੋਵ ਆਨਲਾਈਨ ਸਿਸਟਮ ਵਿੱਚ ਮਾਲ ਪਹੁੰਚਾਉਣ ਦੀ ਝੂਠੀ ਜਾਣਕਾਰੀ ਦਰਜ ਕਰਕੇ ਪੈਸੇ ਵਸੂਲ ਲੈਂਦਾ ਸੀ। ਇਸ ਤਰ੍ਹਾਂ ਹਾਸਲ ਕੀਤੀ ਰਕਮ ਉਸ ਨੇ ਆਪਣੀਆਂ ਕਾਗਜ਼ੀ ਕੰਪਨੀਆਂ ਰਾਹੀਂ ਨਿੱਜੀ ਖਾਤਿਆਂ ਵਿੱਚ ਭੇਜ ਕੇ ਸ਼ੇਅਰ ਬਾਜ਼ਾਰ ਵਿੱਚ ਨਿਵੇਸ਼ ਕਰ ਦਿੱਤੀ। ਜਾਂਚ ਏਜੰਸੀਆਂ ਨੇ ਉਸ ਦੇ ਨਿਵੇਸ਼ ਖਾਤਿਆਂ ਦੀ ਸੰਪਤੀ ਜ਼ਬਤ ਕਰ ਲਈ ਹੈ। ਫਰਾਜੋਵ ਨੇ ਡਾਕ ਵਿਭਾਗ ਨੂੰ 9 ਲੱਖ 93 ਹਜ਼ਾਰ 979 ਡਾਲਰ ਵਾਪਸ ਕਰਨ ਲਈ ਸਹਿਮਤੀ ਦਿੱਤੀ ਹੈ। ਉਸ ਨੂੰ ਦੋਵਾਂ ਦੋਸ਼ਾਂ ਵਿਚੋਂ ਹਰੇਕ ਲਈ ਵੱਧ ਤੋਂ ਵੱਧ 20 ਸਾਲ ਦੀ ਕੈਦ ਹੋ ਸਕਦੀ ਹੈ। ਅਦਾਲਤ ਨੇ ਹਾਲੇ ਸਜ਼ਾ ਸੁਣਾਉਣ ਦੀ ਤਰੀਕ ਤੈਅ ਨਹੀਂ ਕੀਤੀ।

ਅਮਰੀਕੀ ਫ਼ੌਜ ਨੂੰ ਚੀਨੀ ਸਾਮਾਨ ਸਪਲਾਈ ਕਰਨ ਦੇ ਦੋਸ਼ਾਂ ਉਪਰੰਤ ਰੰਗਾ ਰੰਗਨਾਥਨ ਤੇ ਉਸ ਦੀਆਂ ਦੋ ਕੰਪਨੀਆਂ ਵਲੋਂ 10 ਲੱਖ ਡਾਲਰ ਦਾ ਸਮਝੌਤਾ

ਨਿਊਯਾਰਕ : ਅਮਰੀਕੀ ਫ਼ੌਜ ਨੂੰ ਚੀਨ ਵਿਚ ਬਣਿਆ ਸਾਮਾਨ ਸਪਲਾਈ ਕਰਨ ਅਤੇ ਸਰਕਾਰ ਨੂੰ ਗਲਤ ਜਾਣਕਾਰੀ ਦੇਣ ਦੇ ਦੋਸ਼ਾਂ ਹੇਠ ਨਿਊਯਾਰਕ ਦੇ ਕਾਰੋਬਾਰੀ ਰੰਗਾ ਰੰਗਨਾਥਨ ਅਤੇ ਉਸ ਦੀਆਂ ਦੋ ਕੰਪਨੀਆਂ ਨੇ ਅਮਰੀਕੀ ਸਰਕਾਰ ਨਾਲ 10 ਲੱਖ ਡਾਲਰ ਦਾ ਸਮਝੌਤਾ ਕੀਤਾ ਹੈ। ਇਹ ਮਾਮਲਾ ਸਰਕਾਰੀ ਠੇਕਿਆਂ ਵਿਚ ਖਰੀਦ ਨਿਯਮਾਂ ਦੀ ਕਥਿਤ ਉਲੰਘਣਾ ਅਤੇ ਗਲਤ ਦਸਤਾਵੇਜ਼ਾਂ ਦੇ ਆਧਾਰ 'ਤੇ ਭੁਗਤਾਨ ਹਾਸਲ ਕਰਨ ਨਾਲ ਸੰਬੰਧਿਤ ਹੈ।ਅਮਰੀਕੀ ਨਿਆਂ ਵਿਭਾਗ ਅਨੁਸਾਰ ਰੰਗਨਾਥਨ ਦੀਆਂ ਕੰਪਨੀਆਂ ਨੀਲਸਨ ਹਾਰਡਵੇਅਰ ਕਾਰਪੋਰੇਸ਼ਨ ਅਤੇ ਜੇ ਐਂਡ ਪੀ ਖਾਮਕੇਨ ਇੰਡਸਟਰੀਜ਼ ਉਤੇ ਦੋਸ਼ ਹੈ ਕਿ ਉਨ੍ਹਾਂ ਨੇ ਚੀਨ ਤੋਂ ਮੰਗਵਾਏ ਪੁਰਜ਼ੇ ਅਤੇ ਤਿਆਰ ਸਾਮਾਨ ਅਮਰੀਕੀ ਫ਼ੌਜ ਨੂੰ ਸਪਲਾਈ ਕੀਤਾ ਪਰ ਭੁਗਤਾਨ ਲਈ ਜਮ੍ਹਾਂ ਕਰਵਾਏ ਦਸਤਾਵੇਜ਼ਾਂ ਵਿਚ ਇਸ ਸਾਮਾਨ ਨੂੰ ਅਮਰੀਕੀ ਸਰਕਾਰੀ ਖਰੀਦ ਨਿਯਮਾਂ ਅਨੁਸਾਰ ਦੱਸਿਆ ਗਿਆ। ਰੰਗਨਾਥਨ ਨੇ ਮਈ 2017 ਵਿਚ ਅਲਾਬਾਮਾ ਸਥਿਤ ਜੇ ਐਂਡ ਪੀ ਖਾਮਕੇਨ ਇੰਡਸਟਰੀਜ਼ ਦੇ ਕਾਰੋਬਾਰੀ ਸਾਧਨ ਖਰੀਦੇ ਸਨ। ਸਰਕਾਰ ਦਾ ਦੋਸ਼ ਹੈ ਕਿ ਇਸ ਤੋਂ ਬਾਅਦ ਨਵੰਬਰ 2019 ਤੱਕ ਕੰਪਨੀਆਂ ਨੇ ਚੀਨ ਵਿਚ ਬਣੇ ਵੱਖ-ਵੱਖ ਉਪਕਰਨ ਸਿੱਧੇ ਜਾਂ ਹੋਰ ਠੇਕੇਦਾਰਾਂ ਰਾਹੀਂ ਅਮਰੀਕੀ ਫ਼ੌਜ ਨੂੰ ਮੁਹੱਈਆ ਕਰਵਾਏ। ਇਨ੍ਹਾਂ ਵਿਚ ਐਲੂਮੀਨੀਅਮ ਦੇ ਮੇਜ਼, ਸਾਮਾਨ ਰੱਖਣ ਵਾਲੇ ਰੈਕ, ਵਾਹਨਾਂ ਦੇ ਪੈਨਲ, ਪੁਲੀਆਂ, ਮਾਊਂਟਿੰਗ ਬਰੈਕਟ ਅਤੇ ਗੋਲਾ-ਬਾਰੂਦ ਸੰਭਾਲਣ ਵਾਲੇ ਉਪਕਰਨ ਸ਼ਾਮਿਲ ਸਨ। ਅਮਰੀਕਾ ਦੇ ਬਾਇ ਅਮਰੀਕਨ ਐਕਟ ਤਹਿਤ ਸਰਕਾਰੀ ਖਰੀਦ ਵਿਚ ਆਮ ਤੌਰ 'ਤੇ ਅਮਰੀਕਾ ਵਿਚ ਬਣੇ ਸਾਮਾਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਫ਼ੌਜੀ ਉਪਕਰਨਾਂ ਵਿਚ ਵਰਤੀਆਂ ਜਾਣ ਵਾਲੀਆਂ ਕੁਝ ਖਾਸ ਧਾਤਾਂ ਲਈ ਵੀ ਸਖ਼ਤ ਨਿਯਮ ਹਨ। ਇਨ੍ਹਾਂ ਨਿਯਮਾਂ ਤਹਿਤ ਕੁਝ ਦੇਸ਼ਾਂ ਨੂੰ ਛੋਟ ਮਿਲਦੀ ਹੈ ਪਰ ਚੀਨ ਉਨ੍ਹਾਂ ਵਿੱਚ ਸ਼ਾਮਿਲ ਨਹੀਂ ਹੈ।ਅਮਰੀਕੀ ਅਟਾਰਨੀ ਥਾਮਸ ਗੋਵਨ ਨੇ ਕਿਹਾ ਕਿ ਸਰਕਾਰੀ ਠੇਕਿਆਂ ਵਿੱਚ ਟੈਕਸਦਾਤਾਵਾਂ ਦੇ ਪੈਸੇ ਦੀ ਸਹੀ ਵਰਤੋਂ ਅਤੇ ਅਮਰੀਕੀ ਕੰਪਨੀਆਂ ਨੂੰ ਬਰਾਬਰ ਮੌਕੇ ਦੇਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਫ਼ੌਜ ਨਾਲ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਨੂੰ ਨਿਯਮਾਂ ਦੀ ਪਾਲਣਾ ਕਰਨ ਦੇ ਨਾਲ ਸਰਕਾਰ ਨੂੰ ਸਹੀ ਜਾਣਕਾਰੀ ਦੇਣੀ ਚਾਹੀਦੀ ਹੈ। ਇਸ ਮਾਮਲੇ ਦਾ ਖ਼ੁਲਾਸਾ ਕਰਨ ਵਿੱਚ ਜੇ ਐਂਡ ਪੀ ਖਾਮਕੇਨ ਇੰਡਸਟਰੀਜ਼ ਦੇ ਦੋ ਸੰਸਥਾਪਕਾਂ ਅਤੇ ਸਾਬਕਾ ਮੁਲਾਜ਼ਮਾਂ ਦੀ ਵੀ ਭੂਮਿਕਾ ਰਹੀ, ਜਿਨ੍ਹਾਂ ਨੇ ਕਥਿਤ ਧੋਖਾਧੜੀ ਸਬੰਧੀ ਮੁਕੱਦਮਾ ਦਾਇਰ ਕੀਤਾ ਸੀ। ਕਾਨੂੰਨ ਅਨੁਸਾਰ ਉਨ੍ਹਾਂ ਨੂੰ ਸਮਝੌਤੇ ਦੀ ਰਕਮ ਵਿਚੋਂ ਇੱਕ ਹਿੱਸਾ ਮਿਲੇਗਾ। ਮਾਮਲੇ ਦੀ ਜਾਂਚ ਅਮਰੀਕੀ ਹਵਾਈ ਫ਼ੌਜ, ਰੱਖਿਆ ਵਿਭਾਗ ਅਤੇ ਫ਼ੌਜ ਦੀਆਂ ਜਾਂਚ ਏਜੰਸੀਆਂ ਵਲੋਂ ਕੀਤੀ ਗਈ। ਸਮਝੌਤੇ ਦੇ ਵੇਰਵੇ ਅਲਾਬਾਮਾ ਦੇ ਮੋਂਟਗੋਮਰੀ ਸ਼ਹਿਰ ਦੀ ਸੰਘੀ ਅਦਾਲਤ ਵਿੱਚ ਜਨਤਕ ਕੀਤੇ ਗਏ ਹਨ। ਨਿਆਂ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ 10 ਲੱਖ ਡਾਲਰ ਦਾ ਸਮਝੌਤਾ ਦੋਸ਼ਾਂ ਦੇ ਨਿਪਟਾਰੇ ਲਈ ਕੀਤਾ ਗਿਆ ਹੈ। ਅਦਾਲਤ ਵਲੋਂ ਰੰਗਨਾਥਨ ਜਾਂ ਉਸ ਦੀਆਂ ਕੰਪਨੀਆਂ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਅਤੇ ਨਾ ਹੀ ਉਨ੍ਹਾਂ ਦੀ ਕਾਨੂੰਨੀ ਜ਼ਿੰਮੇਵਾਰੀ ਸਾਬਤ ਹੋਈ ਹੈ।

ਮਸਕ ਨੇ ਟਰੰਪ ਦੀ ਪਾਰਟੀ ਲਈ ਖੋਲ੍ਹਿਆ ਖਜ਼ਾਨਾ: ਚੰਦੇ 'ਚ ਦਿੱਤੇ 26 ਅਰਬ 38 ਕਰੋੜ ਰੁਪਏ

ਵਾਸ਼ਿੰਗਟਨ : ਸਪੇਸਐਕਸ ਦੇ ਮੁਖੀ ਐਲਨ ਮਸਕ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰਿਪਬਲਿਕਨ ਪਾਰਟੀ ਲਈ ਵੱਡੇ ਸਿਆਸੀ ਚੰਦੇ ਦਾ ਐਲਾਨ ਕੀਤਾ ਗਿਆ ਹੈ। ਇੱਕ ਮੀਡੀਆ ਰਿਪੋਰਟ ਅਨੁਸਾਰ ਐਲਨ ਮਸਕ ਨੇ ਰਿਪਬਲਿਕਨ ਪਾਰਟੀ ਨੂੰ BGF ਮਿਲੀਅਨ ਅਮਰੀਕੀ ਡਾਲਰ (ਲਗਭਗ 26 ਅਰਬ 38 ਕਰੋੜ ਭਾਰਤੀ ਰੁਪਏ) ਦਾ ਭਾਰੀ ਚੰਦਾ ਦਿੱਤਾ ਹੈ, ਜਿਸ ਨਾਲ ਉਹ 3 ਨਵੰਬਰ ਨੂੰ ਹੋਣ ਵਾਲੀਆਂ ਮਿਡ-ਟਰਮ (ਮਧਿਆਵਧੀ) ਚੋਣਾਂ ਵਿੱਚ ਪਾਰਟੀ ਨੂੰ ਸਭ ਤੋਂ ਵੱਡਾ ਵਿੱਤੀ ਸਮਰਥਨ ਦੇਣ ਵਾਲੇ ਵਿਅਕਤੀ ਬਣ ਗਏ ਹਨ। 'ਦਿ ਨਿਊਯਾਰਕ ਟਾਈਮਜ਼' ਦੀ ਰਿਪੋਰਟ ਮੁਤਾਬਕ ਮਸਕ ਨੇ ਇਹ ਡੋਨੇਸ਼ਨ ਜੁਲਾਈ ਮਹੀਨੇ ਤੋਂ ਦੇਣੀ ਸ਼ੁਰੂ ਕੀਤੀ ਸੀ, ਤਾਂ ਜੋ ਉਨ੍ਹਾਂ 'ਬੈਟਲਗ੍ਰਾਊਂਡ' ਸੂਬਿਆਂ ਵਿੱਚ ਰਿਪਬਲਿਕਨ ਪ੍ਰਚਾਰ ਨੂੰ ਮਜ਼ਬੂਤੀ ਮਿਲ ਸਕੇ ਜਿੱਥੇ ਡੈਮੋਕ੍ਰੇਟਿਕ ਪਾਰਟੀ ਨਾਲ ਸਖ਼ਤ ਮੁਕਾਬਲਾ ਹੈ। 2025-26 ਦੇ ਚੋਣ ਚੱਕਰ ਦੌਰਾਨ ਮਸਕ ਨੇ ਰਿਪਬਲਿਕਨ ਪਾਰਟੀ ਨੂੰ ਕੁੱਲ CFF ਮਿਲੀਅਨ ਅਮਰੀਕੀ ਡਾਲਰ ਦਿੱਤੇ ਹਨ, ਜੋ ਕਿ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਡੋਨਾਲਡ ਟਰੰਪ ਦੇ ਇਲੈਕਸ਼ਨ ਕੈਂਪੇਨ ਲਈ ਦਿੱਤੇ ਗਏ 290 ਮਿਲੀਅਨ ਅਮਰੀਕੀ ਡਾਲਰ ਨਾਲੋਂ ਵੀ ਜ਼ਿਆਦਾ ਹਨ। ਇਸ ਵੱਡੇ ਚੰਦੇ ਦੇ ਵੇਰਵਿਆਂ ਅਨੁਸਾਰ ਮਸਕ ਨੇ ਰਿਪਬਲਿਕਨ ਪਾਰਟੀ ਦੇ 'ਸੀਨੇਟ ਲੀਡਰਸ਼ਿਪ ਫੰਡ' ਵਿੱਚ 158 ਮਿਲੀਅਨ ਅਮਰੀਕੀ ਡਾਲਰ ਦਾ ਯੋਗਦਾਨ ਪਾਇਆ ਹੈ, ਜੋ ਕਿ ਅਮਰੀਕੀ ਇਤਿਹਾਸ ਵਿੱਚ ਕਿਸੇ ਇੱਕ ਵਿਅਕਤੀ ਵੱਲੋਂ ਦਿੱਤਾ ਗਿਆ ਸਭ ਤੋਂ ਵੱਡਾ ਸਿਆਸੀ ਡੋਨੇਸ਼ਨ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ 36 ਤੋਂ ਵੱਧ ਸੀਟਾਂ 'ਤੇ ਸੀਨੇਟ ਉਮੀਦਵਾਰਾਂ ਲਈ ਪ੍ਰਚਾਰ ਕਰ ਰਹੇ 'ਅਮਰੀਕਾ PAC' ਨੂੰ 7.6 ਕਰੋੜ ਡਾਲਰ, 'ਕਾਂਗਰੈਸ਼ਨਲ ਲੀਡਰਸ਼ਿਪ ਫੰਡ' ਨੂੰ 2 ਕਰੋੜ ਡਾਲਰ, ਟੈਕਸਾਸ ਵਿੱਚ ਕੇਨ ਪੈਕਸਟਨ ਦਾ ਸਮਰਥਨ ਕਰਨ ਵਾਲੇ 'ਲੋਨ ਸਤਾਰ ਲਿਬਰਟੀ PAC' ਨੂੰ 1 ਕਰੋੜ ਡਾਲਰ, 'ਰਿਪਬਲਿਕਨ ਗਵਰਨਰਜ਼ ਐਸੋਸੀਏਸ਼ਨ' ਨੂੰ 1 ਕਰੋੜ ਡਾਲਰ ਅਤੇ 'ਰਿਪਬਲਿਕਨ ਅਟਾਰਨੀ ਜਨਰਲ ਐਸੋਸੀਏਸ਼ਨ' ਨੂੰ 20 ਲੱਖ ਡਾਲਰ ਦਾਨ ਕੀਤੇ ਹਨ। 'ਅਮਰੀਕਾ PAC' ਦੇ ਬੁਲਾਰੇ ਐਂਡਰਿਊ ਰੋਮੀਓ ਅਨੁਸਾਰ ਇਸ ਵੱਡੇ ਨਿਵੇਸ਼ ਨਾਲ ਪਾਰਟੀ ਨੂੰ ਆਪਣਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਵਿੱਚ ਵੱਡੀ ਮਦਦ ਮਿਲੀ ਹੈ। ਜ਼ਿਕਰਯੋਗ ਹੈ ਕਿ ਐਲਨ ਮਸਕ ਇੱਕ ਵਿਸ਼ਾਲ ਵਪਾਰਕ ਸਾਮਰਾਜ ਚਲਾਉਂਦੇ ਹਨ ਅਤੇ ਉਨ੍ਹਾਂ ਨੂੰ ਸਰਕਾਰੀ ਕੰਟਰੈਕਟਾਂ ਤੋਂ ਕਾਫ਼ੀ ਫ਼ਾਇਦ

COMPLETE SOLAR & BATTERY STARTING AT $23,000

For a standard 5kW Solar & 14kWh Battery system

Price is for installation on code-compliant homes.
Electrical panel or roof upgrades are extra.

CALL OR TEXT HARRY FOR A QUOTE | (925) 537-2732

TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

ਪੰਜਾਬ ਦੇ ਭਲੇ ਲਈ ਇਕਜੁੱਟਤਾ ਦੇ ਯਤਨ ਜ਼ਰੂਰੀ: ਗੜਗੱਜ

ਅਕਾਲ ਤਖ਼ਤ ਦੇ ਜਥੇਦਾਰ ਨੇ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਵਿੱਚ ਸ਼ਿਰਕਤ ਕੀਤੀ

ਐੱਸ ਏ ਐੱਸ ਨਗਰ (ਮੁਹਾਲੀ) : ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਅੱਜ ਕਿਹਾ ਕਿ ਪੰਜਾਬ ਦੇ ਭਵਿੱਖ ਦੀ ਰਾਖੀ ਲਈ ਪੰਜਾਬੀਆਂ ਨੂੰ ਖ਼ੁਦ ਅੱਗੇ ਆਉਣਾ ਪਵੇਗਾ। ਉਹ ਇੱਥੋਂ ਦੇ ਫੇਜ਼ ਅੱਠ ਵਿੱਚ ਗੁਰੂ ਰਾਮਦਾਸ ਦੇ ਗੁਰਪੁਰਬ ਨੂੰ ਸਪਰਪਿਤ ਪਹਿਲੇ ਵਿਸ਼ੇਸ਼ ਗੁਰਮਤਿ ਸਮਾਗਮ ਵਿਚ ਜੁੜੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ।

ਜਥੇਦਾਰ ਗੜਗੱਜ ਨੇ ਪੰਜਾਬ ਦੇ ਭਵਿੱਖ ਅਤੇ ਰਾਜ ਵਿਚ ਬੱਚਿਆਂ ਦੀ ਘਟਦੀ ਜਨਮ ਦਰ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਪਛਾਣ ਅਤੇ ਹੋਂਦ ਨੂੰ ਬਚਾਉਣ ਲਈ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਨੂੰ ਇਕਜੁੱਟ ਹੋ ਕੇ ਯਤਨ ਕਰਨੇ ਪੈਣਗੇ। ਉਨ੍ਹਾਂ ਪੰਜਾਬੀ ਪਰਿਵਾਰਾਂ ਵਿੱਚ ਇੱਕ ਹੀ ਬੱਚਾ ਹੋਣ ਦੇ ਵਧ ਰਹੇ ਰੁਝਾਨ ਨੂੰ ਵੀ ਚਿੰਤਾ ਦਾ ਵਿਸ਼ਾ ਦੱਸਿਆ। ਉਨ੍ਹਾਂ ਪੰਜਾਬ ਦੇ ਸਮਾਜਿਕ ਅਤੇ ਆਬਾਦੀ ਨਾਲ ਜੁੜੇ ਭਵਿੱਖ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਅਕਾਲੀ ਦਲ ਦੇ ਜ਼ਿਲ੍ਹਾ ਮੁਹਾਲੀ ਦੇ ਪ੍ਰਧਾਨ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਚੌਥੀ ਪਾਤਿਸ਼ਾਹੀ ਦਾ ਜੀਵਨ ਸੇਵਾ, ਨਿਮਰਤਾ ਅਤੇ ਮਨੁੱਖਤਾ ਦੀ ਭਲਾਈ ਦੀ ਪ੍ਰੇਰਨਾ ਦਿੰਦਾ ਹੈ। ਇਸ ਮੌਕੇ ਕਥਾ, ਕੀਰਤਨ ਅਤੇ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ। ਸਮਾਗਮ ਵਿਚ ਵੱਡੀ ਗਿਣਤੀ ਵਿਚ ਸ਼ਹਿਰ ਵਾਸੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਕੌਰ ਲਾਂਡਰਾਂ, ਮਨਜੀਤ ਸਿੰਘ ਮਾਨ, ਸਰਬਜੀਤ ਸਿੰਘ ਪਾਰਸ, ਪ੍ਰਦੀਪ ਸਿੰਘ ਭਾਰਜ, ਇਸ਼ਪ੍ਰੀਤ ਸਿੰਘ ਵਿੱਕੀ, ਅਮਰਜੀਤ ਸਿੰਘ ਪਾਹਵਾ, ਗੁਰਚਰਨ ਸਿੰਘ ਨੰਨੜਾ, ਕਰਮ ਸਿੰਘ ਬੱਬਰ, ਪਰਮਜੀਤ ਸਿੰਘ ਗਿੱਲ, ਪ੍ਰੀਤਮ ਸਿੰਘ, ਜੋਗਿੰਦਰ ਸਿੰਘ ਸੋਢੀ, ਗੁਰਦਰਸ਼ਨ, ਦੀਪ ਸਿੰਘ, ਬਿਕਰਮ ਸਿੰਘ ਹੁੰਝਣ, ਨਰਿੰਦਰ ਸਿੰਘ ਸੰਧੂ, ਪਰਮਜੀਤ ਸਿੰਘ ਖੁਰਲ, ਸੁਰਿੰਦਰ ਸਿੰਘ, ਬੀਬੀ ਜਤਿੰਦਰ ਕੌਰ ਲੰਬਿਆਂ ਅਤੇ ਬਾਬਾ ਸੁਰਿੰਦਰ ਸਿੰਘ ਧੰਨਾ ਭਗਤ ਸਮੇਤ ਹੋਰ ਪਤਵੰਤੇ ਮੌਜੂਦ ਸਨ।

ਬੰਦੀ ਸਿੰਘਾਂ ਦੀ ਰਿਹਾਈ ਲਈ ਕੋਈ ਕਸਰ ਨਹੀਂ ਛੱਡਾਂਗੇ: ਭਗਵੰਤ ਮਾਨ

ਮੁੱਖ ਮੰਤਰੀ ਨੇ ਕੌਮੀ ਇਨਸਾਫ਼ ਮੋਰਚਾ ਦੇ ਆਗੂਆਂ ਨਾਲ ਮੀਟਿੰਗ ਕੀਤੀ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਲਈ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਤੇ ਚੰਡੀਗੜ੍ਹ ਦੀ ਹੱਦ 'ਤੇ ਸੰਘਰਸ਼ ਕਰ ਰਹੇ ਕੌਮੀ ਇਨਸਾਫ਼ ਮੋਰਚਾ ਦੇ ਆਗੂਆਂ ਨਾਲ ਅੱਜ ਪਹਿਲੀ ਵਾਰ ਮੀਟਿੰਗ ਕੀਤੀ ਗਈ। ਇਸ ਦੌਰਾਨ ਮੋਰਚੇ ਦੇ ਆਗੂਆਂ ਨੇ ਮੁੱਖ ਮੰਤਰੀ ਤੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਦੀ ਠੋਸ ਢੰਗ ਨਾਲ ਪੈਰਵੀ ਕਰਨ, ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਡਿਬਰੂਗੜ੍ਹ ਜੇਲ੍ਹ ਵਿੱਚੋਂ ਰਿਹਾਅ ਕਰਨ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਮੁਆਫ਼ ਕਰਵਾਉਣ ਲਈ ਕੇਂਦਰ ਸਰਕਾਰ ਤੱਕ ਪਹੁੰਚ ਕਰਨ ਦੀ ਮੰਗ ਕੀਤੀ। ਉਨ੍ਹਾਂ ਮੰਗ ਕੀਤੀ ਕਿ ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ ਵਿੱਚੋਂ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਨ ਅਤੇ 10 ਦਿਨਾਂ ਦੀ ਪੈਰੋਲ ਦੇਣ ਸਬੰਧੀ ਪੈਰਵੀ ਕੀਤੀ ਜਾਵੇ। ਇਸ ਤੋਂ ਇਲਾਵਾ ਹੋਰਨਾਂ ਬੰਦੀ ਸਿੰਘਾਂ ਨੂੰ ਰਿਹਾਅ ਕਰਾਉਣ ਲਈ ਆਵਾਜ਼ ਚੁੱਕੀ ਜਾਵੇ। ਮੁੱਖ ਮੰਤਰੀ ਭਗਵੰਤ ਮਾਨ ਨੇ ਕੌਮੀ ਇਨਸਾਫ਼ ਮੋਰਚਾ ਦੇ ਆਗੂਆਂ ਨਾਲ ਵੱਖ-ਵੱਖ ਮੰਗਾਂ ਸਬੰਧੀ ਚਰਚਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਹਰ ਕਾਨੂੰਨੀ ਅਤੇ ਸੰਵਿਧਾਨਕ ਰਾਹ ਅਪਣਾਇਆ ਜਾਵੇਗਾ, ਤਾਂ ਜੋ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਾਮਲੇ ਨੂੰ ਸੁਲਝਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਰਮਜੀਤ ਸਿੰਘ ਭਿਓਰਾ ਅਤੇ ਜਗਤਾਰ ਸਿੰਘ ਤਾਰਾ ਦੀ ਪੈਰੋਲ ਦੇ ਮੁੱਦੇ ਨੂੰ ਪੰਜਾਬ ਦੇ ਰਾਜਪਾਲ ਕੋਲ ਉਠਾਇਆ ਜਾਵੇਗਾ। ਹਾਲਾਂਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ ਵੀ ਕੇਂਦਰ ਅਤੇ ਰਾਜਪਾਲ ਨੂੰ ਅਪੀਲ ਕੀਤੀ ਗਈ ਸੀ ਕਿ ਜਗਤਾਰ ਸਿੰਘ ਹਵਾਰਾ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਪੈਰੋਲ ਦਿੱਤੀ ਜਾਵੇ ਤੇ ਇਸ ਲਈ ਅਮਨ-ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਬਰਕਰਾਰ ਰੱਖੀ ਜਾਵੇਗੀ, ਪਰ ਕੇਂਦਰ ਨੇ ਅਜੇ ਤੱਕ ਇਸ ਨੂੰ ਮਨਜ਼ੂਰੀ ਨਹੀਂ ਦਿੱਤੀ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੇਲ੍ਹਾਂ ਵਿੱਚ ਕੈਦ 'ਬੰਦੀ ਸਿੰਘਾਂ' ਦੀ ਰਿਹਾਈ ਲਈ ਹਰ ਸੰਭਵ ਕਾਨੂੰਨੀ ਅਤੇ ਸੰਵਿਧਾਨਕ ਕਦਮ ਚੁੱਕੇ ਜਾਣਗੇ। ਇਸ ਮੌਕੇ ਰਾਮਪੁਰ ਖੇੜਾ ਤੋਂ ਸੰਤ ਸੇਵਾ ਸਿੰਘ, ਬਠਿੰਡਾ ਤੋਂ ਗੁਰਦੀਪ ਸਿੰਘ, ਮੋਹਕਮ ਸਿੰਘ, ਗੁਰਸੇਵਕ ਸਿੰਘ ਕਾਹਨੇਕੇ, ਭੁਪਿੰਦਰ ਸਿੰਘ ਅਤੇ ਕਿਸਾਨ ਆਗੂ ਬੂਟਾ ਸਿੰਘ ਬੁਰਜਗਿੱਲ ਦੀ ਅਗਵਾਈ ਵਾਲੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਦੌਰਾਨ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਬਹਿਰੀਨ ਵਾਲੀ ਬੀਬੀ ਦੇ ਮਾਮਲੇ 'ਚ ਨਿਰਪੱਖ ਜਾਂਚ ਮੰਗੀ

ਸਿੱਖ ਜਥੇਬੰਦੀਆਂ ਨੇ ਅਕਾਲ ਤਖ਼ਤ 'ਤੇ ਪੱਤਰ ਸੌਂਪਿਆ

ਅੰਮ੍ਰਿਤਸਰ : ਅਲਾਇੰਸ ਆਫ਼ ਸਿੱਖ ਆਰਗੇਨਾਈਜ਼ੇਸ਼ਨ ਨਾਂ ਦੀ ਜਥੇਬੰਦੀ ਦੀ ਅਗਵਾਈ ਹੇਠ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਬਹਿਰੀਨ ਵਾਲੀ ਬੀਬੀ ਦੇ ਮਾਮਲੇ ਵਿੱਚ ਅੱਜ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਯਾਦ ਪੱਤਰ ਸੌਂਪ ਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਅਸਤੀਫ਼ਾ ਮੰਗਿਆ ਅਤੇ ਅਕਾਲ ਤਖ਼ਤ ਦੀ ਅਗਵਾਈ ਹੇਠ ਇਸ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਕੋਆਰਡੀਨੇਟਰ ਸੁਖਦੇਵ ਸਿੰਘ ਫਗਵਾੜਾ ਨੇ ਆਖਿਆ ਕਿ ਇਸ ਤੋਂ ਪਹਿਲਾਂ 18 ਸਤੰਬਰ ਨੂੰ ਇਸ ਮਾਮਲੇ ਵਿੱਚ ਅਕਾਲ ਤਖ਼ਤ ਵਿਖੇ ਪੱਤਰ ਸੌਂਪਿਆ ਸੀ ਅਤੇ ਇਸ ਘਟਨਾ ਸਬੰਧੀ ਖਦਸ਼ੇ ਦਾ ਪ੍ਰਗਟਾਵਾ ਕਰਦਿਆਂ ਲੋੜੀਂਦੀ ਕਾਰਵਾਈ ਦੀ ਮੰਗ ਕੀਤੀ ਸੀ। ਉਨ੍ਹਾਂ ਆਖਿਆ ਕਿ ਅੱਜ ਇਸੇ ਕੜੀ ਵਿੱਚ ਦੂਜਾ ਯਾਦ ਪੱਤਰ ਦਿੱਤਾ ਗਿਆ ਹੈ। ਇਸ ਪੱਤਰ ਵਿੱਚ ਸਿੱਖ ਆਗੂਆਂ ਨੇ ਕਿਹਾ ਕਿ ਇਹ ਮਾਮਲਾ ਬਹਿਰੀਨ ਤੋਂ ਆਈ ਬੀਬੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਮਰਜੀਤ ਸਿੰਘ ਚਾਵਲਾ ਉੱਤੇ ਲਾਏ ਗਏ ਜਬਰ ਜਨਾਹ ਦੇ ਦੋਸ਼ਾਂ ਮਾਤਰ ਤੱਕ ਹੀ ਸੀਮਤ ਨਹੀਂ ਹੈ, ਇਹ ਸਾਡੇ ਸ਼੍ਰੋਮਣੀ ਤਖ਼ਤਾਂ ਅਤੇ ਸ਼੍ਰੋਮਣੀ ਸੰਸਥਾਵਾਂ ਦੀ ਪਵਿੱਤਰਤਾ ਤੇ ਭਰੋਸੇਯੋਗਤਾ ਦਾ ਵੀ ਸਵਾਲ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਇਸ ਮਾਮਲੇ ਦੀ ਸੀ ਬੀ ਆਈ ਜਾਂਚ ਕਰਵਾਉਣ ਦੀ ਮੰਗ ਅਕਾਲ ਤਖ਼ਤ ਦੀ ਸਰਵਉੱਚਤਾ, ਸਿੱਖ ਸਿਧਾਂਤਾਂ ਤੇ ਪ੍ਰੰਪਰਾਵਾਂ ਨੂੰ ਪਿੱਠ ਦੇਣ ਦੀ ਕਾਰਵਾਈ ਹੈ। ਇਹ ਮਾਮਲਾ ਗੁਰਦੁਆਰਾ ਪ੍ਰਬੰਧ ਵਿੱਚ ਆਏ ਨਿਘਾਰ ਦੀ ਘਿਨਾਉਣੀ ਤਸਵੀਰ ਪੇਸ਼ ਕਰਦਾ ਹੈ। ਸਿੱਖ ਜਥੇਬੰਦੀਆਂ ਨੇ ਆਖਿਆ ਕਿ ਇਸ ਦੀ ਨਿਰਪੱਖ ਜਾਂਚ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਨਿਰਪੱਖ ਸਿੱਖ ਜੱਜ ਦੀ ਅਗਵਾਈ ਹੇਠ ਸਿੱਖ ਵਕੀਲਾਂ ਦੀ ਕਮੇਟੀ ਵੱਲੋਂ ਹੋਣੀ ਚਾਹੀਦੀ ਹੈ। ਇਸ ਦਾ ਪੂਰਾ ਸੱਚ ਸਿੱਖ ਪੰਥ ਦੇ ਸਾਹਮਣੇ ਆਉਣਾ ਚਾਹੀਦਾ ਹੈ ਤੇ ਜ਼ਿੰਮੇਵਾਰਾਂ ਨੂੰ ਸਿੱਖ ਪ੍ਰੰਪਰਾਵਾਂ ਅਨੁਸਾਰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਕੈਨੇਡੀਅਨ ਨਾਗਰਿਕ ਤੈਅ ਕਰਨਗੇ ਕੈਨੇਡਾ ਦਾ ਭਵਿੱਖ : ਕਾਰਨੀ

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਊਬੈਕ, ਅਲਬਰਟਾ ਅਤੇ ਸਸਕੈਚਵਨ ਨੂੰ ਦੇਸ਼ ਤੋਂ ਵੱਖ ਹੋਣ ਦੀ ਐਲਨ ਮਸਕ ਦੀ ਅਪੀਲ ਨੂੰ ਖਾਰਜ ਕਰਦਿਆਂ ਵੀਰਵਾਰ ਨੂੰ ਕਿਹਾ ਕਿ ਕੈਨੇਡਾ ਦਾ ਭਵਿੱਖ ਉੱਥੋਂ ਦੇ ਲੋਕ ਹੀ ਤੈਅ ਕਰਨਗੇ। ਮਸਕ ਦੀਆਂ ਟਿੱਪਣੀਆਂ ਬਾਰੇ ਪੁੱਛੇ ਜਾਣ 'ਤੇ ਕਾਰਨੀ ਨੇ ਕਿਹਾ, "ਕੈਨੇਡਾ ਦਾ ਭਵਿੱਖ ਇੱਥੋਂ ਦੇ ਨਾਗਰਿਕ, ਉਨ੍ਹਾਂ ਦੀਆਂ ਤਰਜੀਹਾਂ ਅਤੇ ਕਿਊਬੈਕ ਦੇ ਲੋਕਾਂ ਦੀਆਂ ਇੱਛਾਵਾਂ ਤੈਅ ਕਰਨਗੀਆਂ।" ਕਾਰਨੀ ਨੇ ਕਿਹਾ ਕਿ ਕੈਨੇਡਾ ਦੇ ਨਾਗਰਿਕਾਂ ਨੂੰ ਆਪਣੀ ਭਾਸ਼ਾ ਅਤੇ ਸੱਭਿਆਚਾਰ ਦੇ ਅਨੁਸਾਰ ਜੀਵਨ ਜਿਊਣ ਦੀ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ, "ਸਾਨੂੰ ਵਿਦੇਸ਼ੀ ਸਰਕਾਰਾਂ ਜਾਂ ਵੱਡੀਆਂ ਤਕਨਾਲੌਜੀ ਕੰਪਨੀਆਂ ਦੇ ਦਖ਼ਲ ਦੀ ਲੋੜ ਨਹੀਂ ਹੈ। ਉਨ੍ਹਾਂ ਨੂੰ ਇਹ ਗਲਤ ਧਾਰਨਾ ਨਹੀਂ ਰੱਖਣੀ ਚਾਹੀਦੀ ਕਿ ਉਹ ਤੈਅ ਕਰ ਸਕਦੀਆਂ ਹਨ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ।" ਮਸਕ ਨੇ ਬੁੱਧਵਾਰ ਨੂੰ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕਿਊਬੈਕ ਦੇ ਪ੍ਰੀਮੀਅਰ ਪੌਲ ਸੈਂਟ-ਪੀਅਰੇ ਪਲਾਮੋਂਡੋਨ ਨਾਲ ਸਬੰਧਤ ਇਕ ਪੋਸਟ 'ਤੇ ਟਿੱਪਣੀ ਕਰ ਕੇ ਕੈਨੇਡਾ ਵਿਚ ਵੱਖਵਾਦ ਦੀ ਬਹਿਸ ਨੂੰ ਹਵਾ ਦੇ ਦਿੱਤੀ ਸੀ। ਵੱਖਵਾਦੀ ਵਿਚਾਰਧਾਰਾ ਵਾਲੀ ਪਲਾਮੋਂਡੋਨ ਦੀ ਪਾਰਟੀ 'ਪਾਰਟੀ ਕਿਊਬੈਕੋਸ' ਨੇ ਸੋਮਵਾਰ ਨੂੰ ਸੂਬਾਈ ਚੋਣਾਂ ਵਿਚ ਜਿੱਤ ਦਰਜ ਕੀਤੀ ਸੀ।

ਟਰੰਪ ਨਾਲ ਸਬੰਧਤ ਖ਼ਬਰਾਂ ਰੋਕਣ ਦੇ ਮਾਮਲੇ 'ਚ ਜਾਂਚ ਸ਼ੁਰੂ

ਵਾਸ਼ਿੰਗਟਨ : ਅਮਰੀਕੀ ਨਿਆਂ ਵਿਭਾਗ ਇਸ ਗੱਲ ਦੀ ਜਾਂਚ ਕਰ ਰਿਹਾ ਹੈ ਕਿ ਕੀ ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ) ਨੂੰ ਕਵਰ ਕਰਨ ਵਾਲੇ ਟੈਲੀਵਿਜ਼ਨ ਚੈਨਲਾਂ ਦੇ ਇੱਕ ਸਮੂਹ ਨੇ ਪਿਛਲੇ ਮਹੀਨੇ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਖ਼ਬਰਾਂ ਦੀ ਕਵਰੇਜ ਰੋਕ ਕੇ ਮੁਕਾਬਲੇਬਾਜ਼ੀ ਕਾਨੂੰਨ ਦੀ ਉਲੰਘਣਾ ਕੀਤੀ ਹੈ ਜਾਂ ਨਹੀਂ। ਵਿਭਾਗ ਦੇ ਇੱਕ ਬੁਲਾਰੇ ਨੇ ਇਸ ਸਬੰਧੀ ਐਲਾਨ ਕੀਤਾ। ਵਿਭਾਗ ਦੀ ਬੁਲਾਰਨ ਐਮਿਲੀ ਕੋਵਿੰਗਟਨ ਨੇ ਕਿਹਾ ਕਿ ਵਪਾਰਕ ਪ੍ਰਤੀਯੋਗੀਆਂ ਦੁਆਰਾ ਅਜਿਹਾ ਵਿਆਪਕ ਬਾਈਕਾਟ ਅਮਰੀਕੀ ਕਾਨੂੰਨ ਦੀ ਉਲੰਘਣਾ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ, 'ਐਂਟੀਟਰਸਟ ਲਾਅ ਡਿਵੀਜ਼ਨ ਸਿਰਫ਼ ਇਹ ਨਿਰਧਾਰਤ ਕਰਨ ਲਈ ਜਾਂਚ ਕਰ ਰਿਹਾ ਹੈ ਕਿ ਕੀ ਇਨ੍ਹਾਂ ਖ਼ਬਰਾਂ ਦੇ ਸੰਗਠਨਾਂ ਨੇ ਵਿਸ਼ਵਾਸ ਵਿਰੋਧੀ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ'। ਨਿਆਂ ਵਿਭਾਗ ਦੀ ਇਹ ਕਾਰਵਾਈ ਪੰਜ ਪ੍ਰਸਾਰਕਾਂ ਦੇ ਇੱਕ ਸਮੂਹ ਦੁਆਰਾ ਪਿਛਲੇ ਮਹੀਨੇ ਰਾਸ਼ਟਰਪਤੀ 'ਤੇ ਖ਼ਬਰਾਂ ਦੀ ਕਵਰੇਜ ਨੂੰ ਰੋਕਣ ਤੋਂ ਬਾਅਦ ਆਈ ਹੈ ਜਦੋਂ ਟਰੰਪ ਪ੍ਰਸ਼ਾਸਨ ਨੇ ਸੀਐਨਐਨ, ਐਮਐਸਐਨਬੀਸੀ ਅਤੇ ਪੋਲੀਟੀਕੋ ਦੇ ਪੱਤਰਕਾਰਾਂ ਨੂੰ ਵ੍ਹਾਈਟ ਹਾਊਸ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਸੀ।

ਭਾਰਤ-ਅਮਰੀਕਾ ਵਪਾਰ ਸਮਝੌਤੇ 'ਤੇ ਮਤਭੇਦ ਦੂਰ ਕਰਨ ਦੀ ਕੋਸ਼ਿਸ਼ ਜਾਰੀ : ਵਿਦੇਸ਼ ਮੰਤਰੀ ਜੈਸ਼ੰਕਰ

ਨਵੀਂ ਦਿੱਲੀ : ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਪ੍ਰਸਤਾਵਿਤ ਵਪਾਰ ਸਮਝੌਤੇ 'ਤੇ ਮਤਭੇਦਾਂ ਨੂੰ ਦੂਰ ਕਰਨ ਲਈ ਚਰਚਾ ਜਾਰੀ ਰੱਖੇ ਹੋਏ ਹਨ ਅਤੇ ਗੱਲਬਾਤ ਹੁਣ 'ਸਮਝੌਤੇ ਦੇ ਕਰੀਬ ਪਹੁੰਚਣ' ਵਾਲੀ ਹੈ।' ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦੋਵਾਂ ਦੇਸ਼ਾਂ ਦੀ ਰਣਨੀਤਕ ਭਾਈਵਾਲੀ ਦੇ ਮੂਲ ਸਿਧਾਂਤ 'ਚ ਕੋਈ ਤਬਦੀਲੀ ਨਹੀਂ ਆਈ ਹੈ। ਵਿਦੇਸ਼ ਮੰਤਰੀ ਇਹ ਟਿੱਪਣੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਇਕ ਹਫ਼ਤੇ ਤੋਂ ਵੱਧ ਸਮੇਂ ਪਹਿਲਾਂ ਦਿੱਤੇ ਗਏ ਉਸ ਬਿਆਨ ਤੋਂ ਬਾਅਦ ਆਈ ਹੈ, ਜਿਸ 'ਚ ਉਨ੍ਹਾਂ ਨੇ ਕਿਹਾ ਸੀ ਕਿ ਵਪਾਰ ਸਮਝੌਤੇ 'ਤੇ ਗੱਲਬਾਤ ਅਜੇ ਜਾਰੀ ਹੈ ਪਰ ਅਜਿਹਾ ਲੱਗਦਾ ਹੈ ਕਿ ਦੋਵੇਂ ਪੱਖ ਗੱਲਬਾਤ 'ਚ ਇਕ ਅਜਿਹੇ ਪੱਧਰ 'ਤੇ ਪਹੁੰਚ ਗਏ ਹਨ, ਜਿੱਥੇ ਅੱਗੇ ਰਿਆਇਤ ਦੇਣ ਦੀ ਗੁੰਜਾਇਸ਼ ਸੀਮਿਤ ਰਹਿ ਗਈ ਹੈ।

'ਬਲੂਮਬਰਗ ਨਿਊ ਇਕਾਨਮੀ ਫੋਰਮ' 'ਚ ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਦੀ ਸਥਿਤੀ ਬਾਰੇ ਪੁੱਛੇ ਜਾਣ 'ਤੇ ਜੈਸ਼ੰਕਰ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਅਸੀਂ ਕੁਝ ਚੀਜ਼ਾਂ ਦੀ ਉਡੀਕ ਕਰ ਰਹੇ ਹਾਂ। ਮੈਂ ਗੱਲਬਾਤ ਦੇ ਵੇਰਵੇ ਜਨਤਕ ਤੌਰ 'ਤੇ ਦੇਣ 'ਚ ਸਹਿਜ ਮਹਿਸੂਸ ਨਹੀਂ ਕਰਾਂਗਾ।' ਜੈਸ਼ੰਕਰ ਨੇ ਕਿਹਾ ਕਿ ਭਾਰਤ ਦੇ ਵਣਜ ਮੰਤਰੀ, ਅਮਰੀਕੀ ਵਪਾਰ ਪ੍ਰਤੀਨਿਧੀ (USTR) ਅਤੇ ਸਬੰਧਤ ਅਧਿਕਾਰੀ ਦੁਵੱਲੇ ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਲਈ ਗੱਲਬਾਤ ਕਰ ਰਹੇ ਹਨ।

ਉਨ੍ਹਾਂ ਕਿਹਾ, 'ਜਦੋਂ ਦੇਸ਼ ਅਮਰੀਕਾ ਵਰਗੀ ਅਰਥਵਿਵਸਥਾ ਨਾਲ ਗੱਲਬਾਤ ਕਰਦੇ ਹਨ, ਤਾਂ ਇਸ ਦਾ ਇਕ ਹਿੱਸਾ ਉਹ ਹੁੰਦਾ ਹੈ, ਜਿਸ 'ਤੇ ਤੁਸੀਂ ਖੁਦ ਅਤੇ ਅਮਰੀਕਾ ਨਾਲ ਸਹਿਮਤੀ ਬਣਾਉਂਦੇ ਹੋ। ਦੂਜਾ ਹਿੱਸਾ ਇਹ ਹੈ ਕਿ ਮੁਕਾਬਲੇ ਵਾਲ

ਕੈਨੇਡਾ ਵਿੱਚ ਰੁਜ਼ਗਾਰ ਦਾ ਵੱਡਾ ਸੰਕਟ: ਸਤੰਬਰ 'ਚ 68,000 ਨੌਕਰੀਆਂ ਖ਼ਤਮ; ਬੇਰੁਜ਼ਗਾਰੀ 6.5 ਫ਼ੀਸਦੀ 'ਤੇ ਪਹੁੰਚੀ

ਨੌਜਵਾਨਾਂ ਅਤੇ ਔਰਤਾਂ ਨੂੰ ਸਭ ਤੋਂ ਵੱਡੀ ਮਾਰ; ਬੈਂਕ ਆਫ਼ ਕੈਨੇਡਾ ਦੀ ਮੀਟਿੰਗ 'ਤੇ ਸਭ ਦੀਆਂ ਨਜ਼ਰਾਂ

ਵਿੰਨੀਪੈਗ : ਕੈਨੇਡਾ ਵਿੱਚ ਨੌਕਰੀਆਂ ਦਾ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ। ਸਟੈਟਿਸਟਿਕਸ ਕੈਨੇਡਾ ਦੀ ਤਾਜ਼ਾ ਲੇਬਰ ਫੋਰਸ ਰਿਪੋਰਟ ਮੁਤਾਬਕ, ਸਤੰਬਰ ਮਹੀਨੇ ਵਿੱਚ ਦੇਸ਼ ਭਰ ਵਿੱਚੋਂ 68,000 ਨੌਕਰੀਆਂ ਖ਼ਤਮ ਹੋ ਗਈਆਂ ਹਨ। ਇਸ ਤੋਂ ਪਹਿਲਾਂ ਅਗਸਤ ਵਿੱਚ ਵੀ 42,000 ਲੋਕਾਂ ਨੂੰ ਰੁਜ਼ਗਾਰ ਤੋਂ ਹੱਥ ਧੋਣਾ ਪਿਆ ਸੀ। ਸਿਰਫ਼ ਦੋ ਮਹੀਨਿਆਂ ਦੇ ਅੰਦਰ ਕੈਨੇਡਾ ਵਿੱਚ ਕੁੱਲ 1,10,000 ਨੌਕਰੀਆਂ ਘੱਟ ਗਈਆਂ ਹਨ, ਜਿਸ ਨਾਲ ਬੇਰੁਜ਼ਗਾਰੀ ਦੀ ਦਰ ਵਧ ਕੇ 6.5 ਫ਼ੀਸਦੀ ਹੋ ਗਈ ਹੈ।

ਇਸ ਗਿਰਾਵਟ ਨੇ ਸੰਸਦ ਵਿੱਚ ਵੀ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਕੰਜ਼ਰਵੇਟਿਵ ਸੰਸਦ ਮੈਂਬਰ ਮਾਈਕਲ ਕੂਪਰ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਘੇਰਦਿਆਂ ਕਿਹਾ ਕਿ ਸਰਕਾਰ ਦੇ ਦਾਅਵੇ ਹਕੀਕਤ ਤੋਂ ਕੋਹਾਂ ਦੂਰ ਹਨ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਦੇਸ਼ ਵਿੱਚ ਬੇਰੁਜ਼ਗਾਰੀ ਜੀ-7 (7-7) ਦੇਸ਼ਾਂ ਵਿੱਚੋਂ ਦੂਜੀ ਸਭ ਤੋਂ ਵੱਧ ਹੈ ਅਤੇ ਲੇਬਰ ਪਾਰਟੀਸਿਪੇਸ਼ਨ ਰੇਟ ਪਿਛਲੇ 30 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਆ ਗਿਆ ਹੈ, ਤਾਂ ਸਰਕਾਰ ਦੀਆਂ ਨੀਤੀਆਂ ਕਿੱਥੇ ਖੜ੍ਹੀਆਂ ਹਨ? ਦੂਜੇ ਪਾਸੇ, ਸਰਕਾਰੀ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਉਹ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਟੈਕਸਾਂ ਵਿੱਚ ਛੋਟ ਅਤੇ ਕਈ ਰਾਹਤ ਪੈਕੇਜ ਦੇ ਰਹੇ ਹਨ।

ਨੌਕਰੀਆਂ ਦੇ ਇਸ ਸੰਕਟ ਵਿੱਚ ਨੌਜਵਾਨ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਸਤੰਬਰ ਵਿੱਚ ਇਕੱਲੇ ਨੌਜਵਾਨਾਂ ਦੀਆਂ 48,000 ਨੌਕਰੀਆਂ ਗਈਆਂ ਹਨ, ਜਦਕਿ 50,000 ਹੋਰ ਨੌਜਵਾਨਾਂ ਨੇ ਨਿਰਾਸ਼ ਹੋ ਕੇ ਲੇਬਰ ਮਾਰਕੀਟ ਨੂੰ ਹੀ ਛੱਡ ਦਿੱਤਾ ਹੈ। ਇਸ ਨਾਲ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 13 ਫ਼ੀਸਦੀ ਉੱਤੇ ਬਣੀ ਹੋਈ ਹੈ। ਇਸ ਤੋਂ ਇਲਾਵਾ, 25 ਤੋਂ 54 ਸਾਲ ਦੀ ਉਮਰ ਦੀਆਂ ਔਰਤਾਂ ਦੀਆਂ 28,000 ਨੌਕਰੀਆਂ ਘਟੀਆਂ ਹਨ ਅਤੇ ਉਨ੍ਹਾਂ ਦੀ ਬੇਰੁਜ਼ਗਾਰੀ ਦਰ ਵੀ ਵਧ ਕੇ 5.3 ਫ਼ੀਸਦੀ ਹੋ ਗਈ ਹੈ।

ਸੂਬੇ ਵਾਰ ਗੱਲ ਕਰੀਏ ਤਾਂ ਕਿਊਬਿਕ ਵਿੱਚ ਸਭ ਤੋਂ ਵੱਧ 49,000 ਨੌਕਰੀਆਂ ਦਾ ਨੁਕਸਾਨ ਹੋਇਆ ਹੈ, ਜਦਕਿ ਬ੍ਰਿਟਿਸ਼ ਕੋਲੰਬੀਆ ਵਿੱਚ 20,000 ਨੌਕਰੀਆਂ ਗਈਆਂ ਹਨ। ਉੱਥੇ ਹੀ ਮੈਨੀਟੋਬਾ ਵਿੱਚ ਵੀ 4,400 ਨੌਕਰੀਆਂ ਦਾ ਨੁਕਸਾਨ ਹੋਇਆ ਹੈ, ਹਾਲਾਂਕਿ, ਅਲਬਰਟਾ ਦਾ ਮਾਹੌਲ ਥੋੜ੍ਹਾ ਬਿਹਤਰ ਰਿਹਾ ਜਿੱਥੇ 23,000 ਨਵੇਂ ਰੁਜ਼ਗਾਰ ਜੁੜੇ ਹਨ। ਸੈਕਟਰਾਂ ਦੇ ਹਿਸਾਬ ਨਾਲ, ਵਿੱਦਿਅਕ ਸੇਵਾਵਾਂ (ਐਜੂਕੇਸ਼ਨਲ ਸਰਵਿਸਿਜ਼) ਵਿੱਚ 35,000, ਸਿਹਤ ਸੰਭਾਲ ਵਿੱਚ 23,000 ਅਤੇ ਮੈਨੂਫੈਕਚਰਿੰਗ ਵਿੱਚ 13,000 ਨੌਕਰੀਆਂ ਘਟੀਆਂ ਹਨ।

ਅਮਰੀਕਾ ਨਾਲ ਚੱਲ ਰਹੀ ਟਰੇਡ ਵਾਰ ਵਿਚਾਲੇ ਆਟੋਮੋਟਿਵ, ਸਟੀਲ ਅਤੇ ਐਲੂਮੀਨੀਅਮ ਉੱਤੇ ਲੱਗੇ ਅਮਰੀਕੀ ਟੈਕਸਾਂ ਨੇ ਕੈਨੇਡੀਅਨ ਅਰਥਚਾਰੇ ਨੂੰ ਵੱਡਾ ਖ਼ਤਰਾ ਪੈਦਾ ਕਰ ਦਿੱਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਅਮਰੀਕੀ ਟੈਕਸਾਂ ਕਾਰਨ ਕੈਨੇਡਾ ਵਿੱਚ ਲਗਪਗ 87,000 ਨੌਕਰੀਆਂ ਖ਼ਤਰੇ ਵਿੱਚ ਪੈ ਸਕਦੀਆਂ ਹਨ।

ਭਾਵੇਂ ਏ ਆਈ ਮੰਤਰੀ ਇਵਾਨ ਸੋਲੋਮਨ ਨੇ ਓਨਟਾਰੀਓ ਦੇ ਨਿਊਕਲੀਅਰ ਅਤੇ ਸਸਕੈਚਵਨ ਦੀ ਪੋਟਾਸ਼ ਖ਼ਾਨ ਵਰਗੇ ਵੱਡੇ ਪ੍ਰਾਜੈਕਟਾਂ ਦਾ ਹਵਾਲਾ ਦੇ ਕੇ ਭਵਿੱਖ ਵਿੱਚ ਨਵੀਆਂ ਨੌਕਰੀਆਂ ਮਿਲਣ ਦੀ ਉਮੀਦ ਜਤਾਈ ਹੈ, ਪਰ ਮੌਜੂਦਾ ਹਾਲਾਤ ਬਹੁਤ ਗੰਭੀਰ ਹਨ। ਹੁਣ ਸਾਰਿਆਂ ਦੀ ਨਜ਼ਰ ਬੈਂਕ ਆਫ਼ ਕੈਨੇਡਾ ਦੀ ਆਉਣ ਵਾਲੀ 28 ਅਕਤੂਬਰ ਦੀ ਵਿਆਜ ਦਰਾਂ ਬਾਰੇ ਮੀਟਿੰਗ ਉੱਤੇ ਟਿਕੀ ਹੋਈ ਹੈ ਕਿਉਂਕਿ ਮੌਜੂਦਾ ਬੈਂਚਮਾਰਕ ਰੇਟ 2.25 ਫ਼ੀਸਦੀ 'ਤੇ ਚੱਲ ਰਿਹਾ ਹੈ।

ਕੇਂਦਰੀ ਸਿੱਖ ਅਜਾਇਬ ਘਰ 'ਚ ਜਸਟਿਸ ਕੁਲਦੀਪ ਸਿੰਘ, ਭਾਈ ਗਜਿੰਦਰ ਸਿੰਘ ਤੇ ਭਾਈ ਗੁਰਦੇਵ ਸਿੰਘ ਦੀਆਂ ਤਸਵੀਰਾਂ ਸੁਸ਼ੋਭਿਤ

ਤਸਵੀਰਾਂ ਤੋਂ ਪਰਦਾ ਹਟਾਉਣ ਦੇ ਸਮਾਗਮ ਦੌਰਾਨ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸਿੰਘ ਸਾਹਿਬਾਨ ਰਹੇ ਮੌਜੂਦ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ 'ਚ ਸੁਪਰੀਮ ਕੋਰਟ ਦੇ ਜਸਟਿਸ ਸਵ: ਕੁਲਦੀਪ ਸਿੰਘ ਪਤਵਾਲੀਆ, ਅਕਾਲ ਤਖਤ ਸਾਹਿਬ ਵਲੋਂ ਜਲਾਵਤਨ ਸਿੱਖ ਯੋਧੇ ਦੇ ਖਿਤਾਬ ਨਾਲ ਸਨਮਾਨਤ ਦਲ ਖ਼ਾਲਸਾ ਦੇ ਬਾਨੀ ਸਵ: ਭਾਈ ਗਜਿੰਦਰ ਸਿੰਘ ਹਾਈਜੈਕਰ ਤੇ ਸ਼ਹੀਦ ਭਾਈ ਗੁਰਦੇਵ ਸਿੰਘ ਦੇਬੂ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ। ਸ਼ਬਦ ਕੀਰਤਨ ਤੇ ਅਰਦਾਸ ਉਪਰੰਤ ਇਨ੍ਹਾਂ ਤਿੰਨ ਪ੍ਰਮੁੱਖ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅਦਾ ਕੀਤੀ। ਜਥੇਦਾਰ ਗੜਗੱਜ ਨੇ ਕਿਹਾ ਕਿ ਇਨ੍ਹਾਂ ਤਿੰਨਾਂ ਸ਼ਖ਼ਸੀਅਤਾਂ ਨੇ ਕੌਮੀ ਹੱਕਾਂ ਲਈ ਵੱਡੀ ਘਾਲਣਾ ਘਾਲੀ ਹੈ। ਜਸਟਿਸ ਪਤਵਾਲੀਆ ਨੇ ਹੱਕ ਸੱਚ ਤੇ ਇਨਸਾਫ਼ ਦੀ ਆਵਾਜ਼ ਨੂੰ ਬੁਲੰਦ ਕਰਕੇ ਸਿੱਖ ਨੌਜਵਾਨਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਰੋਕਣ ਵਿਚ ਵੱਡਾ ਯੋਗਦਾਨ ਪਾਇਆ ਅਤੇ ਭਾਈ ਗਜਿੰਦਰ ਸਿੰਘ ਨੇ ਲੰਮਾ ਸਮਾਂ ਜਲਾਵਤਨ ਜੀਵਨ ਬਤੀਤ ਕਰਨ ਦੇ ਬਾਵਜੂਦ ਵੀ ਸਿੱਖ ਸਿਧਾਂਤਾਂ ਪ੍ਰਤੀ ਹਮੇਸ਼ਾਂ ਦ੍ਰਿੜ੍ਹਤਾ ਬਣਾਈ ਰੱਖੀ। ਇਸੇ ਤਰ੍ਹਾਂ ਸ਼ਹੀਦ ਭਾਈ ਗੁਰਦੇਵ ਸਿੰਘ ਦੇਬੂ ਨੇ ਵੀ ਸਰਕਾਰ ਦੇ ਜ਼ੁਲਮ ਸਹਿੰਦਿਆਂ ਹੋਇਆਂ ਸ਼ਹਾਦਤ ਦੇ ਕੇ ਸਿੱਖ ਇਤਿਹਾਸ ਦੀ ਲਾਸਾਨੀ ਵਿਰਾਸਤ ਨੂੰ ਅੱਗੇ ਤੋਰਿਆ। ਉਨ੍ਹਾਂ ਕਿਹਾ ਕਿ ਇਹ ਕੌਮ ਦੇ ਉਹ ਯੋਧੇ ਹਨ, ਜਿਨ੍ਹਾਂ ਦਾ ਜੀਵਨ ਸੰਗਤਾਂ ਲਈ ਹਮੇਸ਼ਾਂ ਪ੍ਰੇਰਣਾਦਾਇਕ ਰਹੇਗਾ। ਪ੍ਰਧਾਨ ਧਾਮੀ ਨੇ ਕਿਹਾ ਕਿ ਜਸਟਿਸ ਕੁਲਦੀਪ ਸਿੰਘ ਨੇ ਆਪਣੇ ਨਿਆਇਕ ਫੈਸਲਿਆਂ ਰਾਹੀਂ ਪੰਜਾਬ ਦੇ ਹਾਲਾਤ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜੇ ਮਸਲਿਆਂ 'ਤੇ ਅਹਿਮ ਭੂਮਿਕਾ ਨਿਭਾਈ ਤੇ ਹੱਦਬੰਦੀ ਕਮਿਸ਼ਨ ਦੇ ਚੇਅਰਮੈਨ ਹੁੰਦਿਆਂ ਪੰਜਾਬ ਦੇ ਅਸੈਂਬਲੀ ਅਤੇ ਪਾਰਲੀਮੈਂਟਰੀ ਹਲਕਿਆਂ ਦੇ ਨਾਂਅ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਵਜੋਂ ਨਿਰਧਾਰਤ ਕੀਤੇ। ਇਸੇ ਤਰ੍ਹਾਂ ਭਾਈ ਗਜਿੰਦਰ ਸਿੰਘ ਤੇ ਭਾਈ ਗੁਰਦੇਵ ਸਿੰਘ ਨੇ ਔਖੀਆਂ ਪ੍ਰਸਥਿਤੀਆਂ ਦੇ ਬਾਵਜੂਦ ਸਿੱਖ ਸਿਧਾਂਤਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਕਾਇਮ ਰੱਖਿਆ। ਇਸ ਮੌਕੇ ਇਨ੍ਹਾਂ ਸਿੱਖ ਸ਼ਖ਼ਸੀਅਤਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਸਮਾਗਮ ਵਿਚ ਸ਼ਾਮਿਲ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਦਾ ਵੀ ਸਨਮਾਨ ਕੀਤਾ ਗਿਆ। ਭਾਈ ਗਜਿੰਦਰ ਸਿੰਘ ਦੀ ਬੇਟੀ ਨੇ ਯੂ.ਕੇ. ਤੋਂ ਭੇਜਿਆ ਧੰਨਵਾਦ ਸੰਦੇਸ਼ ਇਸ ਦੌਰਾਨ ਯੂ.ਕੇ. ਵਿਖੇ ਰਹਿ ਰਹੀ ਭਾਈ ਗਜਿੰਦਰ ਸਿੰਘ ਦੀ ਇਕਲੌਤੀ ਬੇਟੀ ਬੀਬੀ ਬਿਕਰਮਜੀਤ ਕੌਰ ਵਲੋਂ ਭੇਜੇ ਸੁਨੇਹੇ ਨੂੰ ਪ੍ਰਿੰਸੀਪਲ ਬੀਬੀ ਜਸਪ੍ਰੀਤ ਕੌਰ ਨੇ ਪੜ੍ਹ ਕੇ ਸੁਣਾਇਆ, ਜਿਸ ਵਿਚ ਉਨ੍ਹਾਂ ਕਿਹਾ ਕਿ ਮੈਂ ਤੇ ਮੇਰਾ ਪਰਿਵਾਰ ਜਥੇਦਾਰ ਤੇ ਪ੍ਰਧਾਨ ਸ਼ ?ਰੋਮਣੀ ਕਮੇਟੀ ਦੇ ਇਸ ਫ਼ੈਸਲੇ 'ਤੇ ਮਾਣ ਮਹਿਸੂਸ ਕਰਦੇ ਹਾਂ। ਇਹ ਠੀਕ ਹੈ ਕਿ ਗਜਿੰਦਰ ਸਿੰਘ ਮੇਰੇ ਪਿਤਾ ਸਨ, ਪਰ ਉਹ ਮੇਰੇ ਅਤੇ ਪਰਿਵਾਰ ਤੋਂ ਪਹਿਲਾਂ ਆਪਣੀ ਕੌਮ ਨੂੰ ਪ੍ਰਣਾਏ ਹੋਏ ਸਨ ਤੇ ਉਨ੍ਹਾਂ ਆਪਣਾ ਸਾਰਾ ਜੀਵਨ ਕੌਮ ਨੂੰ ਸਮਰਪਿਤ ਕੀਤਾ। ਹਾਜ਼ਰ ਸ਼ਖ਼ਸੀਅਤਾਂ ਤੇ ਸ਼੍ਰੋਮਣੀ ਕਮੇਟੀ ਅਧਿਕਾਰੀ ਇਸ ਮੌਕੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਓ.ਐਸ.ਡੀ. ਸਤਬੀਰ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ, ਮੈਨੇਜਰ ਰਾਜਿੰਦਰ ਸਿੰਘ ਰੂਬੀ ਅਟਾਰੀ, ਸਤਿੰਦਰ ਸਿੰਘ, ਵਧੀਕ ਮੈਨੇਜਰ ਗੁਰਤਿੰਦਰਪਾਲ ਸਿੰਘ ਕਾਦੀਆਂ, ਡਿਪਟੀ ਡਾਇਰੈਕਟਰ ਬੀਬੀ ਸਤਵੰਤ ਕੌਰ, ਬਾਬਾ ਗੁਰਪ੍ਰੀਤ ਸਿੰਘ ਖਡੂਰ ਸਾਹਿਬ ਤੋਂ ਇਲਾਵਾ ਭਾਈ ਗਜਿੰਦਰ ਸਿੰਘ ਦੇ ਭਰਾ ਦਰਸ਼ਨ ਸਿੰਘ, ਭਾਬੀ ਤੇਜਿੰਦਰ ਕੌਰ, ਤੇਜਿੰਦਰਪਾਲ ਸਿੰਘ, ਭਾਈ ਕੰਵਰਪਾਲ ਸਿੰਘ ਬਿੱਟੂ, ਸ਼ਹੀਦ ਭਾਈ ਗੁਰਦੇਵ ਸਿੰਘ ਦੀ ਪਤਨੀ ਬੀਬੀ ਬਲਵਿੰਦਰ ਕੌਰ, ਭਰਾ ਸਰਦੂਲ ਸਿੰਘ, ਭਜਨ ਸਿੰਘ, ਬੀਬੀ ਬਲਜੀਤ ਕੌਰ, ਹਰਜਿੰਦਰ ਸਿੰਘ ਰਾਜਾ ਸਰਪੰਚ, ਦਇਆਲ ਸਿੰਘ,ਪਰਮਜੀਤ ਸਿੰਘ ਮੰਡ, ਸਰਬਜੀਤ ਸਿੰਘ ਘੁਮਾਣ, ਭਾਈ ਕੁਲਬੀਰ ਸਿੰਘ ਬੜਾ ਪਿੰਡ, ਪ੍ਰੋਫ਼ੈਸਰ ਜਗਮੋਹਣ ਸਿੰਘ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਮੋਹਕਮ ਸਿੰਘ, ਬੀਬੀ ਜਸਪ੍ਰੀਤ ਕੌਰ, ਪ੍ਰਿੰ: ਯਸ਼ਪ੍ਰੀਤ ਕੌਰ, ਪਰਮਜੀਤ ਸਿੰਘ ਪਤਵਾਲੀਆ, ਦਪਿੰਦਰ ਸਿੰਘ, ਪਰਮਜੀਤ ਸਿੰਘ ਗਾਜ਼ੀ, ਸਾਬਕਾ ਸਕੱਤਰ ਦਲਮੇਘ ਸਿੰਘ, ਜਸਵੀਰ ਸਿੰਘ ਖੰਡੂਰ, ਪਰਮਜੀਤ ਸਿੰਘ ਟਾਂਡਾ, ਬਲਰਾਜ ਸਿੰਘ ਆਸਟਰੇਲਆ ਤੇ ਭਾਈ ਜਗਦੇਵ ਸਿੰਘ ਸਮੇਤ ਹੋਰ ਸੰਗਤਾਂ ਮੌਜੂਦ ਸਨ।

ਬ੍ਰਿਟਿਸ਼ ਕੋਲੰਬੀਆ 'ਚ ਵਿਧਾਨ ਸਭਾ ਚੋਣ ਲੜਨਗੇ 5 ਦਸਤਾਰਧਾਰੀ ਪੰਜਾਬੀ

ਐਬਸਟਫੋਰਡ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਸੰਨ 1871 'ਚ ਹੋਈਆਂ ਸਨ, ਜਿਸ ਵਿਚ 25 ਵਿਧਾਇਕ ਚੁਣੇ ਗਏ ਸਨ ਤੇ ਜ਼ਿਲ੍ਹਾ ਜਲੰਧਰ ਦੇ ਗੁਰਾਇਆ ਨੇੜਲੇ ਬੜਾ ਪਿੰਡ ਦੇ ਮਨਮੋਹਣ ਸਿੰਘ ਮੋਅ ਸਹੋਤਾ 22 ਅਕਤੂਬਰ 1986 ਨੂੰ ਬ੍ਰਿਟਿਸ਼ ਕੋਲੰਬੀਆ 'ਚ ਵਿਧਾਇਕ ਚੁਣੇ ਗਏ ਸਨ, ਜਿਨ੍ਹਾਂ ਨੂੰ ਕੈਨੇਡਾ 'ਚ ਪਹਿਲੇ ਪੰਜਾਬੀ ਵਿਧਾਇਕ ਹੋਣ ਦਾ ਮਾਣ ਪ੍ਰਾਪਤ ਹੈ। ਸੂਬੇ ਦੀਆਂ 24 ਅਕਤੂਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ 5 ਦਸਤਾਰਧਾਰੀ ਪੰਜਾਬੀ ਉਮੀਦਵਾਰ ਵੀ ਆਪਣੀ ਕਿਸਮਤ ਅਜ਼ਮਾ ਰਹੇ ਹਨ, ਜਿਨ੍ਹਾਂ 'ਚ 4 ਉਮੀਦਵਾਰ ਪਹਿਲੀ ਵਾਰ ਵਿਧਾਨ ਸਭਾ ਚੋਣ ਲੜ ਰਹੇ ਹਨ। ਇਨ੍ਹਾਂ ਚੋਣਾਂ 'ਚ ਸੁਲਤਾਨਪੁਰ ਲੋਧੀ ਨਾਲ ਸੰਬੰਧਿਤ ਤੇ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਪਹਿਲੇ ਦਸਤਾਰਧਾਰੀ ਵਿਧਾਇਕ ਵਜੋਂ ਆਪਣਾ ਨਾਂਅ ਦਰਜ ਕਰਵਾਉਣ ਵਾਲੇ ਐਡਵੋਕੇਟ ਅਮਨਦੀਪ ਸਿੰਘ ਐਨ.ਡੀ.ਪੀ. ਦੀ ਟਿਕਟ 'ਤੇ (ਵੈਨਕੂਵਰ-ਫਰੇਜ਼ਰਵਿਊ) ਹਲਕੇ ਤੋਂ ਆਪਣੀ ਕਿਸਮਤ ਅਜ਼ਮਾ ਰਹੇ ਹਨ। ਰਾਜਸਥਾਨ ਦੇ ਸਾਬਕਾ ਮੰਤਰੀ ਜਗਤਾਰ ਸਿੰਘ ਕੰਗ ਦਾ ਪੋਤਰਾ ਤੇ ਉੱਘੇ ਫਿਜੀਓਥਰੈਪਿਸਟ ਸਿਕੰਦਰ ਸਿੰਘ ਕੰਗ (ਸਰੀ-ਸਰਪਨਟਾਈਨ ਰਿਵਰ) ਤੋਂ ਨਿਊ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਹਨ, ਜਦ ਕਿ ਜਲੰਧਰ ਸ਼ਹਿਰ ਨਾਲ ਸੰਬੰਧਿਤ ਪ੍ਰਿਤਪਾਲ ਸਿੰਘ ਭਾਟੀਆ ਦਾ ਫਰਜੰਦ ਪਵਨੀਤ ਸਿੰਘ ਹੈਪੀ (ਕਲੋਨਾ-ਲੇਕ ਕੰਟਰੀ-ਕੋਲਡਸਟਰੀਮ) ਅਤੇ ਨਕੋਦਰ ਨੇੜਲੇ ਪਿੰਡ ਸਰੀਂਹ ਦੇ ਉੱਘੇ ਸਿੱਖ ਆਗੂ ਅਵਤਾਰ ਸਿੰਘ ਸੰਧੂ ਦਾ ਸਪੁੱਤਰ ਦੀਪ ਸਿੰਘ ਸੰਧੂ (ਵੈਨਕੂਵਰ ਫਰੇਜ਼ਰਵਿਊ) ਹਲਕੇ ਤੋਂ ਕੰਜ਼ਰੇਵੇਟਿਵ ਪਾਰਟੀ ਦੇ ਉਮੀਦਵਾਰ ਹਨ। ਜ਼ਿਲ੍ਹਾ ਲੁਧਿਆਣਾ ਦੇ ਮਲੌਦ ਨੇੜਲੇ ਪਿੰਡ ਉੱਚੀ ਦੌਦ ਦਾ ਨਾਮਵਰ ਰੀਐਲਟਰ ਗੁਰਪ੍ਰੀਤ ਸਿੰਘ ਚਾਹਲ (ਐਬਟਸਫੋਰਡ ਪੱਛਮੀ) ਤੋਂ ਸੈਂਟਰ ਬੀ ਸੀ ਪਾਰਟੀ ਦੀ ਟਿਕਟ 'ਤੇ ਪਹਿਲੀ ਵਾਰ ਚੋਣ ਮੈਦਾਨ 'ਚ ਨਿੱਤਰੇ ਹਨ।

ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਵਲੋਂ ਵਿਧਾਇਕ ਗਿਆਸਪੁਰਾ ਵਿਰੁੱਧ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ

ਅੰਮ੍ਰਿਤਸਰ : ਆਮ ਆਦਮੀ ਪਾਰਟੀ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਜਾਤੀ ਆਧਾਰਿਤ ਵਿਤਕਰੇ ਦੇ ਦੋਸ਼ ਲਗਾਉਣ ਅਤੇ ਸਿੱਖ ਸੰਸਥਾ ਖਿਲਾਫ਼ ਵਰਤੀ ਗਈ ਇਤਰਾਜ਼ਯੋਗ ਸ਼ਬਦਾਵਲੀ ਨੂੰ ਲੈ ਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਵਲੋਂ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਨੂੰ ਸ਼ਿਕਾਇਤ ਦੇ ਕੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਹ ਸ਼ਿਕਾਇਤ ਅੱਜ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਮੇਜਰ ਸਿੰਘ ਦੀ ਅਗਵਾਈ ਹੇਠ ਸ੍ਰੀ ਦਰਬਾਰ ਸਾਹਿਬ ਦੇ ਅਧਿਕਾਰੀਆਂ ਵਲੋਂ ਦਰਜ ਕਰਵਾਈ ਗਈ।

ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਵਿਧਾਇਕ ਵਲੋਂ ਲਗਾਏ ਗਏ ਦੋਸ਼ ਤੱਥਾਂ ਦੇ ਉਲਟ ਹਨ ਅਤੇ ਇਨ੍ਹਾਂ ਰਾਹੀਂ ਸਿੱਖ ਸੰਸਥਾਵਾਂ ਦੇ ਅਕਸ ਨੂੰ ਢਾਹ ਲਾਉਣ ਦੇ ਨਾਲ-ਨਾਲ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ। ਸ਼ਿਕਾਇਤ ਅਨੁਸਾਰ, ਵਿਧਾਇਕ ਨੂੰ ਸਕੱਤਰੇਤ ਵਿਖੇ ਦਾਖ਼ਲ ਹੋਣ ਤੋਂ ਰੋਕਣ ਦਾ ਕਾਰਨ ਜਾਤੀ ਨਹੀਂ, ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸਿੱਖ ਸੰਸਥਾ ਪ੍ਰਤੀ ਉਨ੍ਹਾਂ ਵਲੋਂ ਪਹਿਲਾਂ ਕੀਤੀਆਂ ਗਈਆਂ ਕਥਿਤ ਇਤਰਾਜ਼ਯੋਗ ਅਤੇ

ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼

ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ

ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(ਲੜੀ-20)

ਸਾਡੀ ਵਾੜ ਪੁਰਾਣੀ ਸੀ,
ਉਹਦੇ ਉੱਤੇ ਅਸਰ ਪਿਆ।
ਪੋਤਾ ਬਾਬੇ ਦਾ ਮੰਗਿਆ,
ਝੋਲੀ ਉਹਦੇ ਸ਼ਗਨ ਪਿਆ।
ਸਾਡੀ ਵਾੜ ਪੁਰਾਣੀ ਸੀ,
ਉਹਦੇ ਉੱਤੇ ਅਸਰ ਪਿਆ।
ਦੋਹਤਾ ਨਾਨੇ ਦਾ ਮੰਗਿਆ,
ਝੋਲੀ ਉਹਦੇ ਸ਼ਗਨ ਪਿਆ।
ਸਾਡੀ ਵਾੜ ਪੁਰਾਣੀ ਸੀ,
ਉਹਦੇ ਉੱਤੇ ਅਸਰ ਪਿਆ।
ਬੇਟਾ ਬਾਬਲ ਦਾ ਮੰਗਿਆ,
ਝੋਲੀ ਉਹਦੇ ਸ਼ਗਨ ਪਿਆ।
ਸਾਡੀ ਵਾੜ ਪੁਰਾਣੀ ਸੀ,
ਉਹਦੇ ਉੱਤੇ ਅਸਰ ਪਿਆ।
ਭਤੀਜਾ ਚਾਚੇ ਦਾ ਮੰਗਿਆ,
ਝੋਲੀ ਉਹਦੇ ਸ਼ਗਨ ਪਿਆ।
ਸੁੱਖ ਵੰਡਾਂ ਸੁੱਖ ਸੀਰਨੀ,
ਵੀਰਾ ਵੇ-ਵੇ ਕੋਈ।
ਸੁੱਖ ਦਾ ਵੰਡਾਂ ਵੇ ਪਰਸ਼ਾਦ,
ਭਰ ਭਰ ਵੰਡਾਂ ਥਾਲੀਆਂ।
ਵੇ ਮੇਰਾ ਪੂਰਨ ਹੋਇਆ,
ਵੇ ਜੁੱਗ ਜੀਊਣਿਆਂ ਵੇ ਕਾਜ।
ਰਿਸ਼ਤੇ ਨੂੰ ਗੰਢ ਦੇਣਾ-ਰਿਸ਼ਤਾ ਪੱਕਾ ਕਰਨਾ

ਵਿਆਹ ਦੀਆਂ ਰਸਮਾਂ ਅਤੇ ਗੀਤ

ਹਰ ਇਨਸਾਨ ਦੀ ਜ਼ਿੰਦਗੀ ਵਿਚ ਵਿਆਹ ਦਾ ਇਕ ਵਿਸ਼ੇਸ਼ ਮਹੱਤਵ ਹੈ। ਇਹ ਦੋ ਜੀਵਾਂ ਅਰਥਾਤ ਦੋ ਰੂਹਾਂ ਦਾ ਆਪਸੀ ਸੁਮੇਲ ਹੈ। ਇਸ ਨੂੰ ਜਿਸਮਾਨੀ ਅਤੇ ਰੂਹਾਨੀ ਲੌਂਜ਼ ਵੀ ਕਿਹਾ ਜਾ ਸਕਦਾ ਹੈ। ਜਵਾਨੀ ਦੀ ਦਹਿਲੀਜ਼ ਤੇ ਪੈਰ ਧਰਦੇ ਹੀ ਮੁੰਡਾ ਅਤੇ ਕੁੜੀ ਇਕ ਦੂਜੇ ਵੱਲ ਆਕ੍ਰਸ਼ਿਤ ਹੋਣ ਲੱਗ ਪੈਂਦੇ ਹਨ। ਮਾਪੇ ਵੀ ਬੱਚਿਆਂ ਵਿਚ ਆਈ ਇਸ ਤਬਦੀਲੀ ਨੂੰ ਮਹਿਸੂਸ ਕਰਦੇ ਹੋਏ ਯੋਗ ਰਿਸ਼ਤਾ ਲੱਭਣ ਲੱਗ ਪੈਂਦੇ ਹਨ। ਇਹ ਬੰਧਨ ਸਿਰਫ਼ ਦੋ ਜੀਵਾਂ ਨੂੰ ਹੀ ਨਹੀਂ ਸਗੋਂ ਦੋ ਪਰਿਵਾਰਾਂ ਨੂੰ/ਦੋ ਧਿਰਾਂ ਨੂੰ ਰਿਸ਼ਤਿਆਂ ਵਿਚ ਬੰਨ੍ਹਦਾ ਹੈ। ਡਾ. ਰਾਜਵੰਤ ਕੌਰ ਪੰਜਾਬੀ ਅਨੁਸਾਰ, "ਸਾਡੇ ਸਮਾਜ ਤੇ ਸਭਿਆਚਾਰ ਅਨੁਸਾਰ ਵਿਆਹ ਅਜੇ ਵੀ ਮੁੱਖ ਤੌਰ 'ਤੇ ਧਾਰਮਿਕ ਸੰਸਕਾਰ ਹੈ। ਧਾਰਮਿਕ ਸੰਸਕਾਰ ਤੋਂ ਮੇਰੀ ਮੁਰਾਦ ਹੈ ਕਿ ਵਿਆਹ ਦੀ ਮੁੱਖ ਰਸਮ ਲਾਵਾਂ-ਫੇਰਿਆਂ ਜਾਂ ਸੀਗੇ ਦੀ ਤਿਲਾਵਤ ਨਾਲ ਸੰਪੰਨ ਹੁੰਦੀ ਹੈ ਜਦੋਂ ਕਿ ਬਾਕੀ ਰਸਮਾਂ ਦੀ ਭੂਮਿਕਾ ਗੌਣ ਹੁੰਦੀ ਹੈ।"

ਪੰਜਾਬੀ ਸਭਿਆਚਾਰ ਵਿਚ ਵਿਆਹ ਇਕ ਚਾਵਾਂ ਲੱਦੀ ਰਸਮ ਦਾ ਨਾਂ ਹੈ। ਇਹ ਰਸਮ ਹਰ ਧੀ ਦੇ ਮਾਪੇ ਆਪਣੀ ਨਾਜ਼ਾਂ ਨਾਲ ਪਾਲੀ ਧੀ ਨੂੰ ਪੇਕੇ ਘਰ ਤੋਂ ਸਹੁਰੇ ਘਰ ਪ੍ਰਵੇਸ਼ ਕਰਵਾਉਣ ਲਈ ਆਪਣੇ ਰਿਸ਼ਤੇਦਾਰਾਂ ਨਾਲ ਸਮੂਹਿਕ ਰੂਪ ਵਿਚ ਨਿਭਾਉਂਦੇ ਹਨ। ਇਸ ਤਰ੍ਹਾਂ ਹੀ ਪੁੱਤਰ ਵਾਲੇ ਇਸ ਰਸਮ ਨੂੰ ਆਪਣੇ ਪੁੱਤਰ ਨੂੰ ਵਿਆਹੁਣ ਲਈ, ਨੂੰਹ ਨੂੰ ਆਪਣੇ ਪਰਿਵਾਰ ਦਾ ਹਿੱਸਾ ਬਣਾਉਣ ਲਈ ਆਪਣੇ ਸਾਕ-ਸੰਬਧੀਆਂ ਨਾਲ ਮਿਲ ਕੇ ਸੰਪੂਰਨ ਕਰਦੇ ਹਨ। ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਪੰਜਾਬੀ ਸਭਿਆਚਾਰ ਵਿਚ ਵਿਆਹ ਤੋਂ ਪਹਿਲਾਂ ਧੀ ਨੂੰ ਬੇਗਾਨਾ ਧੰਨ ਹੀ ਮੰਨਿਆਂ ਅਤੇ ਕਿਹਾ ਜਾਂਦਾ ਹੈ। ਸਹੁਰੇ ਘਰ ਵੀ ਉਸ ਨੂੰ ਪਰਾਈ ਹੀ ਸਮਝਿਆ ਜਾਂਦਾ ਹੈ। ਉਹ ਤਾਂ ਸਾਰੀ ਉਮਰ ਪਰਾਈ ਹੀ ਕਹਾਉਂਦੀ ਹੈ ਪਰ ਉਸ ਦੀ ਕੁੱਖੋਂ ਜਨਮ ਲੈਣੇ ਵਾਲੇ ਪੁੱਤਰ ਘਰ ਦੇ ਵਾਰਿਸ ਕਹਾਉਂਦੇ ਹਨ। ਉਸ ਨੂੰ ਵੰਸ਼ ਵਧੂ ਜਾਂ ਕੁੱਲ ਵਧੂ ਤਾਂ ਕਿਹਾ ਜਾਂਦਾ ਹੈ ਪਰ ਆਪਣਾ ਸਮਝਣ ਵਿਚ ਬਹੁਤ ਦਿੱਕਤ ਆਉਂਦੀ ਹੈ। ਇਹ ਜ਼ਿਕਰ ਵਿਆਹ ਦੇ ਲੋਕ ਗੀਤਾਂ ਵਿਚ ਵਾਰ-ਵਾਰ ਆਉਂਦਾ ਹੈ। ਹਰਜਿੰਦਰ ਕੰਗ ਦੀਆਂ ਨਿਮਨਲਿਖਤ ਸਤਰਾਂ ਸਾਡੇ ਸਭਿਆਚਾਰ ਵਿਚ ਧੀਆਂ ਦੀ ਇਸ ਸਥਿਤੀ ਨੂੰ ਬਾਖੂਬੀ ਪੇਸ਼ ਕਰਦੀਆਂ ਹਨ:

ਕੁੜੀਆਂ ਚਿੜੀਆਂ ਹੁੰਦੀਆਂ ਨੇ
ਪਰ, ਪਰ ਨਈਂ ਹੁੰਦੇ ਕੁੜੀਆਂ ਦੇ
ਪੇਕੇ ਸਹੁਰੇ ਹੁੰਦੇ ਨੇ ਕਿਉਂ ਘਰ
ਨਈਂ ਹੁੰਦੇ ਕੁੜੀਆਂ ਦੇ...

ਸੀਗੇ ਦੀ ਤਿਲਾਵਤ —ਕੁਰਾਨ ਸ਼ਰੀਫ਼ ਦੀਆਂ ਆਇਤਾਂ ਜੋ ਨਿਕਾਹ ਵਕਤ ਪੜ੍ਹੀਆਂ ਜਾਂਦੀਆਂ ਹਨ।

ਸ਼ਗਨ ਦੀ ਰਸਮ ਤੇ ਗੀਤ

ਵਿਆਹ ਤੋਂ 5-7 ਦਿਨ ਪਹਿਲਾਂ ਸ਼ਗਨ ਦੀ ਰਸਮ ਹੁੰਦੀ ਸੀ। ਇਸ ਦਿਨ ਕੜਾਹੀ ਚੜ੍ਹਦੀ ਸੀ। ਇਸ ਰਸਮ ਲਈ ਲਾਗੀ ਬੁਲਾਏ ਜਾਂਦੇ ਸਨ। ਉਹ ਇਸ ਰਸਮ ਨੂੰ ਸ਼ਗਨਾਂ ਨਾਲ ਸ਼ੁਰੂ ਕਰਦੇ ਸਨ। ਉਹ ਭੱਠੀ ਕੱਢਣ ਵੇਲ਼ੇ ਤੇਲ ਚੋਅ ਕੇ ਮਿੱਠਾ ਵੰਡ ਕੇ ਆਪਣਾ ਲਾਗ ਲੈਂਦੇ ਸਨ। ਘਰ ਵਾਲਿਆਂ ਦੇ ਸੱਦੇ ਤੇ ਵੱਡੇ ਤੜਕੇ ਸਭ ਸ਼ਰੀਕਣੀਆਂ ਮੱਠੀਆਂ ਵੇਲ ਜਾਂਦੀਆਂ ਸਨ ਅਤੇ ਟਿੱਕੀਆਂ ਘੜ ਜਾਂਦੀਆਂ ਸਨ। ਘੁੰਡਣੀਆਂ ਉਬਾਲ਼ੀਆਂ ਜਾਂਦੀਆਂ ਸਨ, ਲੱਡੂ ਵੱਟੇ ਜਾਂਦੇ ਸਨ। ਵਿਆਹ ਵਾਲੇ ਘਰ ਨਜ਼ਦੀਕੀ ਰਿਸ਼ਤੇਦਾਰ ਕੰਮ ਵਿਚ ਹੱਥ ਵਟਾਉਣ ਲਈ ਆ ਢੁੱਕਦੇ ਸਨ। ਇਸ ਰਸਮ ਦੇ ਨਾਲ ਹੀ ਵਿਆਂਦੜ ਕੁੜੀ ਅਤੇ ਮੁੰਡੇ ਦੇ ਘਰੋਂ ਬਾਹਰ ਜਾਣ ਤੇ ਪਾਬੰਦੀ ਲਗਾ ਦਿੱਤੀ ਜਾਂਦੀ ਸੀ। ਜਿਸ ਦਾ ਮੁੱਖ ਕਾਰਨ ਉਨ੍ਹਾਂ ਨੂੰ ਕਿਸੇ ਸੱਟ-ਚੋਟ ਤੋਂ ਸੁਰੱਖਿਅਤ ਰੱਖਣਾ ਹੁੰਦਾ ਸੀ।

ਅਜੋਕੇ ਸਮੇਂ ਵਿਚ ਇਹ ਰਸਮ ਵਿਰਲੀ ਟਾਵੀਂ ਹੋ ਰਹੀ ਹੈ। ਵਿਆਹ ਵਾਲੇ ਘਰ ਹਲਵਾਈ ਬਿਠਾਇਆ ਜਾਂਦਾ ਹੈ। ਸਵੇਰ ਸਾਰ ਹੀ ਕੜਾਹੀ ਚਾੜ੍ਹ ਕੇ ਟਿੱਕੀਆਂ ਅਤੇ ਮੱਠੀਆਂ ਬਣਾਈਆਂ ਜਾਂਦੀਆਂ ਹਨ। ਸੀਰਨੀ, ਸ਼ਕਰਪਾਰੇ, ਗੁਲਗੁਲੇ ਅਤੇ ਪਕੌੜੀਆਂ ਆਦਿ ਵੀ ਕੱਢੇ ਜਾਂਦੇ ਹਨ। ਘੁੰਡਣੀਆਂ ਉਬਾਲ਼ੀਆਂ ਜਾਂਦੀਆਂ ਹਨ, ਲੱਡੂ ਵੱਟੇ ਜਾਂਦੇ ਹਨ। ਕੰਮ-ਕਾਜ ਨੂੰ ਤਰਜ਼ੀਹ ਦਿੱਤੀ ਜਾਣ ਕਾਰਨ, ਮੁੰਡੇ-ਕੁੜੀ ਦੇ ਬਾਹਰ ਜਾਣ ਤੇ ਕੋਈ ਰੋਕ ਨਹੀਂ ਲਗਾਈ ਜਾਂਦੀ। ਉਨ੍ਹਾਂ ਨੂੰ ਮਾਈਏਂ ਵਾਲ਼ੇ ਦਿਨ ਤੱਕ ਕੰਮ (ਨੌਕਰੀ) 'ਤੇ ਜਾਣ ਦੀ ਖੁਲ੍ਹ ਹੁੰਦੀ ਹੈ। ਵਿਆਹ ਵਾਲੇ ਘਰੋਂ ਮਿਲੇ ਸ਼ਗਨ ਦੇ ਸੱਦੇ ਤੋਂ ਬਾਅਦ ਮਿੱਥੇ ਸਮੇਂ ਤੇ ਪਿੰਡ ਵਿਚੋਂ ਔਰਤਾਂ ਇਕੱਠੀਆਂ ਹੁੰਦੀਆਂ ਹਨ। ਮੁੰਡੇ ਅਤੇ ਕੁੜੀ ਦੇ ਹੱਥਾਂ ਤੇ ਸ਼ਗਨਾਂ ਦੇ ਗਾਨੇ ਬੰਨ੍ਹੇ ਜਾਂਦੇ ਹਨ। ਕੁੜੀ ਦੀਆਂ ਸਹੇਲੀਆਂ ਉਸਨੂੰ ਸ਼ਗਨਾਂ ਵਾਲੀ ਚੌਂਕੀ ਤੇ ਬਿਠਾ ਕੇ ਵਾਰੋ-ਵਾਰੀ ਉਸ ਦੀ ਗੁੱਤ ਖੋਲ੍ਹਦੀਆਂ ਗੀਤ ਗਾਉਂਦੀਆਂ ਹਨ।

ਸ਼ਗਨ ਕਰਦੇ ਵਕਤ ਗਾਏ ਜਾਣ ਵਾਲੇ ਗੀਤ:

ਮੇਰਾ ਪਲਕਾ ਨਾ ਖੋਲ੍ਹੋ ਨੀ ਸਹੇਲੜੀਓ!
ਮੇਰੇ ਬਾਬਲ ਨੂੰ ਪੁੱਛ ਲਓ ਨੀ ਸਹੇਲੜੀਓ!
ਜਿਨ ਮੇਰਾ ਕਾਜ ਰਚਾਇਆ ਨੀ ਸਹੇਲੜੀਓ!
ਮੇਰਾ ਪਲਕਾ ਨਾ ਖੋਲ੍ਹੋ ਨੀ ਸਹੇਲੜੀਓ!
ਮੇਰੇ ਮਾਮੇ ਨੂੰ ਪੁੱਛ ਲਓ ਨੀ ਸਹੇਲੜੀਓ!
ਜਿਨ ਮੇਰਾ ਕਾਜ ਰਚਾਇਆ ਨੀ ਸਹੇਲੜੀਓ!
ਮੇਰਾ ਪਲਕਾ ਨਾ ਖੋਲ੍ਹੋ ਨੀ ਸਹੇਲੜੀਓ!
ਮੇਰੇ ਵੀਰੇ ਨੂੰ ਪੁੱਛ ਲਓ ਨੀ ਸਹੇਲੜੀਓ!
ਜਿਨ ਮੇਰਾ ਕਾਜ ਰਚਾਇਆ ਨੀ ਸਹੇਲੜੀਓ!

ਇਸ ਤੋਂ ਬਾਅਦ ਗੁੱਟ ਤੇ ਅੱਟਾ ਬੰਨ੍ਹਦੇ ਇਹ ਗੀਤ ਗਾਇਆ ਜਾਂਦਾ ਹੈ।

ਤੂੰ ਧੰਨ ਆ ਨੀ ਨੈਣੇ!
ਤੂੰ ਧੰਨ ਆ ਨੀ ਨੈਣੇ!
ਕਾਜ ਸੁਣੇ ਘਰ ਆਈ ਆਂ।

(ਚਲਦਾ)

ਵਿਧਾਨ ਸਭਾ ਵਿੱਚ 'ਸਿੱਖ ਵਿਰੋਧੀ ਨਫ਼ਰਤ' ਖ਼ਿਲਾਫ਼ ਇਤਿਹਾਸਕ ਮਤਾ ਸਰਬਸੰਮਤੀ ਨਾਲ ਪਾਸ

ਵਿੰਨੀਪੈੱਗ : ਕੈਨੇਡਾ ਦੇ ਸੂਬੇ ਮੈਨੀਟੋਬਾ ਵਿੱਚ ਸਿੱਖ ਭਾਈਚਾਰੇ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਘਟਨਾਵਾਂ ਖ਼ਿਲਾਫ਼ ਸਿਆਸੀ ਪੱਧਰ 'ਤੇ ਅਹਿਮ ਆਵਾਜ਼ ਉੱਠੀ ਹੈ। ਬਰੋਜ਼ ਹਲਕੇ ਤੋਂ ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ.ਡੀ.ਪੀ.) ਦੇ ਵਿਧਾਇਕ ਦਿਲਜੀਤ ਪਾਲ ਬਰਾੜ ਵੱਲੋਂ ਪੇਸ਼ ਕੀਤਾ ਗਿਆ 'ਸਿੱਖ ਵਿਰੋਧੀ ਨਫ਼ਰਤ ਖ਼ ?ਲਾਫ਼ ਖੜ੍ਹੇ ਹੋਣਾ' ਸਿਰਲੇਖ ਵਾਲਾ ਮਤਾ ਮੈਨੀਟੋਬਾ ਦੀ ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਪਾਸ ਹੋ ਗਿਆ। ਇਸ ਮਤੇ ਰਾਹੀਂ ਸਿੱਖ ਭਾਈਚਾਰੇ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਨਸਲਵਾਦ, ਧਾਰਮਿਕ ਵਿਤਕਰੇ ਅਤੇ ਅਸਹਿਣਸ਼ੀਲਤਾ ਦੀ ਸਖ਼ਤ ਨਿਖੇਧੀ ਕੀਤੀ ਗਈ। ਮਤਾ ਨੋਟਿਸ ਨੰਬਰ 16 ਵਜੋਂ ਪੇਸ਼ ਕੀਤਾ ਗਿਆ ਸੀ। ਇਸ ਨੂੰ ਸਾਰੀਆਂ ਪਾਰਟੀਆਂ ਦਾ ਸਮਰਥਨ ਮਿਲਿਆ, ਜਿਨ੍ਹਾਂ ਵਿੱਚ ਲਿਬਰਲ ਪਾਰਟੀ ਦੀ ਵਿਧਾਇਕ ਸਿੰਡੀ ਲੈਮੂਰਸ ਅਤੇ ਐੱਨ.ਡੀ.ਪੀ. ਦੇ ਵਿਧਾਇਕ ਜੇ.ਡੀ. ਦੇਵਗਨ ਵੀ ਸ਼ਾਮਲ ਸਨ।

ਮਤੇ ਵਿੱਚ ਕਿਹਾ ਗਿਆ ਕਿ ਮੈਨੀਟੋਬਾ ਦੀ ਅਸਲ ਤਾਕਤ ਇਸ ਦੀ ਵਿਭਿੰਨਤਾ ਵਿੱਚ ਵੱਸਦੀ ਹੈ। ਸਿੱਖ ਭਾਈਚਾਰੇ ਨੇ ਸੂਬੇ ਅਤੇ ਸਮੁੱਚੇ ਕੈਨੇਡਾ ਦੇ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਜਨਤਕ ਜੀਵਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਿਹਤ ਸੰਭਾਲ, ਡਾਕਟਰੀ ਵਿਗਿਆਨ, ਸਿੱਖਿਆ, ਜਨਤਕ ਸੇਵਾ, ਨਿਆਂ ਪ੍ਰਸ਼ਾਸਨ, ਰਾਜਨੀਤੀ, ਖੇਡਾਂ ਅਤੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਤੇ ਗਣਿਤ ਵਰਗੇ ਖੇਤਰਾਂ ਵਿੱਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਆਪਣੀ ਮਿਹਨਤ, ਅਗਵਾਈ ਅਤੇ ਪ੍ਰਾਪਤੀਆਂ ਨਾਲ ਸੂਬੇ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਮਤੇ ਵਿੱਚ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦੀ ਨਫ਼ਰਤੀ ਗ੍ਰੈਫ਼ਿਟੀ ਅਤੇ ਡਰਾਉਣ-ਧਮਕਾਉਣ ਦੀਆਂ ਹੋਰ ਕਾਰਵਾਈਆਂ 'ਤੇ ਵੀ ਚਿੰਤਾ ਪ੍ਰਗਟਾਈ ਗਈ। ਇਸ ਵਿੱਚ ਕਿਹਾ ਗਿਆ ਕਿ ਅਜਿਹੀਆਂ ਘਟਨਾਵਾਂ ਨਾ ਸਿਰਫ਼ ਸੰਬੰਧਿਤ ਭਾਈਚਾਰੇ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ, ਸਗੋਂ ਇਹ ਵੀ ਦਰਸਾਉਂਦੀਆਂ ਹਨ ਕਿ ਨਸਲਵਾਦ, ਵਿਤਕਰਾ ਅਤੇ ਧਾਰਮਿਕ ਅਸਹਿਣਸ਼ੀਲਤਾ ਅਜੇ ਵੀ ਲੋਕਾਂ ਦੀ ਸੁਰੱਖਿਆ ਅਤੇ ਭਲਾਈ ਲਈ ਚੁਣੌਤੀ ਬਣੇ ਹੋਏ ਹਨ। ਮਤੇ ਵਿੱਚ ਇਹ ਵੀ ਕਿਹਾ ਗਿਆ ਕਿ ਮੌਜੂਦਾ ਸਮੇਂ ਵਿੱਚ ਮੈਨੀਟੋਬਾ ਅਤੇ ਕੈਨੇਡਾ ਦੇ ਲੋਕ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਅਜਿਹੇ ਹਾਲਾਤ ਵਿੱਚ ਏਕਤਾ, ਆਪਸੀ ਸਮਝ ਅਤੇ ਸਤਿਕਾਰ ਇੱਕ ਮਜ਼ਬੂਤ ਤੇ ਸਾਂਝੇ ਭਵਿੱਖ ਦੀ ਉਸਾਰੀ ਲਈ ਬੇਹੱਦ ਜ਼ਰੂਰੀ ਹਨ। ਵਿਧਾਨ ਸਭਾ ਨੇ ਇਸ ਵਚਨਬੱਧਤਾ ਨੂੰ ਦੁਹਰਾਇਆ ਕਿ ਮੈਨੀਟੋਬਾ ਦੇ ਲੋਕ ਨਫ਼ਰਤ ਵਿਰੁੱਧ ਇੱਕਜੁੱਟ ਹੋ ਕੇ ਖੜ੍ਹੇ ਹਨ ਅਤੇ ਅਜਿਹਾ ਸਮਾਜ ਸਿਰਜਣ ਲਈ ਯਤਨਸ਼ੀਲ ਹਨ, ਜਿੱਥੇ ਹਰ ਵਿਅਕਤੀ ਨੂੰ ਸਤਿਕਾਰ, ਬਰਾਬਰੀ ਅਤੇ ਅਪਣੱਤ ਮਿਲੇ।

ਵਿੰਨੀਪੈੱਗ ਵਿੱਚ ਨਗਰ ਕੀਰਤਨ ਦੇ ਸਮਾਗਮ ਤੋਂ ਪਹਿਲਾਂ ਸਿੱਖ ਵਿਰੋਧੀ ਗ੍ਰੈਫ਼ਿਟੀ ਅਤੇ ਨਫ਼ਰਤੀ ਘਟਨਾਵਾਂ ਸਾਹਮਣੇ ਆਉਣ ਦੇ ਮੱਦੇਨਜ਼ਰ ਇਸ ਮਤੇ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਇਸ ਮੌਕੇ ਵਿਧਾਨ ਸਭਾ ਦੀ ਗੈਲਰੀ ਵਿੱਚ ਵੱਖ-ਵੱਖ ਭਾਈਚਾਰਿਆਂ ਦੇ ਲਗਭਗ 75 ਲੋਕ ਮੌਜੂਦ ਸਨ, ਜਿਨ੍ਹਾਂ ਨੇ ਇਸ ਇਤਿਹਾਸਕ ਕਾਰਵਾਈ ਨੂੰ ਦੇਖਿਆ। ਉਨ੍ਹਾਂ ਦੀ ਹਾਜ਼ਰੀ ਨੇ ਇਸ ਮੁੱਦੇ ਪ੍ਰਤੀ ਭਾਈਚਾਰਕ ਦਿਲਚਸਪੀ ਅਤੇ ਇੱਕਜੁੱਟਤਾ ਨੂੰ ਉਜਾਗਰ ਕੀਤਾ। ਭਾਵੇਂ ਮੈਨੀਟੋਬਾ ਵਿੱਚ ਸਿੱਖ ਆਬਾਦੀ ਅਨੁਪਾਤਕ ਤੌਰ 'ਤੇ ਘੱਟ ਹੈ, ਪਰ ਸਿੱਖ ਭਾਈਚਾਰੇ ਨੇ ਆਪਣੀ ਮਿਹਨਤ, ਸੇਵਾ ਅਤੇ ਅਗਵਾਈ ਰਾਹੀਂ ਸੂਬੇ ਦੇ ਸਮਾਜਿਕ ਜੀਵਨ ਵਿੱਚ ਅਹਿਮ ਸਥਾਨ ਬਣਾਇਆ ਹੈ।

ਵਿਧਾਇਕ ਦਿਲਜੀਤ ਪਾਲ ਬਰਾੜ ਦੀ ਇਹ ਪਹਿਲਕਦਮੀ ਸਿੱਖ ਵਿਰਸੇ ਅਤੇ ਪਛਾਣ ਨੂੰ ਮਾਨਤਾ ਦਿਵਾਉਣ ਲਈ ਕੀਤੇ ਗਏ ਉਨ੍ਹਾਂ ਦੇ ਪਿਛਲੇ ਯਤਨਾਂ ਦੀ ਲੜੀ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦੀ ਅਗਵਾਈ ਹੇਠ ਪੇਸ਼ ਕੀਤਾ ਗਿਆ ਬਿੱਲ 227, 'ਦਿ ਟ

ਸਵਿਟਜ਼ਰਲੈਂਡ: ਲਾਂਗੇਨਥਾਲ ਗੁਰਦੁਆਰੇ ਦੇ 20ਵੇਂ ਸਥਾਪਨਾ ਦਿਵਸ 'ਤੇ ਰਣਜੀਤ ਸਿੰਘ ਮਸੂਤਾ ਸਨਮਾਨਿਤ

ਇਟਲੀ : ਗੁਰਦੁਆਰਾ ਸਾਹਿਬ ਸਵਿਟਜ਼ਰਲੈਂਡ, ਲਾਂਗੇਨਥਾਲ ਦੇ 20ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਬਲਬੀਰ ਸਿੰਘ ਜੀ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਵੱਲੋਂ ਪੰਥਕ ਸੇਵਾਵਾਂ ਅਤੇ ਗੁਰੂ-ਘਰ ਦੀ ਸਥਾਪਨਾ ਵਿਚ ਅਹਿਮ ਯੋਗਦਾਨ ਲਈ ਉੱਘੇ ਉਦਯੋਗਪਤੀ ਰਣਜੀਤ ਸਿੰਘ ਮਸੂਤਾ ਨੂੰ ਸ੍ਰੀ ਸਾਹਿਬ ਅਤੇ ਸਿਰਪਾਓ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਥੇਦਾਰ ਗੁਰਚਰਨ ਸਿੰਘ ਜੀ, ਸ੍ਰੀ ਅਨੰਦਪੁਰ ਸਾਹਿਬ ਵੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਮਸੂਤਾ ਨੂੰ ਸਵਿਸ ਸਰਕਾਰ ਵੱਲੋਂ ਗੋਲਡ ਮੈਡਲ ਨਾਲ ਵੀ ਨਿਵਾਜਿਆ ਗਿਆ।

ਸਮਾਗਮ ਵਿਚ ਲਾਂਗੇਨਥਾਲ ਦੇ ਸ਼ਹਿਰ ਦੇ ਮੇਅਰ ਪੈਟ੍ਰਿਕ ਫਰੌਇਡੀਗਰ, ਬਰਨ ਕੈਂਟਨ ਦੇ ਸਾਬਕਾ ਗ੍ਰਹਿ ਮੰਤਰੀ ਹਾਨਸ-ਯੁਰਗ ਕੇਜ਼ਰ, ਬਰਨ ਕੈਂਟਨ ਸਰਕਾਰ ਦੇ ਮੌਜੂਦਾ ਮੈਂਬਰ ਰੇਟੋ ਮੂਲਰ ਅਤੇ ਸਵਿਟਜ਼ਰਲੈਂਡ ਦੇ ਸਾਬਕਾ ਸੰਘੀ ਰਾਸ਼ਟਰਪਤੀ ਸ੍ਰੀਮਤੀ ਸਿਮੋਨੇਟਾ ਸੋਮਾਰੂਗਾ, ਯੋਹਾਨ ਸ਼ਨਾਈਡਰ-ਅਮਾਨ ਅਤੇ ਸ੍ਰੀਮਤੀ ਮਿਸ਼ਲੀਨ ਕਾਲਮੀ-ਰੇ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਦਾ ਨਿਰਮਾਣ 2002 ਵਿਚ ਸ਼ੁਰੂ ਹੋਇਆ ਸੀ ਅਤੇ 23 ਸਤੰਬਰ 2006 ਨੂੰ ਇਸ ਦਾ ਉਦਘਾਟਨ ਕੀਤਾ ਗਿਆ। ਦੋ ਦਹਾਕਿਆਂ ਤੋਂ ਇਹ ਗੁਰੂ-ਘਰ ਗੁਰਮਤਿ, ਸੇਵਾ, ਸਿਮਰਨ ਅਤੇ ਸੰਗਤ ਦੀ ਸਾਂਝ ਦਾ ਕੇਂਦਰ ਬਣਿਆ ਹੋਇਆ ਹੈ।

ਇਸ ਮੌਕੇ ਸਿੱਖ ਯੂਥ ਸਵਿਟਜ਼ਰਲੈਂਡ ਦੇ ਸੰਸਥਾਪਕ ਕਰਨਵੀਰ ਸਿੰਘ, ਜਥੇਬੰਦੀ ਦੇ ਪ੍ਰਧਾਨ ਜੰਗਸ਼ੇਰ ਸਿੰਘ ਅਤੇ ਹਾਜ਼ਰ ਸਿੱਖ ਨੌਜਵਾਨਾਂ ਨੇ ਰਣਜੀਤ ਸਿੰਘ ਮਸੂਤਾ ਦੀਆਂ ਲੰਮੇ ਸਮੇਂ ਤੋਂ ਨਿਭਾਈਆਂ ਜਾ ਰਹੀਆਂ ਪੰਥਕ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮਸੂਤਾ ਦਾ ਤਜਰਬਾ, ਸਮਰਪਣ ਅਤੇ ਮਾਰਗਦਰਸ਼ਨ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਹੈ। ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਯੋਗਦਾਨ ਪਾਉਣ ਵਾਲੀ ਸੰਗਤ, ਦਾਨੀ ਸੱਜਣਾਂ ਅਤੇ ਸੇਵਾਦਾਰਾਂ ਦੀਆਂ ਸੇਵਾਵਾਂ ਨੂੰ ਵੀ ਯਾਦ ਕੀਤਾ ਗਿਆ।

ਜਵਾਨੀ ਨੂੰ ਬਚਾਉਣ ਦੀ ਲੋੜ: ਤਰਸੇਮ ਸਿੰਘ

ਵਿਧਾਇਕ ਇਆਲੀ ਨੇ ਪੰਜਾਬ ਸਰਕਾਰ 'ਤੇ ਨਿਸ਼ਾਨੇ ਸੇਧੇ; ਵਾਰਿਸ ਪੰਜਾਬ ਦੀ ਰੈਲੀ

ਸ੍ਰੀ ਗੋਇੰਦਵਾਲ ਸਾਹਿਬ : ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਹਲਕਾ ਖਡੂਰ ਸਾਹਿਬ ਦੇ ਸਰਕਲ ਵਲੀਪੁਰ ਵਿੱਚ ਹਲਕਾ ਇੰਚਾਰਜ ਭਾਈ ਕੁਲਦਮਨਰੂਪ ਸਿੰਘ ਦੀ ਅਗਵਾਈ ਹੇਠ ਰੈਲੀ ਕੀਤੀ ਗਈ। ਇਸ ਮੌਕੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ ਨੇ ਪੰਜਾਬ ਦੇ ਮੌਜੂਦਾ ਹਾਲਾਤ, ਨੌਜਵਾਨ ਪੀੜ੍ਹੀ ਦੇ ਭਵਿੱਖ, ਸੂਬੇ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਅਤੇ ਧਾਰਮਿਕ ਤੇ ਰਾਜਸੀ ਚੇਤਨਾ ਵਰਗੇ ਅਹਿਮ ਮੁੱਦਿਆਂ 'ਤੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀਆਂ ਨੀਤੀਆਂ ਪੰਜਾਬ ਦੀ ਜਵਾਨੀ ਦੇ ਭਵਿੱਖ ਲਈ ਗੰਭੀਰ ਚੁਣੌਤੀਆਂ ਪੈਦਾ ਕਰ ਰਹੀਆਂ ਹਨ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ, ਬੇਰੁਜ਼ਗਾਰੀ ਅਤੇ ਹੋਰ ਸਮਾਜਿਕ ਸਮੱਸਿਆਵਾਂ ਤੋਂ ਬਚਾਉਣ ਲਈ ਠੋਸ ਉਪਰਾਲਿਆਂ ਦੀ ਲੋੜ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਅਤੇ ਧੱਕੇ ਸੂਬੇ ਦੇ ਭਵਿੱਖ ਨੂੰ ਨੁਕਸਾਨ ਪਹੁੰਚਾ ਰਹੇ ਹਨ। ਇਸ ਮੌਕੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਲੋਕਾਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਵਿੱਚ ਦਿਨੋਂ-ਦਿਨ ਵਾਰਿਸ ਪੰਜਾਬ ਦੀ ਵਧ ਰਹੀ ਲੋਕਪ੍ਰਿਯਤਾ ਨੇ ਵਿਰੋਧੀ ਪਾਰਟੀਆਂ ਨੂੰ ਦੂਸ਼ਣਬਾਜ਼ੀ ਕਰਨ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਮੌਜੂਦਾ ਸਰਕਾਰ 'ਤੇ ਤਨਜ ਕੱਸਦਿਆ ਕਿਹਾ ਕਿ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੀ ਸਰਕਾਰ ਦੇ ਮੁੱਖ ਮੰਤਰੀ ਨੂੰ ਆਪਣੇ-ਆਪ ਨੂੰ ਇਮਾਨਦਾਰ ਦੱਸਣ ਲਈ ਇਸ਼ਤਿਹਾਰਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਇਸ ਮੌਕੇ ਜਸਕਰਨ ਸਿੰਘ ਕਾਹਨ ਸਿੰਘ ਵਾਲੇ, ਅਮਰਜੀਤ ਸਿੰਘ ਵਣਚੜ੍ਹੀ, ਨਵਜੋਤ ਕੌਰ ਲੰਬੀ, ਜਗਜੀਤ ਸਿੰਘ ਧਾਰੀਵਾਲ (ਬਾਬਾ ਜੱਗਾ), ਦਲਜੀਤ ਸਿੰਘ ਜਵੰਦਾ, ਇਕਬਾਲ ਸਿੰਘ ਸੰਧੂ, ਗੁਰਦੇਵ ਸਿੰਘ ਸੰਧੂ ਮੌਜੂਦ ਸਨ।

ਮੁੱਖ ਮੰਤਰੀ ਦੀ ਕੋਠੀ ਅੱਗੇ ਗਰਜੇ ਕੱਚੇ ਮੁਲਾਜ਼ਮ

ਪੱਕੇ ਕਰਨ ਦੀ ਮੰਗ; 22 ਦੀ ਮੀਟਿੰਗ ਕਾਮਯਾਬ ਨਾ ਹੋਣ 'ਤੇ ਤਿੱਖੇ ਸੰਘਰਸ਼ ਦੀ ਚਿਤਾਵਨੀ

ਸੰਗਰੂਰ : ਸਿਹਤ ਵਿਭਾਗ ਦੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਬਰਾਬਰ ਕੰਮ ਬਦਲੇ ਬਰਾਬਰ ਤਨਖ਼ਾਹ ਦੇਣ ਦੀ ਮੰਗ ਨੂੰ ਲੈ ਕੇ ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਕੱਚੇ ਮੁਲਾਜ਼ਮਾਂ ਨੇ ਮੁੱਖ ਮੰਤਰੀ ਦੀ ਸੰਗਰੂਰ ਸਥਿਤ ਕੋਠੀ ਅੱਗੇ ਧਰਨਾ ਦੇ ਕੇ ਸਰਕਾਰ ਵਿਰੁੱਧ ਰੋਸ ਪ੍ਰਗਟਾਇਆ। ਵੱਖ-ਵੱਖ ਜ਼ਿਲ੍ਹਿਆਂ ਤੋਂ ਪੁੱਜੇ ਮੁਲਾਜ਼ਮਾਂ ਨੇ ਮੰਗਾਂ ਮੰਨਣ ਦੀ ਅਪੀਲ ਕਰਦਿਆਂ ਚਿਤਾਵਨੀ ਦਿੱਤੀ ਜੇ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਜਿੰਦਰ ਸਿੰਘ ਔਲਖ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ, ਪਰ ਲੰਮਾ ਸਮਾਂ ਬੀਤਣ ਦੇ ਬਾਵਜੂਦ ਸਿਹਤ ਵਿਭਾਗ ਦੇ ਆਊਟਸੋਰਸ ਕਾਮੇ ਪੱਕੇ ਹੋਣ ਦੀ ਉਡੀਕ ਕਰ ਰਹੇ ਹਨ। ਇਹ ਮੁਲਾਜ਼ਮ 10 ਤੋਂ 12 ਹਜ਼ਾਰ ਰੁਪਏ ਮਹੀਨਾ ਤਨਖ਼ਾਹ 'ਤੇ ਕੰਮ ਕਰਨ ਲਈ ਮਜਬੂਰ ਹਨ। ਉਨ੍ਹਾਂ ਮੰਗ ਕੀਤੀ ਕਿ ਵੱਖ-ਵੱਖ ਸ਼੍ਰੇਣੀਆਂ ਅਧੀਨ ਤਾਇਨਾਤ ਕੱਚੇ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਸ਼ਾਮਲ ਕਰਕੇ ਪੱਕਾ ਕੀਤਾ ਜਾਵੇ ਅਤੇ ਬਰਾਬਰ ਕੰਮ ਬਦਲੇ ਬਰਾਬਰ ਤਨਖ਼ਾਹ ਦਿੱਤੀ ਜਾਵੇ। ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਪੱਕਾ ਕਰਨ ਸਬੰਧੀ ਕਾਨੂੰਨ ਦਾ ਦਾਇਰਾ ਵਧਾ ਕੇ ਸਾਰੀਆਂ ਸ਼੍ਰੇਣੀਆਂ ਅਤੇ ਪਿਛਲੇ ਤਿੰਨ ਸਾਲਾਂ ਦੌਰਾਨ ਭਰਤੀ ਹੋਏ ਮੁਲਾਜ਼ਮਾਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਵੇ। ਜਥੇਬੰਦੀ ਨੇ ਫ਼ੈਸਲਾ ਕੀਤਾ ਕਿ 22 ਅਕਤੂਬਰ ਤੱਕ ਸਿਹਤ ਵਿਭਾਗ ਦੇ ਕੱਚੇ ਮੁਲਾਜ਼ਮ ਕਾਲੇ ਬਿੱਲੇ ਲਾ ਕੇ ਡਿਊਟੀਆਂ 'ਤੇ ਜਾਣਗੇ ਅਤੇ ਰੋਸ ਜਾਰੀ ਰੱਖਣਗੇ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ 22 ਅਕਤੂਬਰ ਨੂੰ ਵਿੱਤ ਮੰਤਰੀ ਦੀ ਅਗਵਾਈ ਹੇਠ ਕੈਬਨਿਟ ਸਬ-ਕਮੇਟੀ ਨਾਲ ਪੈਨਲ ਮੀਟਿੰਗ ਦਾ ਸਮਾਂ ਦਿੱਤਾ ਗਿਆ ਹੈ। ਇਸ ਮੌਕੇ ਯਾਦਵਿੰਦਰ ਸਿੰਘ, ਗੁਲਜ਼ਾਰ ਖ਼ਾਨ, ਗਗਨਦੀਪ ਸਿੰਘ ਭੁੱਲਰ, ਮਨੀਸ਼ ਕੁਮਾਰ, ਕੁਲਦੀਪ ਸਿੰਘ ਸੰਗਤ, ਤੀਰਥ ਰਾਮ ਸੇਲ੍ਹਬਰਾਹ, ਕਰਮਜੀਤ ਸਿੰਘ ਮੰਗਵਾਲ ਅਤੇ 108 ਐਂਪਲਾਈਜ਼ ਯੂਨੀਅਨ ਤੇ ਕਰੋਨਾ ਵਾਲੰਟੀਅਰ ਯੂਨੀਅਨ ਦੇ ਨੁਮਾਇੰਦਿਆਂ ਨੇ ਵੀ ਸੰਬੋਧਨ ਕੀਤਾ।

ਸੁਪਰੀਮ ਕੋਰਟ ਦੇ ਵਕੀਲਾਂ ਵੱਲੋਂ ਅਦਾਲਤ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ

ਪ੍ਰਦਰਸ਼ਨ ਦੌਰਾਨ ਵਕੀਲਾਂ ਨਾਲ ਪੁਲਿਸ ਵੱਲੋਂ ਕੀਤੀ ਗਈ ਕੁੱਟਮਾਰ ਤੇ ਧੱਕੇਸ਼ਾਹੀ ਵਿਰੁੱਧ ਜਤਾਇਆ ਰੋਸ

ਨਵੀਂ ਦਿੱਲੀ : ਰਾਜਧਾਨੀ ਦਿੱਲੀ ਵਿੱਚ ਸੁਪਰੀਮ ਕੋਰਟ ਦੇ ਵਕੀਲਾਂ ਨੇ ਹਾਲ ਹੀ ਵਿੱਚ ਹੋਏ ਪ੍ਰਦਰਸ਼ਨਾਂ ਦੌਰਾਨ ਪੁਲਿਸ ਵੱਲੋਂ ਵਕੀਲਾਂ ਅਤੇ ਨਾਗਰਿਕਾਂ ਨਾਲ ਕੀਤੀ ਗਈ ਬਰਬਰਤਾ ਅਤੇ ਧੱਕੇਸ਼ਾਹੀ ਖ਼ਿਲਾਫ਼ ਸੁਪਰੀਮ ਕੋਰਟ ਦੇ ਪਰਿਸਰ ਬਾਹਰ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਵਕੀਲਾਂ ਨੇ ਰਾਸ਼ਟਰ ਗਾਨ ਗਾ ਕੇ ਅਤੇ ਸੰਵਿਧਾਨ ਦੀ ਰੱਖਿਆ ਦਾ ਪ੍ਰਣ ਲੈਂਦਿਆਂ ਪੁਲਿਸ ਕਾਰਵਾਈ ਵਿਰੁੱਧ ਤਿੱਖਾ ਰੋਸ ਪ੍ਰਗਟ ਕੀਤਾ। ਪ੍ਰਦਰਸ਼ਨਕਾਰੀਆਂ ਨੇ ਸਾਫ਼ ਕੀਤਾ ਕਿ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਨਾਗਰਿਕਾਂ ਅਤੇ ਵਕੀਲਾਂ 'ਤੇ ਪੁਲਿਸ ਵੱਲੋਂ ਤਾਕਤ ਦੀ ਵਰਤੋਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਸਥਾਨ : ਸੁਪਰੀਮ ਕੋਰਟ ਪਰਿਸਰ, ਨਵੀਂ ਦਿੱਲੀ

ਪ੍ਰਦਰਸ਼ਨਕਾਰੀ : ਸੁਪਰੀਮ ਕੋਰਟ ਬਾਰ ਕੌਂਸਲ ਅਤੇ ਸੀਨੀਅਰ ਵਕੀਲ

ਮੁੱਖ ਮੁੱਦਾ : ਹਾਲੀਆ ਪ੍ਰਦਰਸ਼ਨਾਂ ਦੌਰਾਨ ਵਕੀਲਾਂ 'ਤੇ ਪੁਲਿਸ ਦਾ ਤਸ਼ੱਦਦ ਅਤੇ ਧੱਕੇਸ਼ਾਹੀ

ਮੁੱਖ ਗਤੀਵਿਧੀਆਂ : ਰਾਸ਼ਟਰ ਗਾਨ ਦਾ ਗਾਇਨ, ਆਪਸੀ ਇੱਕਜੁੱਟਤਾ (Solidarity) ਦਾ ਪ੍ਰਗਟਾਵਾ ਅਤੇ ਮੀਡੀਆ ਨੂੰ ਬਿਆਨ

ਮੁੱਖ ਸੰਦੇਸ਼ : ਸੰਵਿਧਾਨਕ ਕਦਰਾਂ-ਕੀਮਤਾਂ ਦੀ ਰੱਖਿਆ ਅਤੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਲਈ ਸੰਘਰਸ਼

ਵਕੀਲਾਂ ਦੇ ਮੁੱਖ ਬਿਆਨ ਅਤੇ ਪ੍ਰਤੀਕਿਰਿਆਵਾਂ

ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਏਕਤਾ (ਬਾਰ ਦੇ ਪ੍ਰਤੀਨਿਧੀ ਦਾ ਬਿਆਨ):

ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਸੀਨੀਅਰ ਵਕੀਲਾਂ ਅਤੇ ਬਾਰ ਦੇ ਮੈਂਬਰਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ:

'ਅਸੀਂ ਸਾਰੇ ਇੱਥੇ ਆਪਣੇ ਸਾਥੀ ਵਕੀਲਾਂ ਅਤੇ ਦੇਸ਼ ਉਨ੍ਹਾਂ ਨਾਗਰਿਕਾਂ ਨਾਲ ਇੱਕਜੁੱਟਤਾ (Solidarity) ਪ੍ਰਗਟ ਕਰਨ ਲਈ ਇਕੱਠੇ ਹੋਏ ਹਾਂ, ਜਿਨ੍ਹਾਂ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਬਦਲੇ ਬਰਬਰਤਾ ਦਾ ਸ਼ਿਕਾਰ ਬਣਾਇਆ ਗਿਆ ਹੈ। ਸੰਵਿਧਾਨ ਦੀ ਰੱਖਿਆ ਕਰਨਾ ਅਤੇ ਉਸ ਲਈ ਲੜਨਾ ਹਰ ਵਕੀਲ ਦਾ ਮੁਢਲਾ ਫ਼ਰਜ਼ ਹੈ ਅਤੇ ਅਸੀਂ ਅੱਜ ਮੁੜ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਦਾ ਪ੍ਰਣ ਲੈਂਦੇ ਹਾਂ।'

ਪੁਲਿਸ ਦੀ ਤਾਕਤ ਦੀ ਦੁਰਵਰਤੋਂ ਵਿਰੁੱਧ ਰੋਸ:

ਪ੍ਰਦਰਸ਼ਨ ਦੌਰਾਨ ਵਕੀਲਾਂ ਨੇ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਜਦੋਂ ਦੇਸ਼ ਦਾ ਕਾਨੂੰਨ ਬਣਾਉਣ ਅਤੇ ਸੁਰੱਖਿਅਤ ਰੱਖਣ ਵਾਲੇ ਵਕੀਲ ਹੀ ਸੁਰੱਖਿਅਤ ਨਹੀਂ ਹਨ, ਤਾਂ ਆਮ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਕਿਵੇਂ ਹੋਵੇਗੀ। ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਵਕੀਲਾਂ ਨਾਲ ਹੱਥੋਪੋਈ ਅਤੇ ਹਿੰਸਾ ਕਰਨ ਵਾਲੇ ਦੋਸ਼ੀ ਕਰਮਚਾਰੀਆਂ ਖ਼ਿਲਾਫ਼ ਸਖ਼ਤ ਵਿਭਾਗੀ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਭਗਤੀ ਰਸ ਨਾਲ ਜੁੜ ਕੇ ਹੀ ਇਨਸਾਨ ਨੂੰ ਗੁਰਸਿੱਖੀ ਤੇ ਗੁਰੂ ਦੀ ਪ੍ਰਾਪਤੀ ਹੁੰਦੀ ਹੈ: ਸੰਤ ਬਾਬਾ ਗੁਰਦਿਆਲ ਸਿੰਘ ਜੀ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਮਹਾਨ ਸਾਲਾਨਾ ਇਕੱਤਰੀ ਸਮਾਗਮ ਦੇ ਚੱਲਦਿਆਂ ਸੰਗਤਾਂ ਅੰਦਰ ਉਤਸ਼ਾਹ ਪੂਰੇ ਸਿਖਰਾਂ ਤੇ ਪਹੁੰਚ ਚੁੱਕਾ ਹੈ ਪੰਜਾਬ ਦੀ ਧਰਤੀ ਤੇ ਸਭ ਤੋਂ ਲੰਮਾ ਸਮਾਂ ਨਿਰੰਤਰ ਚੱਲਣ ਵਾਲੇ ਇਸ ਸਮਾਗਮ ਦੌਰਾਨ ਸੰਤ ਬਾਬਾ ਗੁਰਦਿਆਲ ਸਿੰਘ ਜੀ ਨੇ ਕਥਾ ਕੀਰਤਨ ਕਰਦਿਆਂ ਸੰਗਤਾਂ ਨੂੰ ਗੁਰੂ ਨਾਲ ਜੋੜਦੇ ਹੋਏ ਪ੍ਰੇਰਿਆ ਕਿ ਅੱਜ ਦੇ ਯੁੱਗ ਵਿਚ ਗੁਰੂ ਤੇ ਗੁਰਬਾਣੀ ਨੂੰ ਮੰਨਣ ਵਾਲੇ ਭਾਵੇਂ ਗਿਣਤੀ 'ਚ ਜ਼ਿਆਦਾ ਹਨ ਪਰ ਗੁਰੂ ਦੀ ਗੁਰਬਾਣੀ ਅਤੇ ਉਸ ਵੱਲੋਂ ਦਰਸਾਏ ਗਏ ਸ਼ਬਦ ਦੇ ਰਾਹ ਤੇ ਚੱਲਣ ਵਾਲੇ ਬਹੁਤ ਘੱਟ ਹਨ। ਇਸ ਲਈ ਕੇਵਲ ਤੇ ਕੇਵਲ ਉਹ ਇਨਸਾਨ ਹੀ ਆਪਣੀ ਜ਼ਿੰਦਗੀ ਵਿੱਚ ਮਨੋਰਥ ਦੀ ਪ੍ਰਾਪਤੀ ਕਰ ਸਕਦਾ ਹੈ ਜੋ ਪੂਰਨ ਰੂਪ 'ਚ ਗੁਰੂ ਨੂੰ ਮੰਨਦਾ ਹੋਵੇ ਅਤੇ ਗੁਰਬਾਣੀ ਦੇ ਰਾਹ ਤੇ ਤੁਰਦਾ ਹੋਵੇ। ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਨਾਲ ਜੋੜਦੇ ਹੋਏ ਕਿਹਾ ਕਿ ਇਨਸਾਨੀ ਜਾਮੇ 'ਚ ਵਿਕਾਰਾ ਤੇ ਬੰਧਨਾਂ ਤੋਂ ਛੁਟਕਾਰਾ ਕੇਵਲ ਅਕਾਲ ਪੁਰਖ ਦੀ ਰਜ਼ਾ 'ਚ ਰਹਿ ਕੇ ਹੀ ਸੰਭਵ ਹੁੰਦਾ ਹੈ। ਹਾਜ਼ਰ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਦਿਆਂ ਕਿਹਾ ਕਿ ਸ਼ਰਧਾ ਪ੍ਰੇਮ ਵਿਸ਼ਵਾਸ ਨਾਲ ਹੀ ਇਨਸਾਨ ਦੇ ਅੰਦਰ ਭਾਵ ਦੀ ਪ੍ਰਾਪਤੀ ਹੁੰਦੀ ਹੈ ਅਤੇ ਭਾਵ ਨਾਲ ਹੀ ਭਗਤੀ ਜੁੜੀ ਹੈ ਅਤੇ ਉੱਥੇ ਹੀ ਭਗਤੀ ਰਸ ਨਾਲ ਜੋੜ ਕੇ ਸਦਾ ਸਦਾ ਲਈ ਗੁਰਸਿੱਖੀ ਅਤੇ ਗੁਰਸ਼ਬਦ ਦੀ ਪ੍ਰਾਪਤੀ ਹੁੰਦੀ ਹੈ। ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਤੋਂ ਇਲਾਵਾ ਹੋਰ ਵੀ ਸੰਤ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਵਰਨਣਯੋਗ ਹੈ ਕਿ 23 ਦਿਨ ਤੱਕ ਨਿਰੰਤਰ ਚੱਲਣ ਵਾਲੇ ਇਸ ਇਕੱਤਰੀ ਸਮਾਗਮ ਦੌਰਾਨ ਤੀਜੀ ਲੜੀ ਦੇ ਭੋਗ ਪਾਏ ਗਏ। ਇਸ ਮੌਕੇ ਵੱਡੀ ਗਿਣਤੀ ਵਿੱਚ ਦੇਸ਼ ਵਿਦੇਸ਼ ਤੋਂ ਸੰਗਤਾਂ ਨੇ ਸ਼ਿਰਕਤ ਕੀਤੀ ਫੋਟੋ ਕੈਪਸ਼ਨ ਸੰਤ ਬਾਬਾ ਗੁਰਦਿਆਲ ਸਿੰਘ ਜੀ ਕਥਾ ਕੀਰਤਨ ਕਰਦੇ ਹੋਏ।

ਦਿੱਲੀ ਪੁਲਿਸ ਵਲੋਂ ਕਾਕਰੋਚ ਜਨਤਾ ਪਾਰਟੀ ਦਾ ਪ੍ਰਦਰਸ਼ਨ ਨਾਕਾਮ ਦਿਪਕੇ ਸਮੇਤ ਤਕਰੀਬਨ 7000 ਲੋਕਾਂ ਨੂੰ ਹਿਰਾਸਤ 'ਚ ਲਿਆ

ਨਵੀਂ ਦਿੱਲੀ : ਕਾਕਰੋਚ ਜਨਤਾ ਪਾਰਟੀ (ਸੀ.ਜੇ.ਪੀ.) ਵਲੋਂ ਸਨਿਚਰਵਾਰ ਨੂੰ ਜੰਤਰ ਮੰਤਰ 'ਤੇ ਐਲਾਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕਰਦੇ ਪ੍ਰਦਰਸ਼ਨ ਨੂੰ ਰੋਕਣ ਲਈ ਪੁਲਿਸ ਵਲੋਂ ਬਣਾਏ 'ਇਹਤਿਆਤੀ ਸੁਰੱਖਿਆ ਘੇਰੇ' ਹੇਠ ਸੀ.ਜੇ.ਪੀ. ਦੇ ਸੰਸਥਾਪਕ ਅਭਿਜੀਤ ਦਿਪਕੇ ਸਮੇਤ ਪ੍ਰਦਰਸ਼ਨ ਨਾਲ ਸੰਬੰਧਿਤ ਤਮਾਮ ਵੱਡੇ ਚਿਹਰਿਆਂ, ਜਿਸ 'ਚ ਸੀ.ਜੇ.ਪੀ. ਦੇ ਆਸ਼ੂਤੋਸ਼ ਰਾਂਕਾ ਅਤੇ ਸੌਰਵ ਦਾਸ ਤੋਂ ਇਲਾਵਾ 4 ਸੂਬਿਆਂ ਦੇ ਸਾਬਕਾ ਮੁੱਖ ਮੰਤਰੀਆਂ ਸਮੇਤ 7000 ਦੇ ਕਰੀਬ ਲੋਕਾਂ ਨੂੰ ਹਿਰਾਸਤ 'ਚ ਲੈ ਲਿਆ, ਜਿਸ ਕਾਰਨ ਐਲਾਨੀ ਗਈ ਪ੍ਰਦਰਸ਼ਨ ਵਾਲੀ ਥਾਂ ਜੰਤਰ ਮੰਤਰ ਪ੍ਰਦਰਸ਼ਨਕਾਰੀਆਂ ਤੋਂ ਤਕਰੀਬਨ ਸੱਖਣੀ ਰਹੀ। ਇਸ ਤਰ੍ਹਾਂ ਪੁਲਿਸ ਨੇ ਜੰਤਰ ਮੰਤਰ 'ਤੇ ਹੋਣ ਵਾਲਾ ਪ੍ਰਦਰਸ਼ਨ ਨਾਕਾਮ ਕਰ ਦਿੱਤਾ। ਸੀ.ਜੀ.ਪੀ. ਆਗੂਆਂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਬਾਅਦ 'ਚ ਰਿਹਾਅ ਕਰ ਦਿੱਤਾ ਗਿਆ। ਤਕੜੇ ਸੁਰੱਖਿਆ ਪ੍ਰਬੰਧਾਂ ਹੇਠ ਦਿੱਲੀ ਦੇ ਵੱਖ-ਵੱਖ ਖੇਤਰਾਂ 'ਚੋਂ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਨੂੰ ਕੇਂਦਰੀ ਦਿੱਲੀ ਤੱਕ ਪਹੁੰਚਣ ਤੋਂ ਰੋਕਣ ਲਈ ਪੁਲਿਸ ਵਲੋਂ ਦਿਨ ਭਰ ਲੋਕਾਂ ਨੂੰ ਹਿਰਾਸਤ 'ਚ ਲੈਣ ਦਾ ਸਿਲਸਿਲਾ ਜਾਰੀ ਰਿਹਾ ਅਤੇ ਕੇਂਦਰੀ ਦਿੱਲੀ ਦੇ ਚਰਚਿਤ ਬਾਜ਼ਾਰ ਕਨਾਟ ਪੈਲੇਸ 'ਚ ਵੀ ਦੁਕਾਨਦਾਰਾਂ ਵਲੋਂ ਇਹਤਿਆਤੀ ਤੌਰ 'ਤੇ ਦੁਕਾਨਾਂ ਬੰਦ ਰੱਖਣ ਕਾਰਨ ਉਥੇ ਚੁੱਪ ਦਾ ਪਸਾਰਾ ਨਜ਼ਰ ਆਇਆ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਜ਼ਾਹਿਰੀ ਤੌਰ 'ਤੇ ਪ੍ਰਦਰਸ਼ਨ ਤੋਂ ਦੂਰੀ ਬਣਾਈ ਰੱਖੀ ਪਰ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀਡੀਓ ਪੋਸਟ ਰਾਹੀਂ ਪੁਲਿਸ ਦੀ ਤਾਇਨਾਤੀ ਅਤੇ ਨੇਤਾਵਾਂ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕੀਤੀ ਅਤੇ ਨੌਜਵਾਨਾਂ ਦੇ ਨਾਲ ਸਮਰਥਨ ਪ੍ਰਗਟਾਉਂਦਿਆਂ ਕਿਹਾ ਕਿ ਅਸੀਂ (ਕਾਂਗਰਸ) ਤੁਹਾਡੇ ਨਾਲ ਖੜ੍ਹੇ ਹਾਂ। ਸਿਆਸੀ ਪਾਰਟੀਆਂ 'ਚੋਂ ਆਮ ਆਦਮੀ ਪਾਰਟੀ, ਤ੍ਰਿਣਮੂਲ ਕਾਂਗਰਸ ਅਤੇ ਖੱਬੇ ਪੱਖੀ ਪਾਰਟੀਆਂ ਸੀ.ਪੀ.ਆਈ., ਸੀ.ਪੀ.ਐਮ. ਖੁੱਲ੍ਹ ਕੇ ਪ੍ਰਦਰਸ਼ਨ ਦਾ ਹਿੱਸਾ ਬਣੇ, ਪਰ ਪੁਲਿਸ ਨੇ ਇਨ੍ਹਾਂ ਪਾਰਟੀਆਂ ਦੇ ਨੇਤਾਵਾਂ ਅਤੇ 4 ਸੂਬਿਆਂ ਦੇ ਸਾਬਕਾ ਮੁੱਖ ਮੰਤਰੀਆਂ, ਜਿਨ੍ਹਾਂ 'ਚ ਦਿੱਲੀ ਦੇ ਅਰਵਿੰਦ ਕੇਜਰੀਵਾਲ, ਪੱਛਮੀ ਬੰਗਾਲ ਦੇ ਮਮਤਾ ਬੈਨਰਜੀ, ਕੇਰਲਮ ਦੇ ਪਿਨਰਾਈ ਵਿਜਯਨ ਅਤੇ ਤ੍ਰਿਪੁਰਾ ਦੇ ਮਾਨਿਕ ਸਰਕਾਰ ਸ਼ਾਮਿਲ ਹਨ, ਨੂੰ ਵੀ ਹਿਰਾਸਤ 'ਚ ਲੈ ਲਿਆ, ਜਿਨ੍ਹਾਂ ਨੂੰ ਬਾਅਦ 'ਚ ਰਿਹਾਅ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਪ੍ਰਦਰਸ਼ਨ 'ਚ ਹਿੱਸਾ ਲੈਣ ਦਾ ਐਲਾਨ ਕਰ ਚੁੱਕੇ ਯੂ-ਟਿਊਬਰ ਧਰੁਵ ਰਾਠੀ ਨੂੰ ਉਨ੍ਹਾਂ ਦੇ ਗੁਰੂਗ੍ਰਾਮ ਸਥਿਤ ਘਰ ਤੋਂ ਹੀ ਹਿਰਾਸਤ 'ਚ ਲੈ ਲਿਆ ਗਿਆ। ਸਮਾਜਿਕ ਕਾਰਕੁੰਨ ਯੋਗੇਂਦਰ ਯਾਦਵ, ਪ੍ਰਸ਼ਾਂਤ ਭੂਸ਼ਣ ਅਤੇ 'ਆਈਸਾ' ਦੀ ਪ੍ਰਧਾਨ ਨੇਹਾ ਬੋਰਾ, ਜੋ ਇਕ ਇਕੱਠ ਦੇ ਨਾਲ ਦੱਖਣੀ ਦਿੱਲੀ ਤੋਂ ਜੰਤਰ ਮੰਤਰ ਵੱਲ ਵਧ ਰਹੇ ਸਨ, ਨੂੰ ਵੀ ਪੁਲਿਸ ਨੇ ਹਿਰਾਸਤ 'ਚ ਲੈ ਲਿਆ। ਇਸ ਦੌਰਾਨ ਦਿੱਲੀ ਪੁਲਿਸ ਅਤੇ ਦਿੱਲੀ ਟ੍ਰੈਫ਼ਿਕ ਪੁਲਿਸ ਨੇ ਵੀ ਸੋਸ਼ਲ ਮੀਡੀਆ 'ਤੇ ਲਗਾਤਾਰ ਸਰਗਰਮ ਹੁੰਦਿਆਂ ਮਾਹੌਲ 'ਸ਼ਾਂਤ' ਹੋਣ ਦੇ ਦਾਅਵਿਆਂ ਭਰਪੂਰ ਵੀਡੀਓ ਸਾਂਝੇ ਕਰਦੀ ਰਹੀ।

ਮਾਪਿਆਂ ਵੱਲੋਂ ਇੰਡੀਆ ਗੇਟ 'ਤੇ ਪ੍ਰਦਰਸ਼ਨ; ਦੁਸ਼ਯੰਤ ਗੌਤਮ ਦੀ ਬਤੌਰ ਰਾਜਪਾਲ ਨਿਯੁਕਤੀ ਰੋਕਣ ਦੀ ਮੰਗ

ਨਵੀਂ ਦਿੱਲੀ : ਉੱਤਰਾਖੰਡ ਵਿੱਚ 2022 ਦੌਰਾਨ ਇੱਕ ਰਿਜ਼ੋਰਟ ਵਿੱਚ ਕਤਲ ਕੀਤੀ ਗਈ 19 ਸਾਲਾ ਅੰਕਿਤਾ ਭੰਡਾਰੀ ਦੇ ਮਾਪਿਆਂ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਦੇ ਇੰਡੀਆ ਗੇਟ ਨੇੜੇ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਮੰਗ ਕੀਤੀ ਕਿ ਜਦੋਂ ਤੱਕ ਇਸ ਮਾਮਲੇ ਦੀ ਚੱਲ ਰਹੀ ਸੀ ਬੀ ਆਈ

(CBI) ਜਾਂਚ ਪੂਰੀ ਨਹੀਂ ਹੋ ਜਾਂਦੀ, ਉਦੋਂ ਤੱਕ ਭਾਜਪਾ ਆਗੂ ਦੁਸ਼ਯੰਤ ਕੁਮਾਰ ਗੌਤਮ ਦੀ ਸਿੱਕਮ ਦੇ ਰਾਜਪਾਲ ਵਜੋਂ ਨਿਯੁਕਤੀ 'ਤੇ ਰੋਕ ਲਗਾਈ ਜਾਵੇ। ਦੁਸ਼ਯੰਤ ਗੌਤਮ ਨੂੰ ਸੋਮਵਾਰ ਨੂੰ ਹੀ ਸਿੱਕਮ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਰਿਸ਼ੀਕੇਸ਼ ਦੇ ਵਨੰਤਰਾ ਰਿਜ਼ੋਰਟ ਵਿੱਚ ਬਤੌਰ ਰਿਸੈਪਸ਼ਨਿਸਟ ਕੰਮ ਕਰਦੀ ਅੰਕਿਤਾ ਦਾ 18 ਸਤੰਬਰ 2022 ਨੂੰ ਕਤਲ ਹੋਇਆ ਸੀ ਤੇ ਚਾਰ ਦਿਨ ਬਾਅਦ ਉਸਦੀ ਲਾਸ਼ ਚਿੱਲਾ ਨਹਿਰ ਵਿੱਚੋਂ ਮਿਲੀ ਸੀ। ਇਸ ਮਾਮਲੇ ਵਿੱਚ ਰਿਜ਼ੋਰਟ ਮਾਲਕ ਅਤੇ ਸਾਬਕਾ ਭਾਜਪਾ ਆਗੂ ਵਿਨੋਦ ਆਰੀਆ ਦੇ ਪੁੱਤਰ ਪੁਲਕਿਤ ਆਰੀਆ ਸਮੇਤ ਦੋ ਹੋਰ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਹੋ ਚੁੱਕੀ ਹੈ। ਇਸ ਕਤਲ ਕਾਂਡ ਵਿੱਚ ਕਿਸੇ ਅਣਪਛਾਤੇ 'ਵੀ ਆਈ ਪੀ' (VIP) ਦੇ ਸ਼ਾਮਲ ਹੋਣ ਦੇ ਦੋਸ਼ ਲੱਗਦੇ ਰਹੇ ਹਨ। ਅੰਕਿਤਾ ਦੇ ਪਰਿਵਾਰ ਅਤੇ ਕਾਰਕੁਨਾਂ ਵੱਲੋਂ ਇਸ ਕਥਿਤ ਵੀ ਆਈ ਪੀ ਵਜੋਂ ਦੁਸ਼ਯੰਤ ਕੁਮਾਰ ਗੌਤਮ ਦਾ ਨਾਂ ਲਿਆ ਜਾ ਰਿਹਾ ਹੈ। ਹਾਲਾਂਕਿ, ਗੌਤਮ ਨੇ ਇਨ੍ਹਾਂ ਦੋਸ਼ਾਂ (ਜੋ ਅਜੇ ਸਾਬਤ ਨਹੀਂ ਹੋਏ) ਨੂੰ ਨਕਾਰਦਿਆਂ ਪਰਿਵਾਰ ਖਿਲਾਫ਼ ਮਾਣਹਾਨੀ ਦੀ ਕਾਰਵਾਈ ਸ਼ੁਰੂ ਕੀਤੀ ਹੋਈ ਹੈ। ਇੰਡੀਆ ਗੇਟ ਨੇੜੇ ਫੁੱਟਪਾਥ 'ਤੇ ਬੈਠੀ ਅੰਕਿਤਾ ਦੀ ਮਾਂ ਭਾਵੁਕ ਹੋ ਗਈ। ਪਿਤਾ ਨੇ ਦੋਸ਼ ਲਾਇਆ ਕਿ ਉਨ੍ਹਾਂ ਦੀ ਧੀ ਦੇ ਕਤਲ ਵਿੱਚ ਵੀ ਆਈ ਪੀ ਦੀ ਅਹਿਮ ਭੂਮਿਕਾ ਸੀ ਅਤੇ ਹੁਣ ਉਸੇ ਨੂੰ ਸਿੱਕਮ ਦਾ ਰਾਜਪਾਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਰਾਸ਼ਟਰਪਤੀ ਦਰੌਪਦੀ ਮੁਰਮੂ ਤੋਂ ਮੁਲਾਕਾਤ ਦਾ ਸਮਾਂ ਮੰਗਿਆ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੰਗ ਨਾ ਮੰਨੀ ਗਈ ਤਾਂ ਉਹ ਦੇਹਰਾਦੂਨ ਸਕੱਤਰੇਤ ਸਥਿਤ ਮੁੱਖ ਮੰਤਰੀ ਦਫ਼ਤਰ ਦੇ ਬਾਹਰ ਭੁੱਖ ਹੜਤਾਲ ਕਰਨਗੇ।

ਸਰਕਾਰਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲਾ 'ਜੰਤਰ-ਮੰਤਰ' ਹੁਣ ਰਹੇਗਾ ਬਿਲਕੁਲ 'ਖ਼ਾਮੋਸ਼'

- ਧਰਨੇ, ਰੈਲੀਆਂ ਜਾਂ ਪ੍ਰਦਰਸ਼ਨ ਕਰਨ 'ਤੇ ਲੱਗੀ ਮੁਕੰਮਲ ਰੋਕ
- ਕੇਂਦਰੀ ਗ੍ਰਹਿ ਮੰਤਰਾਲੇ ਦੀ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਦਿੱਲੀ ਪੁਲਿਸ ਨੇ ਲਿਆ ਫ਼ੈਸਲਾ

ਨਵੀਂ ਦਿੱਲੀ : ਦਿੱਲੀ ਦਾ 'ਜੰਤਰ ਮੰਤਰ', ਜੋ ਲੰਬੇ ਸਮੇਂ ਤੋਂ ਦੇਸ਼ 'ਚ ਵੱਖ-ਵੱਖ ਮੁੱਦਿਆਂ 'ਤੇ ਵਿਰੋਧ ਪ੍ਰਦਰਸ਼ਨਾਂ ਰਾਹੀਂ ਸਰਕਾਰਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਦਾ ਇਕ ਮੁੱਖ ਕੇਂਦਰ ਬਣਿਆ ਰਿਹਾ, ਉਹ ਹੁਣ ਬਿਲਕੁਲ 'ਖ਼ਾਮੋਸ਼' ਰਹੇਗਾ, ਕਿਉਂਕਿ ਹੁਣ ਜੰਤਰ-ਮੰਤਰ 'ਤੇ ਕਿਸੇ ਵੀ ਤਰ੍ਹਾਂ ਦੇ ਧਰਨੇ, ਰੈਲੀਆਂ ਜਾਂ ਪ੍ਰਦਰਸ਼ਨ ਕਰਨ 'ਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਗਈ ਹੈ। ਇਸ ਫ਼ੈਸਲੇ ਨਾਲ ਹੋਰਨਾ ਦੇ ਨਾਲ ਹੀ ਪੰਜਾਬ ਦੇ ਕਿਸਾਨਾਂ ਨੂੰ ਭਾਰੀ ਨਮੋਸ਼ੀ ਹੋਵੇਗੀ ਜੋ ਲੰਮੇ ਸਮੇਂ ਤੋਂ ਜੰਤਰ ਮੰਤਰ ਵਿਖੇ ਹੋਏ ਕਿਸਾਨੀ ਅੰਦੋਲਨਾਂ ਦੇ ਗਵਾਹ ਬਣਦੇ ਰਹੇ ਹਨ। ਦਿੱਲੀ ਪੁਲਿਸ ਨੇ ਇਕ ਵੱਡਾ ਫ਼ੈਸਲਾ ਲੈਂਦਿਆਂ ਜੰਤਰ-ਮੰਤਰ ਨੂੰ ਅਧਿਕਾਰਤ ਵਿਰੋਧ ਪ੍ਰਦਰਸ਼ਨ ਵਾਲੀ ਥਾਂ ਵਜੋਂ ਹਟਾ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੀ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਦਿੱਲੀ ਪੁਲਿਸ ਕਮਿਸ਼ਨਰ ਅਨੁਰਾਗ ਕੁਮਾਰ ਵਲੋਂ ਇਹ ਵੱਡਾ ਫ਼ੈਸਲਾ ਲਿਆ ਗਿਆ ਹੈ। 12 ਅਕਤੂਬਰ ਨੂੰ ਜਾਰੀ ਕੀਤੇ ਗਏ ਇਸ ਨਵੇਂ ਆਦੇਸ਼ ਤੋਂ ਬਾਅਦ ਹੁਣ ਜੰਤਰ-ਮੰਤਰ 'ਤੇ ਹੋਣ ਵਾਲੇ ਪ੍ਰਦਰਸ਼ਨਾਂ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ ਹੈ। ਜੰਤਰ-ਮੰਤਰ ਦੀ ਥਾਂ ਹੁਣ ਦਿੱਲੀ 'ਚ ਧਰਨੇ ਅਤੇ ਰੈਲੀਆਂ ਕਰਨ ਲਈ ਤਿੰਨ ਨਵੇਂ ਸਥਾਨ ਨਿਰਧਾਰਿਤ ਕੀਤੇ ਗਏ ਹਨ। ਇਨ੍ਹਾਂ 'ਚ ਰਾਮਲੀਲ੍ਹਾ ਗਰਾਊਂਡ, ਬੁਰਾੜੀ ਅਤੇ ਸੀ.ਬੀ.ਡੀ. ਗਰਾਊਂਡ ਦਾ ਨਾਂਅ ਸ਼ਾਮਿਲ ਹੈ। ਪੁਲਿਸ ਪ੍ਰਸ਼ਾਸਨ ਵਲੋਂ ਇਨ੍ਹਾਂ ਨਵੀਆਂ ਨਿਰਧਾਰਿਤ ਥਾਵਾਂ 'ਤੇ ਧਰਨਾ ਦੇਣ ਅਤੇ ਪ੍ਰਵਾਨਗੀ ਲੈਣ ਦੀ ਪ੍ਰਕਿਰਿਆ ਲਈ ਜਲਦ ਹੀ ਇਕ ਨਵੀਂ ਸਟੈਂਡਰਡ ਓਪਰੇਟਿੰਗ ਪ੍ਰੋਸੀਜ਼ਰ (ਐਸ.ਓ.ਪੀ.) ਜਾਰੀ ਕੀਤੀ ਜਾਵੇਗੀ। ਇਹ ਕਦਮ ਗ੍ਰਹਿ ਮੰਤਰਾਲੇ ਦੁਆਰਾ ਗਠਿਤ ਕੀਤੀ ਗਈ ਵਿਸ਼ੇਸ਼ ਕਮੇਟੀ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਚੁੱਕਿਆ ਗਿਆ ਹੈ, ਜਿਸ ਨੇ ਜੰਤਰ-ਮੰਤਰ 'ਤੇ ਜਨਤਕ ਸੁਰੱਖਿਆ ਅਤੇ ਟਰੈਫ਼ ?ਕ ਦੀਆਂ ਸਮੱਸਿਆਵਾਂ ਨੂੰ ਮੁੱਖ ਕਾਰਨ ਦੱਸਿਆ ਹੈ। ਦੱਸਿਆ ਜਾ ਰਿਹਾ ਹੈ ਕਿ ਹਾਲ ਹੀ 'ਚ ਚੋਣ ਕਮਿਸ਼ਨ ਦੇ ਵਿਵਾਦ ਨੂੰ ਲੈ ਕੇ 'ਕਾਕਰੋਚ ਜਨਤਾ ਪਾਰਟੀ' ਅਤੇ 'ਇੰਡੀਆ' ਗੱਠਜੋੜ ਵਲੋਂ ਕੀਤੇ ਗਏ ਤਿੱਖੇ ਪ੍ਰਦਰਸ਼ਨਾਂ ਤੋਂ ਬਾਅਦ ਇਹ ਫ਼ੈਸਲਾ ਆਇਆ ਹੈ।

ਐਨ.ਜੀ.ਟੀ. ਨੇ 2017 'ਚ ਜੰਤਰ ਮੰਤਰ ਪ੍ਰਦਰਸ਼ਨਾਂ 'ਤੇ ਲਗਾਈ ਸੀ ਪਾਬੰਦੀ : 2017 'ਚ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਜੰਤਰ-ਮੰਤਰ 'ਤੇ ਧਰਨਿਆਂ 'ਤੇ ਪਾਬੰਦੀ ਲਗਾ ਦਿੱਤੀ ਸੀ ਪਰ ਕਿਸਾਨਾਂ ਸਮੇਤ ਕਈ ਜਥੇਬੰਦੀਆਂ ਸੁਪਰੀਮ ਕੋਰਟ ਪੁੱਜ ਗਈਆਂ ਸਨ, ਜਿਸ ਤੋਂ ਬਾਅਦ 23 ਜੁਲਾਈ 2018 ਨੂੰ ਸੁਪਰੀਮ ਕੋਰਟ ਨੇ ਐਨ.ਜੀ.ਟੀ. ਦਾ ਫ਼ੈਸਲਾ ਰੱਦ ਕਰ ਦਿੱਤਾ ਸੀ।

1993 ਤੋਂ ਸ਼ੁਰੂ ਹੋਇਆ 'ਜੰਤਰ ਮੰਤਰ' ਵਿਖੇ ਧਰਨੇ-ਪ੍ਰਦਰਸ਼ਨ ਦਾ ਸਿਲਸਿਲਾ : ਜੰਤਰ-ਮੰਤਰ ਨੇ ਦੇਸ਼ ਦੀ ਸਿਆਸਤ ਨੂੰ ਬਦਲਣ ਵਾਲੇ ਕਈ ਅੰਦੋਲਨ ਵੇਖੇ ਹਨ ਪਰ ਜੰਤਰ-ਮੰਤਰ ਅਸਲ 'ਚ ਧਰਨੇ ਲਈ ਬਣਿਆ ਹੀ ਨਹੀਂ ਸੀ। ਇਹ 1724 'ਚ ਮਹਾਰਾਜਾ ਸਵਾਈ ਜੈ ਸਿੰਘ ਵਲੋਂ ਤਾਰਿਆਂ ਦੀ ਚਾਲ ਦੇਖਣ ਲਈ ਬਣਵਾਈ ਇਕ 'ਖਗੋਲ ਆਬਜ਼ਰਵੇਟਰੀ' ਹੈ। ਪਰ 1993 ਤੋਂ ਬਾਅਦ ਇਹ ਜੰਤਰ-ਮੰਤਰ ਵਾਲੀ ਥਾਂ ਭਾਰਤ 'ਚ ਲੋਕਤੰਤਰੀ ਵਿਰੋਧ ਦੀ ਸਭ ਤੋਂ ਵੱਡੀ ਪਛਾਣ ਬਣ ਗਈ। ਦਰਅਸਲ 1993 ਤੋਂ ਪਹਿਲਾਂ, ਦਿੱਲੀ 'ਚ ਇੰਡੀਆ ਗੇਟ ਨੇੜੇ ਸਥਿਤ 'ਬੋਟ ਕਲੱਬ' ਪ੍ਰਦਰਸ਼ਨਾਂ ਦਾ ਮੁੱਖ ਗੜ੍ਹ ਹੁੰਦਾ ਸੀ। ਐਮਰਜੈਂਸੀ ਵਿਰੁੱਧ ਵੱਡੇ ਅੰਦੋਲਨ ਵੀ ਉੱਥੇ ਹੀ ਹੋਏ ਸਨ। ਸਾਲ 1988 'ਚ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਮਹਿੰਦਰ ਸਿੰਘ ਟਿਕੈਤ ਦੀ ਅਗਵਾਈ ਵਿਚ 5 ਲੱਖ ਤੋਂ ਵੱਧ ਕਿਸਾਨਾਂ ਨੇ ਬੋਟ ਕਲੱਬ ਨੂੰ ਇਕ ਹਫ਼ਤੇ ਲਈ ਘੇਰੀ ਰੱਖਿਆ। ਉਹ ਆਪਣੇ ਟਰੈਕਟਰਾਂ, ਪਸ਼ੂਆਂ ਸਮੇਤ ਉੱਥੇ ਹੀ ਰਹੇ। ਇਸ ਨਾਲ ਪੂਰੀ ਲੁਟੀਅਨ ਦਿੱਲੀ, ਨਾਰਥ ਬਲਾਕ, ਸਾਊਥ ਬਲਾਕ ਜਾਮ ਹੋ ਗਿਆ ਅਤੇ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਮੰਨਣੀਆਂ ਪਈਆਂ। ਇਸ ਤੋਂ ਬਾਅਦ ਸਰਕਾਰ ਨੇ ਬੋਟ ਕਲੱਬ 'ਤੇ ਧਰਨਿਆਂ 'ਤੇ ਹਮੇਸ਼ਾ ਲਈ ਪਾਬੰਦੀ ਲਗਾ ਦਿੱਤੀ ਅਤੇ 1993 'ਚ ਜੰਤਰ-ਮੰਤਰ ਰੋਡ ਨੂੰ ਨਵਾਂ ਅਧਿਕਾਰਤ ਧਰਨਾ ਸਥਾਨ ਬਣਾ ਦਿੱਤਾ ਗਿਆ।

ਮੋਦੀ ਦੀ ਦਿੱਲੀ ਪੁਲਿਸ ਜੁੱਤੇ ਪਾ ਕੇ ਅਤੇ ਨੰਗੇ ਸਿਰ ਗੁਰਦੁਆਰਾ ਬੰਗਲਾ ਸਾਹਿਬ 'ਚ ਦਾਖਲ ਹੋਈ

ਗੁਰੂ ਘਰ ਦੀ ਪਵਿੱਤਰਤਾ ਦੀ ਉਲੰਘਣਾ ਕੀਤੀ : ਸੰਧਵਾਂ

ਜਿਵੇਂ ਕਾਂਗਰਸ ਨੇ 1984 ਵਿੱਚ ਆਪ੍ਰੇਸ਼ਨ ਬਲੂ ਸਟਾਰ ਰਾਹੀਂ ਸਿੱਖਾਂ ਨੂੰ ਪੀੜਾ ਦਿੱਤੀ ਸੀ, ਕੀ ਹੁਣ ਭਾਜਪਾ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਜੀ ਦੀ ਪਵਿੱਤਰਤਾ ਨੂੰ ਭੰਗ ਕਰਨਾ ਚਾਹੁੰਦੀ ਹੈ ? : ਹਰਪਾਲ ਸਿੰਘ ਚੀਮਾ

ਨਵੀਂ ਦਿੱਲੀ : ਆਮ ਆਦਮੀ ਪਾਰਟੀ (ਆਪ) ਨੇ ਵੋਟਾਂ ਦੀ ਚੋਰੀ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈਣ ਲਈ ਮੋਦੀ ਦੀ ਦਿੱਲੀ ਪੁਲਿਸ ਵੱਲੋਂ ਜੁੱਤੇ ਪਾ ਕੇ, ਨੰਗੇ ਸਿਰ ਅਤੇ ਹੱਥਾਂ ਵਿੱਚ ਡੰਡੇ ਲੈ ਕੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿੱਚ ਦਾਖਲ ਹੋਣ ਦੀ ਸਖ਼ਤ ਨਿੰਦਾ ਕੀਤੀ ਹੈ। ਪਾਰਟੀ ਨੇ ਇਸ ਨੂੰ ਗੁਰੂ ਘਰ ਦੀ ਪਵਿੱਤਰਤਾ ਦੀ ਉਲੰਘਣਾ ਅਤੇ ਸਿੱਖ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਕਰਾਰ ਦਿੱਤਾ ਹੈ। 'ਆਪ' ਨੇ ਸਵਾਲ ਕੀਤਾ ਕਿ ਕੀ ਭਾਜਪਾ 1984 ਵਿੱਚ ਆਪ੍ਰੇਸ਼ਨ ਬਲੂ ਸਟਾਰ ਦੌਰਾਨ ਸਿੱਖ ਭਾਈਚਾਰੇ ਨੂੰ ਦਿੱਤੇ ਗਏ ਦੁੱਖਾਂ ਵਾਂਗ ਹੀ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕਰਨਾ ਚਾਹੁੰਦੀ ਹੈ। ਪਾਰਟੀ ਨੇ ਇੱਕ ਸਿੱਖ ਪ੍ਰਦਰਸ਼ਨਕਾਰੀ ਨੂੰ ਸੜਕਾਂ 'ਤੇ ਘਸੀਟਣ ਅਤੇ ਉਸ ਦੀ ਪੈਂਟ ਪਾੜਨ ਦੀ ਘਟਨਾ ਦੀ ਵੀ ਨਿੰਦਾ ਕੀਤੀ, ਜਦਕਿ ਪੁਲਿਸ ਕਾਰਵਾਈ 'ਤੇ ਚੁੱਪੀ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਭਾਜਪਾ 'ਤੇ ਸਿੱਖ ਧਾਰਮਿਕ ਪਰੰਪਰਾਵਾਂ ਅਤੇ ਗੁਰੂ ਘਰ ਦੀ ਪਵਿੱਤਰਤਾ ਨੂੰ ਅਣਡਿੱਠ ਕਰਨ ਦਾ ਦੋਸ਼ ਲਗਾਇਆ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ, 'ਮੋਦੀ ਸਰਕਾਰ ਦੇ ਰਾਜ ਵਿੱਚ ਦਿੱਲੀ ਪੁਲਿਸ ਵੱਲੋਂ ਇੱਕ ਸ਼ਰਮਨਾਕ ਕਾਰਾ ਕੀਤਾ ਗਿਆ ਹੈ। ਵੋਟਾਂ ਦੀ ਚੋਰੀ ਵਿਰੁੱਧ ਆਵਾਜ਼ ਉਠਾਉਣ ਵਾਲੇ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈਣ ਲਈ ਪੁਲਿਸ ਮੁਲਾਜ਼ਮ ਨੰਗੇ ਸਿਰ ਅਤੇ ਜੁੱਤੇ ਪਾ ਕੇ ਪਵਿੱਤਰ ਅਸਥਾਨ ਦੇ ਅੰਦਰ ਦਾਖਲ ਹੋਏ ਅਤੇ ਧਾਰਮਿਕ ਅਸਥਾਨ ਦੀ ਪਵਿੱਤਰਤਾ ਨੂੰ ਭੰਗ ਕੀਤਾ।'

ਸੀਨੀਅਰ 'ਆਪ' ਆਗੂ ਅਤੇ ਪੰਜਾਬ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, 'ਜਿਵੇਂ ਕਾਂਗਰਸ ਨੇ 1984 ਵਿੱਚ ਆਪ੍ਰੇਸ਼ਨ ਬਲੂ ਸਟਾਰ ਰਾਹੀਂ ਸਿੱਖ ਭਾਈਚਾਰੇ ਨੂੰ ਭਾਰੀ ਪੀੜਾ ਦਿੱਤੀ ਸੀ, ਕੀ ਹੁਣ ਭਾਜਪਾ ਵੀ ਦਿੱਲੀ ਦੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਜੀ ਦੀ ਪਵਿੱਤਰਤਾ ਨੂੰ ਉਸੇ ਤਰ੍ਹਾਂ ਭੰਗ ਕਰਨਾ ਚਾਹੁੰਦੀ ਹੈ? ਅਸੀਂ ਅਜਿਹੀ ਸਿਆਸਤ ਨੂੰ ਕਦੇ ਬਰਦਾਸ਼ਤ ਨਹੀਂ ਕਰਾਂਗੇ ਜੋ ਸਿੱਖ ਕੌਮ ਦੇ ਜ਼ਖ਼ਮਾਂ ਨੂੰ ਛੂੰਘਾ ਕਰੇ।'

'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ, 'ਦਿੱਲੀ ਪੁਲਿਸ ਅੱਜ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਦਾਖਲ ਹੋਈ, ਪਰ ਇਸ ਮਾਮਲੇ 'ਤੇ ਹੁਣ ਤੱਕ ਹਰ ਕੋਈ ਚੁੱਪ ਹੈ।'

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ, 'ਗੁਰਦੁਆਰਾ ਬੰਗਲਾ ਸਾਹਿਬ ਦੀ ਪਵਿੱਤਰਤਾ ਨੂੰ ਅਣਡਿੱਠ ਕਰਕੇ, ਭਾਜਪਾ ਦੀ ਦਿੱਲੀ ਪੁਲਿਸ ਨੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ। ਵੋਟਾਂ ਦੀ ਚੋਰੀ ਵਿਰੁੱਧ ਆਵਾਜ਼ ਉਠਾਉਣ ਵਾਲੇ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਜੁੱਤੇ ਪਾ ਕੇ, ਨੰਗੇ ਸਿਰ ਅਤੇ ਡੰਡੇ ਲੈ ਕੇ ਗੁਰੂ ਘਰ ਅੰਦਰ ਵੜਨਾ ਬਹੁਤ ਨਿੰਦਣਯੋਗ ਹੈ। ਗੁਰਦੁਆਰਾ ਹਰ ਕਿਸੇ ਲਈ ਸ਼ਰਨ ਸਥਾਨ ਹੈ, ਨਾ ਕਿ ਪੁਲਿਸ ਦੀ ਧੱਕੇਸ਼ਾਹੀ ਦਿਖਾਉਣ ਦੀ ਜਗ੍ਹਾ। ਭਾਜਪਾ ਦੀਆਂ ਕਾਰਵਾਈਆਂ ਨੇ ਇੱਕ ਵਾਰ ਫਿਰ ਸਿੱਖ ਧਾਰਮਿਕ ਪਰੰਪਰਾਵਾਂ ਅਤੇ ਗੁਰੂ ਘਰ ਦੀ ਪਵਿੱਤਰਤਾ ਪ੍ਰਤੀ ਉਸਦੀ ਲਾਪਰਵਾਹੀ ਨੂੰ ਨੰਗਾ ਕਰ ਦਿੱਤਾ ਹੈ।'

'ਆਪ' ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ, 'ਪੁਲਿਸ ਨੇ ਗੁਰਦੁਆਰਾ ਬੰਗਲਾ ਸਾਹਿਬ ਦੇ ਅੰਦਰ ਕਾਰਵਾਈ ਕਿਉਂ ਕੀਤੀ? ਅੱਜ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਜੋ ਘਟਨਾ ਵਾਪਰੀ ਹੈ, ਜਿਸ ਵਿੱਚ ਪੁਲਿਸ ਕਰਮਚਾਰੀਥਥ ਕਥਿਤ ਤੌਰ 'ਤੇ ਜੁੱਤੇ ਪਾ ਕੇ, ਡੰਡੇ ਲੈ ਕੇ ਅੰਦਰ ਵੜੇ ਅਤੇ ਲੋਕਾਂ ਨੂੰ ਕੁੱਟਦੇ ਹੋਏ ਬਾਹਰ ਕੱਢਿਆ, ਉਹ ਬਹੁਤ ਗੰਭੀਰ ਹੈ। ਗੁਰਦੁਆਰਾ ਸਾਹਿਬ ਵਰਗੇ ਪਵਿੱਤਰ ਸਥਾਨ 'ਤੇ ਅਜਿਹੀ ਕਾਰਵਾਈ ਕਿਉਂ ਕੀਤੀ ਗਈ? ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐਸਜੀਐਮਸੀ) ਨੂੰ ਇਸਦਾ ਜਵਾਬ ਦੇਣਾ ਚਾਹੀਦਾ ਹੈ।'

ਇਸ ਦੌਰਾਨ, 'ਆਪ' ਦਿੱਲੀ ਯੂਨਿਟ ਦੇ ਪ੍ਰਧਾਨ ਸੌਰਭ ਭਾਰਦਵਾਜ ਨੇ ਇੱਕ ਵੀਡੀਓ ਸਾਂਝੀ ਕੀਤੀ ਹੈ ਜਿਸ ਵਿੱਚ ਕਥਿਤ ਤੌਰ 'ਤੇ ਦਿੱਲੀ ਪੁਲਿਸ ਦੇ ਜਵਾਨ ਇੱਕ ਸਿੱਖ ਪ੍ਰਦਰਸ਼ਨਕਾਰੀ ਨੂੰ ਸੜਕਾਂ 'ਤੇ ਘਸੀਟਦੇ ਹੋਏ ਦਿਖਾਈ ਦੇ ਰਹੇ ਹਨ, ਜਿਸ ਦੌਰਾਨ ਉਸਦੀ ਪੈਂਟ ਉੱਤਰ ਗਈ। ਇਸ ਘਟਨਾ ਦੀ ਨਿੰਦਾ ਕਰਦਿਆਂ ਸੌਰਭ ਭਾਰਦਵਾਜ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਟੈਗ ਕਰਦਿਆਂ ਲਿਖਿਆ, 'ਮੈਨੂੰ ਇਹ ਵੀਡੀਓ ਕਿਸੇ ਤੋਂ ਮਿਲੀ ਹੈ। ਜੇ ਇਹ ਸਚ ਹੈ, ਤਾਂ ਇਹ ਬੇਸ਼ਰਮੀ

ਦੀ ਹੱਦ ਹੈ। ਦਿੱਲੀ ਪੁਲਿਸ ਸਿੱਖ ਪ੍ਰਦਰਸ਼ਨਕਾਰੀਆਂ ਦੇ ਇਸ ਤਰ੍ਹਾਂ ਕੱਪੜੇ ਨਹੀਂ ਲਾਹ ਸਕਦੀ। ਇਸ ਤੋਂ ਪਹਿਲਾਂ ਵੀ, ਜਿਵੇਂ ਕਿ ਸਾਹਮਣੇ ਆਇਆ ਹੈ, ਦਿੱਲੀ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਦੀ ਪੈਂਟ ਲਾਹੁਣ ਦੀ ਕੋਸ਼ਿਸ਼ ਕੀਤੀ। ਇਹ ਬਹੁਤ ਗੰਦਾ ਕੰਮ ਹੈ।'

ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ

ਵਪਾਰ, ਤਕਨਾਲੋਜੀ ਅਤੇ ਊਰਜਾ ਦੇ ਖੇਤਰਾਂ ਵਿੱਚ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਦਿੱਤਾ ਜ਼ੋਰ

ਨਵੀਂ ਦਿੱਲੀ : ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਭਾਰਤ ਅਤੇ ਕੈਨੇਡਾ ਵਿਚਾਲੇ ਵਪਾਰ, ਤਕਨਾਲੋਜੀ ਅਤੇ ਊਰਜਾ ਦੇ ਖੇਤਰਾਂ ਵਿੱਚ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕੀਤੀ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਕੈਨੇਡਾ ਦੇ ਨਾਲ ਇੱਕ ਰਚਨਾਤਮਕ ਅਤੇ ਦੂਰਦਰਸ਼ੀ ਰਣਨੀਤਕ ਭਾਈਵਾਲੀ ਵਿਕਸਤ ਕਰਨ ਲਈ ਵਚਨਬੱਧ ਹੈ, ਜਿਸ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਫਾਇਦਾ ਮਿਲ ਸਕੇ।

ਮੋਦੀ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, "ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੂੰ ਮਿਲ ਕੇ ਖੁਸ਼ੀ ਹੋਈ। ਇਸ ਦੌਰਾਨ ਭਾਰਤ ਅਤੇ ਕੈਨੇਡਾ ਵਿਚਾਲੇ ਵਪਾਰ, ਤਕਨਾਲੋਜੀ, ਸੁਰੱਖਿਆ, ਊਰਜਾ, ਸਿੱਖਿਆ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਾਲੇ ਸੰਪਰਕ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਸਾਰਥਕ ਚਰਚਾ ਹੋਈ।"

ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਅਤੇ ਅਨੀਤਾ ਆਨੰਦ ਨੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਵਪਾਰ, ਵਿਗਿਆਨ, ਤਕਨਾਲੋਜੀ, ਰੱਖਿਆ, ਸੁਰੱਖਿਆ, ਊਰਜਾ, ਸਿੱਖਿਆ, ਦੋਵਾਂ ਦੇਸ਼ਾਂ ਦੇ ਲੋਕਾਂ ਵਿਚਾਲੇ ਆਪਸੀ ਸੰਪਰਕ ਅਤੇ ਬਹੁ-ਪੱਖੀ ਸਹਿਯੋਗ ਸਮੇਤ ਸਾਂਝੇ ਹਿੱਤਾਂ ਦੇ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ ਵਧਾਉਣ ਲਈ ਜਾਰੀ ਯਤਨਾਂ 'ਤੇ ਚਰਚਾ ਕੀਤੀ।

ਪ੍ਰਧਾਨ ਮੰਤਰੀ ਨੇ ਦੁਵੱਲੀ ਗੱਲਬਾਤ ਜਾਰੀ ਰੱਖਣ ਅਤੇ ਇਸ ਨੂੰ ਠੋਸ ਨਤੀਜਿਆਂ ਵਿੱਚ ਬਦਲਣ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ, ਜਿਸ ਵਿੱਚ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ (ਸੀ ਈ ਪੀ ਏ - CEPA) 'ਤੇ ਗੱਲਬਾਤ ਨੂੰ ਜਲਦ ਤੋਂ ਜਲਦ ਪੂਰਾ ਕਰਨਾ ਵੀ ਸ਼ਾਮਲ ਹੈ।

ਮੋਦੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਉਹ ਉਨ੍ਹਾਂ ਨਾਲ ਅੱਗੇ ਵੀ ਗੱਲਬਾਤ ਜਾਰੀ ਰੱਖਣ ਦੇ ਚਾਹਵਾਨ ਹਨ। ਇਹ ਮੁਲਾਕਾਤ ਮੋਦੀ ਅਤੇ ਕਾਰਨੀ ਵਿਚਾਲੇ ਫੋਨ 'ਤੇ ਹੋਈ ਗੱਲਬਾਤ ਤੋਂ ਇੱਕ ਦਿਨ ਬਾਅਦ ਹੋਈ ਹੈ।

ਮੰਗਲਵਾਰ ਨੂੰ ਕਾਰਨੀ ਨਾਲ ਫੋਨ 'ਤੇ ਗੱਲਬਾਤ ਤੋਂ ਬਾਅਦ ਮੋਦੀ ਨੇ ਕਿਹਾ ਸੀ ਕਿ ਭਾਰਤ ਅਤੇ ਕੈਨੇਡਾ ਮਿਲ ਕੇ ਇੱਕ 'ਵਧੇਰੇ ਸਥਿਰ ਅਤੇ ਖੁਸ਼ਹਾਲ ਦੁਨੀਆ' ਬਣਾਉਣ ਵਿੱਚ ਯੋਗਦਾਨ ਪਾ ਰਹੇ ਹਨ।

ਦਿੱਲੀ ਗੁਰਦੁਆਰਾ ਕਮੇਟੀ ਨੇ 'ਆਪ' ਆਗੂਆਂ ਖ਼ਿਲਾਫ਼ ਪੁਲਿਸ ਸ਼ਿਕਾਇਤ ਕਰਵਾਈ ਦਰਜ

ਹਰਮੀਤ ਸਿੰਘ ਕਾਲਕਾ ਦੀ ਅਗਵਾਈ ਹੇਠ ਵਫ਼ਦ ਨੇ ਡੀ ਸੀ ਪੀ ਦਫ਼ਤਰ ਪਹੁੰਚ ਕੇ ਸੌਂਪੀ ਸ਼ਿਕਾਇਤ; ਵੀਡੀਓ ਸਬੂਤ ਵੀ ਕੀਤੇ ਪੇਸ਼

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ ਐੱਸ ਜੀ ਐੱਮ ਸੀ) ਨੇ ਮੁੱਖ ਚੋਣ ਕਮਿਸ਼ਨਰ (ਸੀ ਈ ਸੀ) ਵਿਰੋਧੀ ਪ੍ਰਦਰਸ਼ਨਾਂ ਦੌਰਾਨ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਕਥਿਤ ਵਿਘਨ ਪਾਉਣ ਅਤੇ 'ਗੁੰਮਰਾਹਕੁੰਨ' ਵੀਡੀਓਜ਼ ਫੈਲਾਉਣ ਦੇ ਦੋਸ਼ ਹੇਠ ਅਰਵਿੰਦ ਕੇਜਰੀਵਾਲ ਸਮੇਤ 'ਆਪ' ਆਗੂਆਂ ਖ਼ਿਲਾਫ਼ ਪੁਲੀਸ ਸ਼ਿਕਾਇਤ ਦਰਜ ਕਰਵਾਈ ਹੈ।

ਮੁੱਖ ਚੋਣ ਕਮਿਸ਼ਨਰ (ਸੀ ਈ ਸੀ) ਗਿਆਨੇਸ਼ ਕੁਮਾਰ ਖ਼ਿਲਾਫ਼ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਲਈ ਜੰਤਰ-ਮੰਤਰ ਪਹੁੰਚਣ ਦੀ ਕੋਸ਼ਿਸ਼ ਦੌਰਾਨ ਸ਼ਨਿੱਚਰਵਾਰ ਨੂੰ ਵੱਡੀ ਗਿਣਤੀ ਵਿੱਚ ਪ੍ਰਦਰਸ਼ਨਕਾਰੀ ਗੁਰਦੁਆਰੇ ਦੇ ਅੰਦਰ ਇਕੱਠੇ ਹੋ ਗਏ ਸਨ। ਡੀਐੱਸਜੀਐੱਮਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਹੈ ਕਿ ਆਮ ਆਦਮੀ ਪਾਰਟੀ ਨਾਲ ਸਬੰਧਤ ਵਰਕਰ ਅਤੇ ਸਮਰਥਕ ਗੁਰਦੁਆਰੇ ਦੇ ਅੰਦਰ ਦਾਖ਼ਲ ਹੋਏ ਤੇ ਉੱਥੇ ਧਰਨਾ-ਪ੍ਰਦਰਸ਼ਨ ਸ਼ੁਰੂ ਕਰ ਦਿੱਤਾ, ਜਿਸ ਨਾਲ ਹਫੜਾ-ਦਫੜੀ ਦੇ ਨਾਲ ਵਿਘਨ ਪਿਆ ਅਤੇ ਇਸ ਤਰ੍ਹਾਂ ਸਿਆਸੀ ਗਤੀਵਿਧੀਆਂ ਲਈ 'ਗੁਰੂ ਘਰ' ਦੀ ਪਵਿੱਤਰਤਾ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਗਈ।

ਸ਼ਿਕਾਇਤ ਵਿੱਚ ਕਿਹਾ ਗਿਆ ਹੈ, 'ਪ੍ਰਦਰਸ਼ਨਕਾਰੀਆਂ ਨੇ ਪਵਿੱਤਰ ਸਥਾਨ ਦੇ ਅੰਦਰ ਸਿਆਸੀ ਨਾਅਰੇਬਾਜ਼ੀ ਵੀ ਕੀਤੀ, ਜਿਸ ਨਾਲ ਧਾਰਮਿਕ ਮਾਹੌਲ ਖ਼ਰਾਬ ਹੋਇਆ ਅਤੇ ਗੁਰੂ ਘਰ ਦੀ ਪਵਿੱਤਰਤਾ ਤੇ ਮਰਿਆਦਾ ਦੀ ਉਲੰਘਣਾ ਹੋਈ। ਇਸ ਪਵਿੱਤਰ ਅਸਥਾਨ ਦੇ ਅੰਦਰ ਅਜਿਹੀ ਜਾਣਬੁੱਝ ਕੇ ਕੀਤੀ ਗਈ ਸਿਆਸੀ ਗਤੀਵਿਧੀ ਨੇ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ ਹੈ।'

ਪ੍ਰਧਾਨ ਹਰਮੀਤ ਸਿੰਘ ਕਾਲਕਾ ਸਮੇਤ ਡੀ ਐੱਸ ਜੀ ਐੱਮ ਸੀ ਅਹੁਦੇਦਾਰਾਂ ਦੇ ਇੱਕ ਵਫ਼ਦ ਨੇ ਡਿਪਟੀ ਕਮਿਸ਼ਨਰ ਆਫ਼ ਪੁਲੀਸ (ਡੀ ਸੀ ਪੀ) ਦਫ਼ਤਰ, ਨਵੀਂ ਦਿੱਲੀ ਜ਼ਿਲ੍ਹਾ ਵਿਖੇ ਸ਼ਿਕਾਇਤ ਸੌਂਪੀ ਅਤੇ ਗੁਰਦੁਆਰਾ ਬੰਗਲਾ ਸਾਹਿਬ ਦੇ ਅੰਦਰ ਪ੍ਰਦਰਸ਼ਨਕਾਰੀਆਂ ਨੂੰ ਦਿਖਾਉਂਦੀਆਂ ਵੀਡੀਓਜ਼ ਵੀ ਪੇਸ਼ ਕੀਤੀਆਂ।

ਦਿੱਲੀ ਕਮੇਟੀ ਨੇ ਮੰਗ ਕੀਤੀ, 'ਅਸੀਂ ਦਿੱਲੀ ਪੁਲੀਸ ਨੂੰ ਬੇਨਤੀ ਕਰਦੇ ਹਾਂ ਕਿ ਉਹ ਵੀਡੀਓਜ਼ ਰਾਹੀਂ ਇਨ੍ਹਾਂ ਵਿਅਕਤੀਆਂ ਵਿੱਚੋਂ ਹਰੇਕ ਦੀ ਪਛਾਣ ਕਰੇ, ਇਹ ਪਤਾ ਲਗਾਵੇ ਕਿ ਕਿਸ ਨੇ ਉਨ੍ਹਾਂ ਨੂੰ ਲਾਮਬੰਦ ਕੀਤਾ, ਇਕੱਠਾ ਕੀਤਾ ਅਤੇ ਗੁਰਦੁਆਰਾ ਕੰਪਲੈਕਸ ਵਿੱਚ ਦਾਖਲ ਹੋਣ ਲਈ ਨਿਰਦੇਸ਼ ਦਿੱਤੇ। ਇਸ ਵਿੱਚ ਸ਼ਾਮਲ ਸਾਰੇ ਲੋਕਾਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕਰੇ।'

ਸ਼ਿਕਾਇਤ ਵਿੱਚ ਇਹ ਵੀ ਕਿਹਾ ਗਿਆ ਹੈ ਕਿ 'ਆਪ' ਆਗੂਆਂ ਅਤੇ ਵਿਧਾਇਕਾਂ ਨੇ ਘਟਨਾ ਦਾ 'ਤੋੜ-ਮਰੋੜ ਕੇ ਪੇਸ਼ ਕੀਤਾ ਰੂਪ' ਸੋਸ਼ਲ ਮੀਡੀਆ 'ਤੇ ਵੀਡੀਓ ਰਾਹੀਂ ਫੈਲਾਇਆ ਅਤੇ ਖੁਦ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਦੋਸ਼ ਮੜ੍ਹ ਦਿੱਤਾ। ਸ਼ਿਕਾਇਤ ਮੁਤਾਬਕ, 'ਅਰਵਿੰਦ ਕੇਜਰੀਵਾਲ ਨੇ ਵੀ ਜਨਤਕ ਤੌਰ 'ਤੇ ਇਸ ਬਿਰਤਾਂਤ ਦਾ ਸਮਰਥਨ ਕੀਤਾ ਅਤੇ ਇਸ ਨੂੰ ਹਵਾ ਦਿੱਤੀ।'

ਕਾਲਕਾ ਨੇ ਕਿਹਾ ਕਿ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਬੰਗਲਾ ਸਾਹਿਬ ਗੁਰਦੁਆਰੇ ਆਏ ਸਨ ਤਾਂ ਉਨ੍ਹਾਂ ਨਾਲ ਆਏ ਪੁਲੀਸ ਮੁਲਾਜ਼ਮਾਂ ਨੇ ਜੁੱਤੀਆਂ ਪਾਈਆਂ ਹੋਈਆਂ ਸਨ। ਉਨ੍ਹਾਂ ਕਿਹਾ ਕਿ ਦਿੱਲੀ ਪੁਲੀਸ ਦੇ ਮੁਲਾਜ਼ਮ, ਜੋ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈਣ ਲਈ ਗੁਰਦੁਆਰੇ ਵਿੱਚ ਦਾਖ਼ਲ ਹੋਏ ਸਨ, ਉਨ੍ਹਾਂ ਨੇ ਕੰਪਲੈਕਸ ਦੇ ਅੰਦਰਲੇ ਰਸਤੇ ਦੀ ਵਰਤੋਂ ਕੀਤੀ ਅਤੇ ਉਹ ਬੰਗਲਾ ਸਾਹਿਬ ਦੇ ਦਰਬਾਰ ਹਾਲ ਵਿੱਚ ਨਹੀਂ ਗਏ ਸਨ। ਹਾਲਾਂਕਿ, ਉਨ੍ਹਾਂ ਕਿਹਾ ਕਿ ਪੁਲੀਸ ਮੁਲਾਜ਼ਮਾਂ ਨੂੰ ਵਰਦੀ ਪਾ ਕੇ ਗੁਰਦੁਆਰਾ ਕੰਪਲੈਕਸ ਵਿੱਚ ਦਾਖਲ ਨਹੀਂ ਹੋਣਾ ਚਾਹੀਦਾ ਸੀ।

ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਉਣ ਵਾਲੇ ਪਰਵਿੰਦਰ ਸਿੰਘ ਝੋਟਾ ਦੀ ਮੈਡੀਕਲ ਸਟੋਰ ਦੇ ਮਾਲਕ ਵਲੋਂ ਗੋਲੀਆਂ ਮਾਰ ਕੇ ਹੱਤਿਆ



ਮਾਨਸਾ : ਸਥਾਨਕ ਸ਼ਹਿਰ 'ਚ ਉਦੋਂ ਸਹਿਮ ਫੈਲ ਗਿਆ ਜਦੋਂ ਇਕ ਦਵਾਈ ਵਿਕਰੇਤਾ ਨੇ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਉਣ ਵਾਲੇ ਨੌਜਵਾਨ ਤੇ ਐਂਟੀ ਡਰੱਗ ਫੋਰਸ ਦੇ ਸੰਚਾਲਕ ਪਰਵਿੰਦਰ ਸਿੰਘ ਝੋਟਾ (43) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਗੋਲੀਬਾਰੀ 'ਚ ਝੋਟਾ ਦੇ 4 ਸਾਥੀ ਵੀ ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ 'ਚੋਂ ਇਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਹੱਤਿਆ ਤੋਂ ਬਾਅਦ ਦੋਸ਼ੀ ਅਸ਼ਵਨੀ ਕੁਮਾਰ ਫਰਾਰ ਹੋ ਗਿਆ। ਬਾਅਦ 'ਚ ਪੁਲਿਸ ਨੇ ਉਸ ਦੇ ਇਕ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਹਿਰਾਸਤ 'ਚ ਲੈ ਲਿਆ। ਦੱਸਣਯੋਗ ਹੈ ਕਿ ਪਰਵਿੰਦਰ ਸਿੰਘ ਵਲੋਂ ਪਿਛਲੇ ਵਰ੍ਹ ਆਂ ਤੋਂ ਮਾਲਵਾ ਖੇਤਰ ਦੇ ਇਧਰਲੇ ਜ਼ਿਲ੍ਹਿਆਂ 'ਚ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਨਸ਼ਿਆਂ ਦੇ ਵਿਰੋਧ 'ਚ ਮੁਹਿੰਮ ਚਲਾਈ ਹੋਈ ਸੀ। ਅੱਜ ਜਦੋਂ ਝੋਟੇ ਦੀ ਟੀਮ ਨੂੰ ਸ਼ਹਿਰ ਦੇ ਰੇਲਵੇ ਫਾਟਕ ਨਜ਼ਦੀਕ ਅਸ਼ਵਨੀ ਮੈਡੀਕੋਜ਼ ਤੋਂ ਇਕ ਬਜ਼ੁਰਗ ਵਲੋਂ ਨਸ਼ੇ ਵਾਲੇ ਕੈਪਸੂਲ ਖ਼ਰੀਦਣ ਦੀ ਸੂਹ ਮਿਲੀ ਤਾਂ ਉਹ ਦਵਾਈ ਵਿਕਰੇਤਾ ਦੀ ਦੁਕਾਨ 'ਤੇ ਪਹੁੰਚ ਗਏ। ਉਨ੍ਹਾਂ ਦੀ ਉਸ ਨਾਲ ਬਹਿਸਬਾਜ਼ੀ ਹੋ ਗਈ। ਦੁਕਾਨ ਮਾਲਕ ਅਸ਼ਵਨੀ ਕੁਮਾਰ ਨੇ ਤੂੰ-ਤੂੰ ਮੈਂ-ਮੈਂ ਦੇ ਚੱਲਦਿਆਂ ਪਿਸਤੌਲ ਕੱਢ ਲਿਆ ਤਾਂ ਝੋਟੇ ਨੇ ਕਿਹਾ ਕਿ ਮੇਰੇ ਗੋਲੀ ਮਾਰ। ਬਹਿਸਬਾਜ਼ੀ ਇਥੋਂ ਤੱਕ ਪਹੁੰਚ ਗਈ ਕਿ ਜਦੋਂ ਪਰਵਿੰਦਰ ਦੁਕਾਨ ਤੋਂ ਮੁੜਨ ਲੱਗਾ ਤਾਂ ਅਸ਼ਵਨੀ ਕੁਮਾਰ ਨੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ ਜੋ ਨੌਜਵਾਨਾਂ ਨੂੰ ਖਹਿ ਕੇ ਲੰਘ ਗਈ। ਇਸੇ ਦੌਰਾਨ ਉਸ ਨੇ ਇਕ ਹੋਰ ਗੋਲੀ ਝੋਟੇ ਦੇ ਪੱਟ 'ਚ ਮਾਰ ਦਿੱਤੀ। ਪਰਵਿੰਦਰ ਸਿੰਘ ਝੋਟਾ ਭੱਜ ਕੇ ਨੇੜੇ ਹੀ ਬੂਟਾਂ ਵਾਲੀ ਦੁਕਾਨ 'ਚ ਜਾ ਵੜਿਆ। ਦਵਾਈ ਵਿਕਰੇਤਾ ਵੀ ਹਥਿਆਰ ਲੈ ਕੇ ਦੁਕਾਨ 'ਚ ਪਹੁੰਚ ਗਿਆ ਅਤੇ ਉਸ ਨੇ 2 ਹੋਰ ਫਾਇਰ ਝੋਟੇ 'ਤੇ ਦਾਗ਼ ਦਿੱਤੇ। ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਮਾਨਸਾ ਵਿਖੇ ਦਾਖ਼ਲ ਕਰਵਾਇਆ ਗਿਆ, ਜਿਥੇ ਪਰਵਿੰਦਰ ਸਿੰਘ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਦੂਸਰੇ ਪਾਸੇ 4 ਨੌਜਵਾਨਾਂ 'ਚੋਂ ਇਕ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਬਾਹਰਲੇ ਹਸਪਤਾਲ ਲਈ ਰੈਫ਼ਰ ਕਰ ਦਿੱਤਾ ਗਿਆ। ਜਿਉਂ ਹੀ ਘਟਨਾ ਦੀ ਜਾਣਕਾਰੀ ਦੀ ਸੋਸ਼ਲ, ਬਿਜਲਈ ਤੇ ਪ੍ਰਿੰਟ ਮੀਡੀਆ ਵਲੋਂ ਬ੍ਰੇਕਿੰਗ ਨਿਊਜ਼ ਚਲਾਈ ਗਈ ਤਾਂ ਪੂਰੇ ਪੰਜਾਬ 'ਚ ਚਰਚਾ ਫੈਲ ਗਈ ਤੇ ਆਮ ਲੋਕਾਂ ਤੋਂ ਇਲਾਵਾ ਸਿਆਸੀ ਤੇ ਸਮਾਜਿਕ ਕਾਰਕੁਨਾਂ ਨੇ ਝੋਟੇ ਦੇ ਹੱਕ 'ਚ ਸੋਸ਼ਲ ਮੀਡੀਆ 'ਤੇ ਪੋਸਟਾਂ ਪਾ ਕੇ ਹਨੇਰੀ ਲਿਆ ਦਿੱਤੀ। ਉੱਧਰ ਸ਼ਹਿਰੀ ਤੇ ਪਰਵਿੰਦਰ ਦੇ ਸਮਰਥਕ ਹਸਪਤਾਲ ਪਹੁੰਚ ਗਏ, ਜਿਥੇ ਉਨ੍ਹਾਂ ਪੁਲਿਸ ਤੇ ਸਰਕਾਰ ਖ਼ਿਲਾਫ਼ ਤਿੱਖੀ ਨਾਅਰੇਬਾਜ਼ੀ ਕੀਤੀ। ਇਕੱਠੇ ਹੋਏ ਲੋਕਾਂ ਨੇ ਬਾਰ੍ਹਾਂ ਹੱਟਾਂ ਚੌਕ 'ਚ ਧਰਨਾ ਲਗਾ ਲਿਆ ਅਤੇ ਮੌਕੇ 'ਤੇ ਲੱਖਾ ਸਿਧਾਣਾ, ਭਾਨਾ ਸਿੱਧੂ ਆਦਿ ਝੋਟੇ ਦੇ ਸਾਥੀ ਪਹੁੰਚ ਗਏ, ਜਿਨ੍ਹਾਂ ਸ਼ਹਿਰ 'ਚ ਰੋਸ ਮਾਰਚ ਕੱਢਣ ਉਪਰੰਤ ਬਰਨਾਲਾ-ਸਿਰਸਾ ਮੁੱਖ ਮਾਰਗ 'ਤੇ ਤਿੰਨਕੋਨੀ ਕੋਲ ਰੋਸ ਧਰਨਾ ਲਗਾ ਲਿਆ। ਇਹ ਧਰਨਾ ਦੇਰ ਸ਼ਾਮ ਖ਼ਬਰ ਲਿਖਣ ਤੱਕ ਜਾਰੀ ਸੀ। ਸੰਘਰਸ਼ਕਾਰੀਆਂ ਨੇ ਐਲਾਨ ਕੀਤਾ ਕਿ ਸਖ਼ਤ ਕਾਰਵਾਈ ਕਰਨ ਦੇ ਨਾਲ ਹੀ ਮੁੱਖ ਮੰਗਾਂ ਮੰਨਣ ਤੱਕ ਮ੍ਰਿਤਕ ਦਾ ਪੋਸਟਮਾਰਟਮ ਨਹੀਂ ਕਰਵਾਇਆ ਜਾਵੇਗਾ ਤੇ ਧਰਨਾ ਨਿਰੰਤਰ ਜਾਰੀ ਰਹੇਗਾ। ਕਾਬਲੇ-ਗ਼ੌਰ ਰਹੇ ਕਿ ਜੁਲਾਈ 2023 'ਚ ਨਸ਼ੀਲੀਆਂ ਦਵਾਈਆਂ ਫੜ ਕੇ ਝੋਟੇ ਨੇ ਉਕਤ ਦੁਕਾਨਦਾਰ ਦੇ ਗਲ 'ਚ ਜੁੱਤੀਆਂ ਦਾ ਹਾਰ ਪਾ ਕੇ ਸ਼ਹਿਰ 'ਚ ਘੁਮਾਇਆ ਸੀ। ਉਦੋਂ ਤੋਂ ਝੋਟੇ ਵਲੋਂ ਇਸ ਦੁਕਾਨਦਾਰ ਦੀਆਂ ਗਤੀਵਿਧੀਆਂ 'ਤੇ ਵਿਸ਼ੇਸ਼ ਨਜ਼ਰ ਰੱਖੀ ਹੋਈ ਸੀ। ਅੱਜ ਸ਼ਹਿਰ 'ਚ ਸਾਰਾ ਦਿਨ ਸਹਿਮ ਵਾਲਾ ਮਾਹੌਲ ਸੀ ਅਤੇ ਦੁਕਾਨਦਾਰਾਂ ਵਲੋਂ ਆਪਣੀਆਂ ਦੁਕਾਨਾਂ ਬੰਦ ਰੱਖੀਆਂ ਗਈਆਂ। ਮੁੱਖ ਮਾਰਗ 'ਤੇ ਜਾਮ ਲੱਗਣ ਕਰ ਕੇ ਆਵਾਜਾਈ ਵੀ ਪੁਲਿਸ ਨੂੰ ਇੱਧਰੋ-ਉੱਧਰੋਂ ਦੀ ਲੰਘਾਉਣੀ ਪਈ। ਪਰਿਵਾਰਕ ਮੈਂਬਰਾਂ ਅਤੇ ਸਮਰਥਕਾਂ ਨੇ ਪਰਵਿੰਦਰ ਦੀ ਮ੍ਰਿਤਕ ਦੇਹ ਸੌਂਪਣ ਦੀ ਮੰਗ ਕੀਤੀ ਪਰ ਪੁਲਿਸ ਨੇ ਲਾਸ਼ ਉਨ੍ਹਾਂ ਦੇ ਹਵਾਲੇ ਨਹੀਂ ਕੀਤੀ।

‘ਮੇਰੇ ਪੁੱਤ ਦੀ ਜਾਨ ਨੂੰ ਖ਼ਤਰਾ ਹੈ..’, ਪਰਵਿੰਦਰ ਝੋਟਾ ਦੇ ਖ਼ੌਫ਼ਜ਼ਦਾ ਪਿਤਾ ਨੇ ਲਾਈ ਸੀ ਗੁਹਾਰ

ਪਰਵਿੰਦਰ ਸਿੰਘ ਝੋਟਾ ਨੇ ਪਹਿਲਾਂ ਹੀ ਖ਼ਤਰਾ ਭਾਪ ਲਿਆ ਸੀ

ਚੰਡੀਗੜ੍ਹ : 'ਮੇਰੇ ਪੁੱਤ ਦੀ ਜਾਨ ਨੂੰ ਖ਼ਤਰਾ ਹੈ, ਕੁੱਝ ਤਾਂ ਕਰੋ..'। ਇਹ ਗੁਹਾਰ ਭੀਮ ਸਿੰਘ ਫ਼ੌਜੀ ਦੀ ਸੀ, ਜਿਸ ਨੂੰ ਅਣਸੁਣੀ ਕਰ ਦਿੱਤਾ ਗਿਆ ਸੀ। ਜੇਕਰ ਉਸ ਦੀ ਅਰਜ਼ੀ 'ਤੇ ਸਮੇਂ ਸਿਰ ਸਰਕਾਰੀ ਦਰਬਾਰੇ ਗ਼ੌਰ ਹੁੰਦੀ ਤਾਂ ਅੱਜ ਇਸ ਸਾਬਕਾ ਫ਼ੌਜੀ ਭੀਮ ਸਿੰਘ ਦੇ ਪੁੱਤ ਪਰਵਿੰਦਰ ਸਿੰਘ ਝੋਟਾ ਨੂੰ ਜਾਨ ਨਾ ਗੁਆਉਣੀ ਪੈਂਦੀ। ਐਂਟੀ ਡਰੱਗ ਟਾਸਕ ਫ਼ੋਰਸ ਦਾ ਮੈਂਬਰ ਪਰਵਿੰਦਰ ਸਿੰਘ ਝੋਟਾ 2021-22 ਤੋਂ ਨਸ਼ਾ ਤਸਕਰਾਂ ਖ਼ਿਲਾਫ਼ ਜੰਗ ਲੜ ਰਿਹਾ ਸੀ। ਉਸ ਵਿੱਚ ਇਕੱਲਾ ਅੰਨ੍ਹਾ ਜੋਰ ਹੀ ਨਹੀਂ ਸੀ, ਨਿਡਰ ਵੀ ਸਿਰੇ ਦਾ ਸੀ।

ਪੰਜਾਬ ਵਿੱਚ ਜਦੋਂ ਉੱਪਰੋਥਲੀ ਨਸ਼ਾ ਤਸਕਰਾਂ ਹੱਥੋਂ ਕਈ ਕਤਲ ਹੋ ਗਏ ਤਾਂ ਨਸ਼ਾ ਤਸਕਰਾਂ ਖ਼ਿਲਾਫ਼ ਨੰਗੇ ਧੜ ਲੜਨ ਵਾਲੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਨੂੰ ਵੀ ਹੌਲ ਪੈ ਗਿਆ ਸੀ। ਸਾਬਕਾ ਫ਼ੌਜੀ ਭੀਮ ਸਿੰਘ ਨੇ 28 ਜੁਲਾਈ 2023 ਨੂੰ ਪੰਜਾਬ ਦੇ ਰਾਜਪਾਲ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ, ਮਨੁੱਖੀ ਅਧਿਕਾਰ ਕਮਿਸ਼ਨਰ, ਡੀ.ਜੀ.ਪੀ. ਅਤੇ ਆਈ.ਜੀ. ਨੂੰ ਪੱਤਰ ਲਿਖ ਕੇ ਕਿਹਾ ਕਿ 'ਮੇਰੇ ਪੁੱਤ ਦੀ ਜਾਨ ਨੂੰ ਖ਼ਤਰਾ ਹੈ, ਪ੍ਰਸ਼ਾਸਨ ਨਸ਼ਾ ਤਸਕਰਾਂ ਦਾ ਸਾਥ ਦੇ ਰਿਹਾ ਹੈ, ਕੁੱਝ ਕੀਤਾ ਜਾਵੇ।'

ਜਦੋਂ ਕਿਧਰੋਂ ਵੀ ਕੋਈ ਸੁਣਵਾਈ ਨਾ ਹੋਈ ਤਾਂ ਪਰਵਿੰਦਰ ਸਿੰਘ ਝੋਟਾ ਅਤੇ ਉਸ ਦੇ ਪਿਤਾ ਭੀਮ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ 20 ਸਤੰਬਰ 2023 ਨੂੰ ਰਿੱਟ ਪਟੀਸ਼ਨ (CRWP-9486-2023) ਦਾਇਰ ਕਰਕੇ ਜਾਨ-ਮਾਲ ਦੀ ਸੁਰੱਖਿਆ ਦੀ ਗੁਹਾਰ ਲਗਾਈ ਸੀ। ਪਟੀਸ਼ਨ ਵਿੱਚ ਨਸ਼ਾ ਤਸਕਰਾਂ ਅਤੇ ਮਾਨਸਾ ਪੁਲੀਸ ਤੋਂ ਖ਼ਤਰਾ ਦੱਸਿਆ ਗਿਆ ਸੀ। ਪਟੀਸ਼ਨ ਵਿੱਚ ਫ਼ਰੀਦਕੋਟ ਦੇ ਪਿੰਡ ਢਿੱਲਵਾਂ ਖ਼ੁਰਦ, ਬਠਿੰਡਾ ਦੇ ਪਿੰਡ ਭਾਈਰੂਪਾ ਅਤੇ ਸਿਧਾਣਾ ਵਿੱਚ ਨਸ਼ਾ ਤਸਕਰਾਂ ਹੱਥੋਂ ਹੋਏ ਕਤਲਾਂ ਦਾ ਹਵਾਲਾ ਵੀ ਦਿੱਤਾ ਗਿਆ ਸੀ।

ਪਰਵਿੰਦਰ ਸਿੰਘ ਝੋਟਾ ਦੇ ਐਡਵੋਕੇਟ ਲਖਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਉਸ ਵਕਤ ਸਰਕਾਰੀ ਪੱਖ ਨੇ ਪਰਵਿੰਦਰ ਸਿੰਘ ਝੋਟਾ ਨੂੰ ਆਦਤਨ ਅਪਰਾਧੀ ਆਖ ਕੇ ਉਸ ਦੀ ਜਾਨ-ਮਾਲ ਨੂੰ ਕੋਈ ਖ਼ਤਰਾ ਨਾ ਹੋਣ ਦੀ ਗੱਲ ਕਹੀ ਸੀ।

ਲਖਵਿੰਦਰ ਸਿੱਧੂ ਨੇ ਦੱਸਿਆ ਕਿ ਸਰਕਾਰ ਨੇ ਇਹ ਵੀ ਦਲੀਲ ਦਿੱਤੀ ਸੀ ਕਿ ਝੋਟਾ ਨੇ ਆਪਣੇ ਗੁਨਾਹਾਂ ਤੋਂ ਬਚਣ ਲਈ ਅਦਾਲਤ ਦਾ ਬੂਹਾ ਖੜਕਾਇਆ ਹੈ। ਸਿੱਧੂ ਦਾ ਕਹਿਣਾ ਸੀ ਕਿ ਜੇਕਰ ਪੰਜਾਬ ਸਰਕਾਰ ਨੇ ਉਸ ਵੇਲੇ ਸਾਬਕਾ ਫ਼ੌਜੀ ਭੀਮ ਸਿੰਘ ਦੀ ਅਰਜ਼ੀ ਨੂੰ ਗੰਭੀਰਤਾ ਨਾਲ ਲਿਆ ਹੁੰਦਾ ਤਾਂ ਅੱਜ ਇਹ ਭਾਣਾ ਨਾ ਵਾਪਰਦਾ।

ਪਰਵਿੰਦਰ ਝੋਟਾ ਕਤਲ ਮਾਮਲੇ 'ਚ ਵੱਡੀ ਕਾਰਵਾਈ, ਅਸ਼ਵਨੀ ਦੀ ਦੁਕਾਨ ਤੇ ਘਰ 'ਤੇ ਚੱਲਿਆ ਬੁਲਡੋਜ਼ਰ

ਝੋਟੇ ਦੇ ਕਾਤਲ ਦੇ ਮੈਡੀਕਲ ਸਟੋਰ ਨੂੰ ਲੋਕਾਂ ਨੇ ਲਾਈ ਅੱਗ

ਮਾਨਸਾ : ਮੰਗਲਵਾਰ ਨੂੰ ਮਾਨਸਾ ਵਿਚ ਗੋਲੀਆਂ ਮਾਰ ਕੇ ਕਤਲ ਕੀਤੇ ਗਏ ਨਸ਼ਾ ਵਿਰੋਧੀ ਐਕਟੀਵਿਸਟ ਪਰਵਿੰਦਰ ਸਿੰਘ ਝੋਟਾ ਦੇ ਕਾਤਲ ਖਿਲਾਫ ਵੱਡੀ ਕਾਰਵਾਈ ਕਰ ਦਿੱਤੀ ਗਈ ਹੈ। ਪ੍ਰਸ਼ਾਸਨ ਵੱਲੋਂ ਭਾਰੀ ਪੁਲਸ ਫੋਰਸ ਨਾਲ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਦੇ ਘਰ ਅਤੇ ਮੈਡੀਕਲ ਸਟੋਰ ਉਪਰ ਬੁਲਡੋਜ਼ਰ ਚਲਵਾਇਆ ਗਿਆ ਹੈ। ਪੁਲਸ ਵੱਲੋਂ ਪਹਿਲਾਂ ਕਾਤਲ ਦੇ ਘਰ ਅਤੇ ਬਾਅਦ ਵਿਚ ਬਾਜ਼ਾਰ ਵਿਚ ਸਥਿਤ ਮੈਡੀਕਲ ਸਟੋਰ ਉਪਰ ਵੀ ਬੁਲਡੋਜ਼ਰ ਚਲਾਇਆ ਗਿਆ। ਬੁਲਡੋਜ਼ਰ ਕਾਰਵਾਈ ਦੌਰਾਨ ਲੋਕਾਂ ਵੱਲੋਂ ਮੈਡੀਕਲ ਸਟੋਰ ਉਪਰ ਵੀ ਗੁੱਸਾ ਕੱਢਿਆ ਗਿਆ, ਲੋਕਾਂ ਨੇ ਬੁਡੋਜ਼ਰ ਕਾਰਵਾਈ ਦੌਰਾਨ ਮੈਡੀਕਲ ਸਟੋਰ ਉਪਰ ਪਥਰਾਅ ਕੀਤਾ। ਇਥੇ ਇਹ ਵੀ ਦੱਸਣਯੋਗ ਹੈ ਕਿ ਪ੍ਰਦਰਸ਼ਨਕਾਰੀਆਂ ਵੱਲੋਂ ਵੀ ਮੰਗ ਕੀਤੀ ਜਾ ਰਹੀ ਸੀ ਕਿ ਪਰਵਿੰਦਰ ਦੇ ਕਾਤਲ ਦੇ ਘਰ ਅਤੇ ਮੈਡੀਕਲ ਸਟੋਰ ਉਪਰ ਬੁਲਡੋਜ਼ਰ ਕਾਰਵਾਈ ਕਿਉਂ ਨਹੀਂ ਕੀਤੀ ਜਾਂਦੀ, ਪ੍ਰਸ਼ਾਸਨ ਨੇ ਬਿਨਾਂ ਕਿਸੇ ਦੇਰੀ ਤੋਂ ਅਸ਼ਵਨੀ ਕੁਮਾਰ ਦੇ ਘਰ 'ਤੇ ਬੁਲਡੋਜ਼ਰ ਚਲਵਾ ਦਿੱਤਾ ਹੈ।

ਨਵੀਂ ਦਿੱਲੀ, (ANI) : ਕੌਮੀ ਰਾਜਧਾਨੀ ਦੇ ਇਤਿਹਾਸਕ ਲਾਲ ਕਿਲ੍ਹਾ ਮੈਦਾਨ ਵਿਖੇ ਆਯੋਜਿਤ ਕੀਤੀ ਜਾ ਰਹੀ ਪ੍ਰਸਿੱਧ 'ਲਵ ਕੁਸ਼ ਰਾਮਲੀਲ੍ਹਾ' ਦੌਰਾਨ ਭਾਰਤੀ ਜਨਤਾ ਪਾਰਟੀ (BJP) ਦੇ ਸੀਨੀਅਰ ਸੰਸਦ ਮੈਂਬਰ ਅਤੇ ਉੱਘੇ ਕਲਾਕਾਰ ਮਨੋਜ ਤਿਵਾਰੀ ਨੇ ਸ਼ਰਧਾ ਭਾਵਨਾ ਨਾਲ 'ਕੇਵਟ' ਦਾ ਕਿਰਦਾਰ ਨਿਭਾਇਆ। ਵੀਰਵਾਰ ਸ਼ਾਮ ਨੂੰ ਮੰਚਨ ਦੌਰਾਨ ਮਨੋਜ ਤਿਵਾਰੀ ਨੇ ਭਗਵਾਨ ਸ੍ਰੀ ਰਾਮ, ਮਾਤਾ ਸੀਤਾ ਅਤੇ ਲਕਸ਼ਮਣ ਜੀ ਨੂੰ ਗੰਗਾ ਪਾਰ ਕਰਵਾਉਣ ਤੋਂ ਪਹਿਲਾਂ ਪ੍ਰਭੂ ਦੇ ਚਰਨ ਧੋਣ ਵਾਲੇ ਭਾਵੁਕ ਤੇ ਧਾਰਮਿਕ ਦ੍ਰਿਸ਼ ਨੂੰ ਬਾਖੂਬੀ ਪੇਸ਼ ਕੀਤਾ, ਜਿਸ ਨੇ ਪੰਡਾਲ ਵਿੱਚ ਮੌਜੂਦ ਹਜ਼ਾਰਾਂ ਦਰਸ਼ਕਾਂ ਨੂੰ ਭਾਵ-ਵਿਹਬਲ ਕਰ ਦਿੱਤਾ।

ਮੁੱਖ ਵੇਰਵੇ: ਲਵ ਕੁਸ਼ ਰਾਮਲੀਲ੍ਹਾ ਮੰਚਨ

ਸਥਾਨ : ਲਾਲ ਕਿਲ੍ਹਾ ਮੈਦਾਨ, ਨਵੀਂ ਦਿੱਲੀ

ਆਯੋਜਕ : ਲਵ ਕੁਸ਼ ਰਾਮਲੀਲ੍ਹਾ ਕਮੇਟੀ

ਕਲਾਕਾਰ/ਪਾਤਰ : ਮਨੋਜ ਤਿਵਾਰੀ (ਲੋਕ ਸਭਾ ਮੈਂਬਰ, ਭਾਜਪਾ) ਬਤੌਰ 'ਕੇਵਟ'

ਮੁੱਖ ਪ੍ਰਸੰਗ : ਕੇਵਟ ਵੱਲੋਂ ਸ਼ਰਧਾ ਸਹਿਤ ਭਗਵਾਨ ਸ੍ਰੀ ਰਾਮ ਦੇ ਚਰਨ ਧੋਣਾ ਅਤੇ ਨਾਵ ਰਾਹੀਂ ਗੰਗਾ ਪਾਰ ਕਰਵਾਉਣਾ

ਮੁੱਖ ਆਕਰਸ਼ਣ : ਸੰਸਦ ਮੈਂਬਰ ਵੱਲੋਂ ਭਗਤੀ ਰਸ ਵਿੱਚ ਡੁੱਬ ਕੇ ਰਵਾਇਤੀ ਸੰਵਾਦ ਅਤੇ ਗਾਇਨ

ਕੇਵਟ ਅਤੇ ਸ੍ਰੀ ਰਾਮ ਮਿਲਾਪ ਦਾ ਅਧਿਆਤਮਿਕ ਸੰਵਾਦ:

ਰਾਮਲੀਲ੍ਹਾ ਦੇ ਮੰਚ 'ਤੇ ਜਦੋਂ ਭਗਵਾਨ ਰਾਮ ਬਨਵਾਸ ਦੌਰਾਨ ਗੰਗਾ ਕਿਨਾਰੇ ਪਹੁੰਚਦੇ ਹਨ, ਤਾਂ ਕੇਵਟ ਉਨ੍ਹਾਂ ਨੂੰ ਬਿਨਾਂ ਪੈਰ ਧੋਤੇ ਆਪਣੀ ਬੇੜੀ ਵਿੱਚ ਬਿਠਾਉਣ ਤੋਂ ਨਾਂਹ ਕਰ ਦਿੰਦਾ ਹੈ। ਮਨੋਜ ਤਿਵਾਰੀ ਨੇ ਆਪਣੇ ਖ਼ਾਸ ਅੰਦਾਜ਼ ਵਿੱਚ ਇਹ ਸੰਵਾਦ ਪੇਸ਼ ਕਰਦਿਆਂ ਕਿਹਾ ਕਿ ਪ੍ਰਭੂ ਦੇ ਚਰਨਾਂ ਦੀ ਛੋਹ ਨਾਲ ਪੱਥਰ ਵੀ ਤਰ ਗਿਆ ਸੀ, ਇਸ ਲਈ ਉਹ ਪਹਿਲਾਂ ਪ੍ਰਭੂ ਦੇ ਚਰਨ ਧੋ ਕੇ ਹੀ ਉਨ੍ਹਾਂ ਨੂੰ ਗੰਗਾ ਪਾਰ ਕਰਵਾਉਣਗੇ।

ਸੱਭਿਆਚਾਰਕ ਅਤੇ ਧਾਰਮਿਕ ਪਰੰਪਰਾ ਨਾਲ ਜੁੜਾਅ: ਮਨੋਜ ਤਿਵਾਰੀ ਪਿਛਲੇ ਕਈ ਸਾਲਾਂ ਤੋਂ ਰਾਮਲੀਲ੍ਹਾ ਵਿੱਚ ਵੱਖ-ਵੱਖ ਪਾਤਰ (ਜਿਵੇਂ ਕੇਵਟ, ਅੰਗਦ ਜਾਂ ਪਰਸ਼ੂਰਾਮ) ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਰਾਮਲੀਲ੍ਹਾ ਸਾਡੇ ਸੱਭਿਆਚਾਰ ਅਤੇ ਸਨਾਤਨ ਵਿਰਸੇ ਦੀ ਪਛਾਣ ਹੈ। ਇੱਕ ਜਨ-ਪ੍ਰਤੀਨਿਧੀ ਹੋਣ ਦੇ ਨਾਲ-ਨਾਲ ਭਗਵਾਨ ਰਾਮ ਦੀ ਲੀਲ੍ਹਾ ਦਾ ਹਿੱਸਾ ਬਣਨਾ ਉਨ੍ਹਾਂ ਲਈ ਪਰਮ ਸੁਭਾਗ ਦੀ ਗੱਲ ਹੈ।

ਮਾਇਆ ਦੇਵੀ ਮੰਦਿਰ ਵਿਖੇ ਵਿਧੀ-ਵਿਧਾਨ ਨਾਲ ਪੂਜਾ-ਅਰਚਨਾ ਉਪਰੰਤ ਜੂਨਾ ਅਖਾੜੇ ਦੀ ਰਵਾਇਤੀ 'ਛੜੀ ਯਾਤਰਾ' ਸ਼ੁਰੂ

ਆਉਣ ਵਾਲੇ 2027 ਦੇ ਕੁੰਭ ਮੇਲੇ ਨੂੰ ਨਿਰਵਿਘਨ ਨੇਪਰੇ ਚਾੜ੍ਹਨ ਦੀ ਕੀਤੀ ਅਰਦਾਸ

ਹਰਿਦੁਆਰ (ਉੱਤਰਾਖੰਡ) : ਹਰਿਦੁਆਰ ਦੇ ਪਾਵਨ ਸਥਾਨ ਮਾਇਆ ਦੇਵੀ ਮੰਦਿਰ ਵਿਖੇ ਅਖਿਲ ਭਾਰਤੀ ਅੱਡਾ ਜੂਨਾ ਅਖਾੜੇ ਦੀ ਪ੍ਰਾਚੀਨ ਅਤੇ ਰਵਾਇਤੀ 'ਛੜੀ ਯਾਤਰਾ' ਦੀ ਵਿਧੀ-ਵਿਧਾਨ ਨਾਲ ਪੂਜਾ-ਅਰਚਨਾ ਕਰਵਾ ਕੇ ਸ਼ੁਰੂਆਤ ਕਰ ਦਿੱਤੀ ਗਈ ਹੈ। ਇਹ ਯਾਤਰਾ ਉੱਤਰਾਖੰਡ ਦੇ ਵੱਖ-ਵੱਖ ਖੇਤਰਾਂ ਦਾ ਦੌਰਾ ਕਰਦਿਆਂ ਸਨਾਤਨ ਸੰਸਕ੍ਰਿਤੀ, ਤੀਰਥਾਂ ਦੇ ਵਿਕਾਸ ਅਤੇ ਆਉਣ ਵਾਲੇ 2027 ਦੇ ਹਰਿਦੁਆਰ ਮਹਾਂਕੁੰਭ ਦੇ ਸ਼ਾਂਤੀਪੂਰਨ ਤੇ ਨਿਰਵਿਘਨ ਸੰਪੰਨ ਹੋਣ ਦਾ ਸੰਦੇਸ਼ ਦੇਵੇਗੀ। ਇਸ ਮੌਕੇ ਹਰਿਦੁਆਰ ਦੇ ਜ਼ਿਲ੍ਹਾ ਮੈਜਿਸਟਰੇਟ (DM) ਮਯੂਰ ਦੀਕਸ਼ਿਤ ਅਤੇ ਜੂਨਾ ਅਖਾੜੇ ਦੇ ਅੰਤਰਰਾਸ਼ਟਰੀ ਸਰਪ੍ਰਸਤ ਮਹੰਤ ਹਰੀ ਗਿਰੀ ਸਮੇਤ ਵੱਡੀ ਗਿਣਤੀ ਵਿੱਚ ਸਾਧੂ-ਸੰਤ ਹਾਜ਼ਰ ਸਨ।

ਸਥਾਨ : ਮਾਇਆ ਦੇਵੀ ਮੰਦਿਰ, ਹਰਿਦੁਆਰ (ਉੱਤਰਾਖੰਡ)

ਆਯੋਜਕ : ਅਖਿਲ ਭਾਰਤੀ ਅੱਡਾ ਜੂਨਾ ਅਖਾੜਾ

ਮੁੱਖ ਅਗਵਾਈ : ਮਹੰਤ ਹਰੀ ਗਿਰੀ (ਅੰਤਰਰਾਸ਼ਟਰੀ ਸਰਪ੍ਰਸਤ, ਜੂਨਾ ਅਖਾੜਾ) ਅਤੇ ਮਯੂਰ ਦੀਕਸ਼ਿਤ (DM, ਹਰਿਦੁਆਰ)

ਯਾਤਰਾ ਦਾ ਉਦੇਸ਼ : ਪਹਾੜੀ ਖੇਤਰਾਂ ਵਿੱਚ ਸੈਰ-ਸਪਾਟਾ, ਉਦਯੋਗਾਂ ਦੀ ਬਹਾਲੀ, ਸਨਾਤਨ ਪ੍ਰਚਾਰ ਅਤੇ 2027 ਕੁੰਭ ਦੀ ਤਿਆਰੀ

ਪ੍ਰਮੁੱਖ ਪੜਾਅ : ਬਾਗੇਸ਼ਵਰ, ਪਿਥੌਰਾਗੜ੍ਹ, ਚੰਪਾਵਤ, ਜਾਗੇਸ਼ਵਰ ਅਤੇ ਉੱਤਰਾਖੰਡ ਦੇ ਹੋਰ ਪਾਵਨ ਅਸਥਾਨ

ਮਹੰਤ ਹਰੀ ਗਿਰੀ ਅਤੇ ਡੀ.ਐੱਮ. ਦੇ ਵਿਚਾਰ

ਪ੍ਰਾਚੀਨ ਛੜੀ ਯਾਤਰਾ ਦਾ ਇਤਿਹਾਸ ਅਤੇ ਮਹੱਤਤਾ (ਮਹੰਤ ਹਰੀ ਗਿਰੀ):

ਮਹੰਤ ਹਰੀ ਗਿਰੀ ਨੇ ਦੱਸਿਆ ਕਿ ਜੂਨਾ ਅਖਾੜੇ ਦੀ ਇਹ ਛੜੀ ਯਾਤਰਾ ਬਹੁਤ ਪੁਰਾਣੀ ਇਤਿਹਾਸਕ ਪਰੰਪਰਾ ਹੈ। ਪੁਰਾਣੇ ਸਮੇਂ ਵਿੱਚ ਰਾਜੇ-ਮਹਾਰਾਜੇ ਛੜੀ ਦੇ ਮਾਧਿਅਮ ਰਾਹੀਂ ਨਿਸ਼ਾਏ, ਅਨਾਥਾਂ ਅਤੇ ਬਦਰੀਨਾਥ ਜਾਣ ਵਾਲੇ ਸ਼ਰਧਾਲੂਆਂ ਦੀ ਆਰਥਿਕ ਮਦਦ, ਭੋਜਨ ਅਤੇ ਦਵਾਈਆਂ ਦਾ ਪ੍ਰਬੰਧ ਕਰਦੇ ਸਨ। ਉਨ੍ਹਾਂ ਕਿਹਾ ਕਿ ਇਸ ਯਾਤਰਾ ਦਾ ਮੁੱਖ ਮਕਸਦ ਉੱਤਰਾਖੰਡ ਦੇ ਪੁਰਾਣੇ ਉਦਯੋਗਿਕ ਕੇਂਦਰਾਂ (ਜਿਵੇਂ ਬਾਗੇਸ਼ਵਰ) ਨੂੰ ਮੁੜ ਸੁਰਜੀਤ ਕਰਨਾ, ਪਹਾੜਾਂ ਵਿੱਚ ਸੈਰ-ਸਪਾਟੇ ਨੂੰ ਹੁਲਾਰਾ ਦੇਣਾ ਅਤੇ ਉੱਥੇ ਯੂਨੀਵਰਸਿਟੀ ਜਾਂ ਏਮਜ਼ (AIIMS) ਦੀਆਂ ਸ਼ਾਖਾਵਾਂ ਖੋਲ੍ਹਣ ਲਈ ਸਰਕਾਰ ਦਾ ਧਿਆਨ ਖਿੱਚਣਾ ਹੈ।

2027 ਕੁੰਭ ਮੇਲੇ ਦੀ ਸਫ਼ਲਤਾ ਲਈ ਅਰਦਾਸ:

ਮਹੰਤ ਜੀ ਨੇ ਕਿਹਾ ਕਿ ਸਨਾਤਨ ਧਰਮ ਪੂਰੇ ਬ੍ਰਹਿਮੰਡ ਵਿੱਚ ਫੈਲਿਆ ਹੋਇਆ ਹੈ ਅਤੇ ਇਸ ਨੂੰ ਕਿਸੇ ਇੱਕ ਰਾਸ਼ਟਰ ਜਾਂ ਵਿਚਾਰਧਾਰਾ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਆਉਣ ਵਾਲੇ ਸਾਲ 2027 ਵਿੱਚ ਹੋਣ ਵਾਲੇ ਵਿਸ਼ਵ ਪ੍ਰਸਿੱਧ ਕੁੰਭ ਮੇਲੇ ਦੇ ਨਿਰਵਿਘਨ ਅਤੇ ਸਫ਼ਲ ਸੰਪੰਨ ਹੋਣ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ।

ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ (ਹਰਿਦੁਆਰ ਡੀ.ਐੱਮ. ਮਯੂਰ ਦੀਕਸ਼ਿਤ):

ਜ਼ਿਲ੍ਹਾ ਮੈਜਿਸਟਰੇਟ ਮਯੂਰ ਦੀਕਸ਼ਿਤ ਨੇ ਮਾਇਆ ਦੇਵੀ ਮੰਦਿਰ ਵਿਖੇ ਮੱਥਾ ਟੇਕਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਪਵਿੱਤਰ ਛੜੀ ਯਾਤਰਾ ਦੇ ਆਰੰਭ ਮੌਕੇ ਹਾਜ਼ਰ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਸਾਧੂ-ਸੰਤਾਂ ਦਾ ਆਸ਼ੀਰਵਾਦ ਲੈਂਦਿਆਂ ਕਾਮਨਾ ਕੀਤੀ ਕਿ ਸਾਰਿਆਂ ਦੇ ਸਹਿਯੋਗ ਨਾਲ ਇਹ ਯਾਤਰਾ ਸਫ਼ਲ ਹੋਵੇ ਅਤੇ ਆਉਣ ਵਾਲਾ ਕੁੰਭ ਮੇਲਾ ਦਿਵਯ ਅਤੇ ਭਵ ?ਯ ਰੂਪ ਵਿੱਚ ਨੇਪਰੇ ਚੜ੍ਹੇ।

ਅਮਰੀਕੀ ਨਿਆਂ ਵਿਭਾਗ ਵੱਲੋਂ ਚੋਣ ਅਪਰਾਧਾਂ ਵਿਰੁੱਧ ਵੱਡੀ ਕਾਰਵਾਈ: ਗ਼ੈਰ-ਨਾਗਰਿਕਾਂ ਵੱਲੋਂ ਵੋਟਿੰਗ ਕਰਨ ਦੇ ਮਾਮਲਿਆਂ 'ਤੇ ਸੰਘੀ ਸ਼ਿਕੰਜਾ

ਚੋਣ ਪ੍ਰਕਿਰਿਆ ਦੀ ਪਵਿੱਤਰਤਾ ਬਨਾਮ ਸੰਘੀ ਕਾਨੂੰਨ: ਕਈ ਸੂਬਿਆਂ ਵਿੱਚ ਗ਼ੈਰ-ਨਾਗਰਿਕਾਂ ਵੱਲੋਂ ਵੋਟ ਪਾਉਣ ਅਤੇ ਗ਼ੈਰ-ਕਾਨੂੰਨੀ ਰਜਿਸਟ੍ਰੇਸ਼ਨ ਦੇ ਦੋਸ਼ਾਂ ਹੇਠ ਅਪਰਾਧਿਕ ਮਾਮਲੇ ਦਰਜ; ਦੋਸ਼ ਸਾਬਤ ਹੋਣ 'ਤੇ ਕੈਦ, ਭਾਰੀ ਜੁਰਮਾਨਾ ਅਤੇ ਦੇਸ਼ ਨਿਕਾਲੇ (Deportation) ਦੀ ਵਿਵਸਥਾ

ਵਾਸ਼ਿੰਗਟਨ ਡੀ.ਸੀ. : ਅਮਰੀਕੀ ਨਿਆਂ ਵਿਭਾਗ (U.S. Department of Justice - DOJ) ਨੇ ਦੇਸ਼ ਭਰ ਵਿੱਚ ਸੰਘੀ ਚੋਣਾਂ ਨਾਲ ਸੰਬੰਧਤ ਅਪਰਾਧਾਂ ਅਤੇ ਵੋਟਰ ਧੋਖਾਧੜੀ ਵਿਰੁੱਧ ਵੱਡੇ ਪੱਧਰ 'ਤੇ ਕਾਨੂੰਨੀ ਸ਼ਿਕੰਜਾ ਕੱਸਦਿਆਂ ਸਖ਼ਤ ਸੰਘੀ ਕਾਰਵਾਈਆਂ ਦਾ ਐਲਾਨ ਕੀਤਾ ਹੈ। ਨਿਆਂ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਕਈ ਸੂਬਿਆਂ ਵਿੱਚ ਉਨ੍ਹਾਂ ਵਿਅਕਤੀਆਂ ਵਿਰੁੱਧ ਸੰਘੀ ਅਦਾਲਤਾਂ ਵਿੱਚ ਦੋਸ਼ ਆਇਦ ਕੀਤੇ ਗਏ ਹਨ ਅਤੇ ਫ਼ੌਜਦਾਰੀ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਨੇ ਅਮਰੀਕੀ ਨਾਗਰਿਕ ਨਾ ਹੁੰਦਿਆਂ ਹੋਇਆਂ ਵੀ ਸੰਘੀ ਚੋਣਾਂ ਵਿੱਚ ਵੋਟ ਪਾਈ ਜਾਂ ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਕਰਵਾਇਆ।

ਸੰਘੀ ਅਧਿਕਾਰੀਆਂ ਅਨੁਸਾਰ ਇਹ ਕਾਰਵਾਈਆਂ ਸੂਬਾਈ ਵੋਟਰ ਸੂਚੀਆਂ (Voter Rolls) ਅਤੇ ਸੰਘੀ ਇਮੀਗ੍ਰੇਸ਼ਨ ਡਾਟਾਬੇਸ ਵਿਚਕਾਰ ਕੀਤੇ ਗਏ ਨਿਯਮਤ ਆਡਿਟ, ਡਿਜੀਟਲ ਕ੍ਰਾਸ-ਚੈੱਕ ਅਤੇ ਸਥਾਨਕ ਚੋਣ ਬੋਰਡਾਂ ਦੀਆਂ ਗੁਪਤ ਜਾਂਚਾਂ ਤੋਂ ਬਾਅਦ ਸਾਹਮਣੇ ਆਏ ਠੋਸ ਸਬੂਤਾਂ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ।

ਸੰਘੀ ਕਾਰਵਾਈ ਅਤੇ ਕਾਨੂੰਨੀ ਨਿਯਮਾਂ ਦੇ ਮੁੱਖ ਵੇਰਵੇ,

ਵਾਸ਼ਿੰਗਟਨ: ਚੋਣ ਅਪਰਾਧਾਂ 'ਤੇ ਅਮਰੀਕੀ ਨਿਆਂ ਵਿਭਾਗ (DOJ) ਦੀ ਵੱਡੀ ਕਾਰਵਾਈ!

ਸੰਘੀ ਕੇਸ ਦਰਜ: ਕਈ ਸੂਬਿਆਂ ਵਿੱਚ ਗ਼ੈਰ-ਨਾਗਰਿਕਾਂ ਵੱਲੋਂ ਵੋਟ ਪਾਉਣ ਅਤੇ ਗ਼ੈਰ-ਕਾਨੂੰਨੀ ਵੋਟਰ ਰਜਿਸਟ੍ਰੇਸ਼ਨ ਦੇ ਮਾਮਲਿਆਂ 'ਤੇ ਸ਼ਿਕੰਜਾ।

ਕਾਨੂੰਨੀ ਚਿਤਾਵਨੀ: ਗ੍ਰੀਨ ਕਾਰਡ ਧਾਰਕਾਂ ਅਤੇ ਗ਼ੈਰ-ਦਸਤਾਵੇਜ਼ੀ ਪ੍ਰਵਾਸੀਆਂ ਲਈ ਸੰਘੀ ਚੋਣਾਂ 'ਚ ਵੋਟ ਪਾਉਣਾ ਪੂਰੀ ਤਰ੍ਹਾਂ ਵਰਜਿਤ; ਝੂਠਾ ਦਾਅਵਾ ਕਰਨ 'ਤੇ ਦੇਸ਼ ਨਿਕਾਲਾ (Deportation) ਤੇ ਜੇਲ੍ਹ।

ਡਾਟਾਬੇਸ ਮਿਲਾਨ: ਸੂਬਾਈ ਵੋਟਰ ਸੂਚੀਆਂ ਅਤੇ ਫ਼ੈਡਰਲ ਇਮੀਗ੍ਰੇਸ਼ਨ ਡਾਟਾ ਦੇ ਡਿਜੀਟਲ ਆਡਿਟ ਤੋਂ ਬਾਅਦ ਹੋਈਆਂ ਕਾਰਵਾਈਆਂ।

ਜਾਂਚ ਏਜੰਸੀ : ਅਮਰੀਕੀ ਨਿਆਂ ਵਿਭਾਗ (DOJ) ਅਤੇ ਸੰਘੀ ਜਾਂਚ ਬਿਊਰੋ (FBI)

ਕਾਰਵਾਈ ਦਾ ਦਾਇਰਾ : ਕਈ ਪ੍ਰਮੁੱਖ ਅਮਰੀਕੀ ਸੂਬਿਆਂ ਵਿੱਚ ਗ਼ੈਰ-ਨਾਗਰਿਕਾਂ ਦੀ ਗ਼ੈਰ-ਕਾਨੂੰਨੀ ਵੋਟਿੰਗ

ਮੁੱਖ ਦੋਸ਼ : ਗ਼ੈਰ-ਨਾਗਰਿਕ ਹੁੰਦਿਆਂ ਵੋਟਰ ਰਜਿਸਟ੍ਰੇਸ਼ਨ ਕਰਵਾਉਣਾ ਅਤੇ ਬੈਲਟ ਪਾਉਣਾ

ਸੰਘੀ ਕਾਨੂੰਨੀ ਧਾਰਾਵਾਂ : 18 U.S.C. § FAA (ਗ਼ੈਰ-ਨਾਗਰਿਕਾਂ ਵੱਲੋਂ ਵੋਟਿੰਗ) ਅਤੇ 18 U.S.C. § 911 (ਨਾਗਰਿਕਤਾ ਦਾ ਝੂਠਾ ਦਾਅਵਾ)

ਸੰਭਾਵੀ ਸਜ਼ਾਵਾਂ : ਸੰਘੀ ਜੇਲ੍ਹ ਵਿੱਚ ਕੈਦ, ਭਾਰੀ ਵਿੱਤੀ ਜੁਰਮਾਨਾ, ਅਤੇ ਤੁਰੰਤ ਦੇਸ਼ ਨਿਕਾਲਾ (Deportation)

ਜਾਂਚ ਦਾ ਤਰੀਕਾ : ਸੂਬਾਈ ਚੋਣ ਸੂਚੀਆਂ ਅਤੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (DHS) ਡਾਟਾਬੇਸ ਦਾ ਮਿਲਾਨ

ਸੰਘੀ ਕਾਨੂੰਨ ਤਹਿਤ ਗ਼ੈਰ-ਨਾਗਰਿਕਾਂ ਲਈ ਵੋਟਿੰਗ 'ਤੇ ਸਖ਼ਤ ਪਾਬੰਦੀ

ਸੰਯੁਕਤ ਰਾਜ ਅਮਰੀਕਾ ਦੇ ਸੰਘੀ ਚੋਣ ਕਾਨੂੰਨ ਅਧੀਨ ਕਿਸੇ ਵੀ ਅਜਿਹੇ ਵਿਅਕਤੀ ਨੂੰ ਸੰਘੀ ਚੋਣਾਂ (ਰਾਸ਼ਟਰਪਤੀ, ਸੈਨੇਟ ਜਾਂ ਕਾਂਗਰਸ) ਵਿੱਚ ਵੋਟ ਪਾਉਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ ਜੋ ਅਮਰੀਕਾ ਦਾ ਜਨਮਜਾਤ ਜਾਂ ਕਾਨੂੰਨੀ ਤੌਰ 'ਤੇ ਨੈਚੁਰਲਾਈਜ਼ਡ ਨਾਗਰਿਕ ਨਹੀਂ ਹੈ:

ਗ੍ਰੀਨ ਕਾਰਡ ਧਾਰਕ (Lawful Permanent Residents): ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਪੱਕੀ ਰਿਹਾਇਸ਼ ਰੱਖਣ ਵਾਲੇ ਗ੍ਰੀਨ ਕਾਰਡ ਧਾਰਕਾਂ ਲਈ ਵੀ ਸੰਘੀ ਚੋਣਾਂ ਵਿੱਚ ਵੋਟ ਪਾਉਣਾ ਜਾਂ ਵੋਟਰ ਕਾਰਡ ਬਣਵਾਉਣਾ ਸਖ਼ਤ ਮਨ੍ਹਾ ਹੈ।

ਗ਼ੈਰ-ਦਸਤਾਵੇਜ਼ੀ ਪ੍ਰਵਾਸੀ (Undocumented Immigrants): ਬਿਨਾਂ ਦਸਤਾਵੇਜ਼ ਵਾਲੇ ਜਾਂ ਅਸਥਾਈ ਵੀਜ਼ਾ (H-1B, ਵਿਦਿਆਰਥੀ ਜਾਂ ਵਿਜ਼ਟਰ ਵੀਜ਼ਾ) 'ਤੇ ਰਹਿ ਰਹੇ ਕਿਸੇ ਵੀ ਵਿਅਕਤੀ ਲਈ ਵੋਟਿੰਗ ਵਿੱਚ ਸ਼ਮੂਲੀਅਤ ਕਰਨਾ ਗੰਭੀਰ ਸੰਘੀ ਜੁਰਮ ਹੈ।

ਨਾਗਰਿਕਤਾ ਦਾ ਝੂਠਾ ਦਾਅਵਾ (False Claim to Citizenship): ਵੋਟਰ ਰਜਿਸਟ੍ਰੇਸ਼ਨ ਫ਼ਾਰਮ ਭਰਨ ਵੇਲੇ ਇਹ ਕਹਿਣਾ ਕਿ 'ਮੈਂ ਅਮਰੀਕੀ ਨਾਗਰਿਕ ਹਾਂ', ਇਮੀਗ੍ਰੇਸ਼ਨ ਕਾਨੂੰਨ ਅਧੀਨ 'ਨੈਤਿਕ ਗਿਰਾਵਟ ਵਾਲਾ ਅਪਰਾਧ' ਮੰਨਿਆ ਜਾਂਦਾ ਹੈ। ਇਸ ਤਹਿਤ ਦੋਸ਼ੀ ਪਾਏ ਜਾਣ ਵਾਲੇ ਪ੍ਰਵਾਸੀਆਂ ਦਾ ਗ੍ਰੀਨ ਕਾਰਡ ਜਾਂ ਵੀਜ਼ਾ ਰੱਦ ਹੋ ਜਾਂਦਾ ਹੈ ਅਤੇ ਉਨ੍ਹਾਂ ਨੂੰ ਤੁਰੰਤ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ, ਜਿਸ ਤੋਂ ਬਾਅਦ ਉਹ ਭਵਿੱਖ ਵਿੱਚ ਕਦੇ ਵੀ ਅਮਰੀਕੀ ਨਾਗਰਿਕਤਾ ਪ੍ਰਾਪਤ ਨਹੀਂ ਕਰ ਸਕਦੇ।

ਸਰਕਾਰੀ ਪ੍ਰਕਿਰਿਆਵਾਂ ਅਤੇ ਵੋਟਰ ਦਿਸ਼ਾ-ਨਿਰਦੇਸ਼

ਚੋਣਾਂ ਦੀ ਨਿਰਪੱਖਤਾ ਯਕੀਨੀ ਬਣਾਉਣ ਲਈ ਨਿਆਂ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਵੋਟਰ ਯੋਗਤਾ ਦੀ ਜਾਂਚ ਲਗਾਤਾਰ ਜਾਰੀ ਰਹੇਗੀ:

1. **ਅਧਿਕਾਰਤ ਸਰਕਾਰੀ ਪੋਰਟਲ:** ਵੋਟਿੰਗ ਯੋਗਤਾ, ਸੰਘੀ ਦਿਸ਼ਾ-ਨਿਰਦੇਸ਼ਾਂ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਦੀ ਅਧਿਕਾਰਤ ਜਾਣਕਾਰੀ ਸੰਘੀ ਪੋਰਟਲ Vote.gov 'ਤੇ ਮੁਹੱਈਆ ਕਰਵਾਈ ਗਈ ਹੈ।

2. **ਪ੍ਰੈੱਸ ਅਤੇ ਕੇਸ ਅਪਡੇਟ:** ਦਰਜ ਕੀਤੇ ਗਏ ਸੰਘੀ ਕੇਸਾਂ ਦੇ ਵਿਸਥਾਰਤ ਵੇਰਵਿਆਂ ਲਈ ਨਿਆਂ ਵਿਭਾਗ ਦੇ ਅਧਿਕਾਰਤ ਪੋਰਟਲ (justice.gov) 'ਤੇ ਨਿਗਰਾਨੀ ਰੱਖੀ ਜਾ ਸਕਦੀ ਹੈ।

3. **ਸੂਬਾਈ ਨਿਯਮ:** ਵੱਖ-ਵੱਖ ਸੂਬਿਆਂ ਦੇ ਸੈਕਟਰੀ ਆਫ਼ ਸਟੇਟ (Secretary of State) ਜਾਂ ਸਥਾਨਕ ਕਾਉਂਟੀ ਰਜਿਸਟਰਾਰ ਦਫ਼ਤਰਾਂ ਵੱਲੋਂ ਵੋਟਰ ਸੂਚੀਆਂ ਦੀ ਸ਼ੁੱਧਤਾ ਲਈ ਨਿਯਮਤ ਸਫ਼ਾਈ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ।

ਸਰੋਤ ਤੇ ਪ੍ਰਮਾਣਿਕਤਾ: ਇਹ ਰਿਪੋਰਟ ਅਮਰੀਕੀ ਨਿਆਂ ਵਿਭਾਗ (DOJ) ਵੱਲੋਂ ਜਾਰੀ ਅਧਿਕਾਰਤ ਪ੍ਰੈੱਸ ਬਿਆਨਾਂ, ਸੰਘੀ ਅਦਾਲਤੀ ਦਸਤਾਵੇਜ਼ਾਂ ਅਤੇ ਅਮਰੀਕੀ ਚੋਣ ਜ਼ਾਬਤੇ (U.S. Code Title 18) ਦੇ ਉਪਬੰਧਾਂ 'ਤੇ ਆਧਾਰਿਤ ਹੈ।

ਕਾਨੂੰਨੀ ਸਥਿਤੀ: ਸੰਘੀ ਅਦਾਲਤਾਂ ਵਿੱਚ ਦਰਜ ਸ਼ਿਕਾਇਤਾਂ ਜਾਂ ਦੋਸ਼-ਪੱਤਰ ਅਪਰਾਧਿਕ ਦੋਸ਼ ਹਨ; ਅਮਰੀਕੀ ਕਾਨੂੰਨ ਅਧੀਨ ਹਰੇਕ ਮੁਲਜ਼ਮ ਨੂੰ ਉਦੋਂ ਤੱਕ ਨਿਰਦੋਸ਼ ਮੰਨਿਆ ਜਾਂਦਾ ਹੈ ਜਦੋਂ ਤੱਕ ਅਦਾਲਤ ਵਿੱਚ ਦੋਸ਼ ਪੁਖ਼ਤਾ ਤੌਰ 'ਤੇ ਸਾਬਤ ਨਹੀਂ ਹੋ ਜਾਂਦੇ। ਅਧਿਕਾਰਤ ਅਦਾਲਤੀ ਫ਼ੈਸਲਿਆਂ ਨੂੰ ਪੱਤਰਕਾਰੀ ਨੇਮਾਂ ਅਧੀਨ ਅਪਡੇਟ ਕੀਤਾ ਜਾਵੇਗਾ।

ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਸਾਲਾਨਾ ਖੇਡਾਂ ਦੇ ਸ਼ਾਨਦਾਰ ਆਗਾਜ਼ ਵਿੱਚ ਨੰਨ੍ਹੇ ਖਿਡਾਰੀਆਂ ਨੇ ਪੂਰੇ ਜੋਸ਼ ਨਾਲ ਭਾਗ ਲਿਆ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਚੇਅਰਮੈਨ ਸ੍ਰੀ ਰਾਜਿੰਦਰ ਸਿੰਘ ਮਾਰਸ਼ਲ ਅਤੇ ਪ੍ਰਿੰਸੀਪਲ ਸ. ਪਰਵਿੰਦਰ ਸਿੰਘ ਦੀ ਅਗਵਾਈ ਹੇਠ ਅਤੇ ਖੇਡ ਇੰਚਾਰਜ ਸ. ਗੁਰਮੇਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਾਲਾਨਾ ਖੇਡਾਂ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਖੇਡ ਸਮਾਰੋਹ ਦੇ ਪਹਿਲੇ ਦਿਨ ਨਰਸਰੀ ਤੋਂ ਤੀਜੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਪੂਰੇ ਜੋਸ਼, ਉਤਸ਼ਾਹ ਅਤੇ ਖੇਡ ਭਾਵਨਾ ਨਾਲ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ। ਬੱਚਿਆਂ ਦੇ ਚਿਹਰਿਆਂ 'ਤੇ ਦਿਖਾਈ ਦੇ ਰਹੀ ਖੁਸ਼ੀ, ਜਿੱਤਣ ਦਾ ਜਜ਼ਬਾ ਅਤੇ ਖੇਡਾਂ ਪ੍ਰਤੀ ਉਨ੍ਹਾਂ ਦਾ ਉਤਸ਼ਾਹ ਦੇਖਣਯੋਗ ਸੀ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਸਰੀਰਕ, ਮਾਨਸਿਕ ਅਤੇ ਸਰਵਪੱਖੀ ਵਿਕਾਸ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਵਿੱਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਨਾ ਸੀ।

ਸਾਲਾਨਾ ਖੇਡਾਂ ਦਾ ਉਦਘਾਟਨ ਚੇਅਰਮੈਨ ਸ੍ਰੀ ਰਾਜਿੰਦਰ ਸਿੰਘ ਮਾਰਸ਼ਲ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਜੀਵਨ ਦਾ ਅਹਿਮ ਹਿੱਸਾ ਹਨ। ਖੇਡਾਂ ਨਾਲ ਜਿੱਥੇ ਸਰੀਰ ਤੰਦਰੁਸਤ ਅਤੇ ਮਨ ਤਾਜ਼ਾ ਰਹਿੰਦਾ ਹੈ, ਉੱਥੇ ਹੀ ਬੱਚਿਆਂ ਵਿੱਚ ਆਤਮ-ਵਿਸ਼ਵਾਸ, ਅਨੁਸ਼ਾਸਨ, ਸਹਿਯੋਗ, ਧੀਰਜ, ਮਿਹਨਤ ਅਤੇ ਟੀਮ ਭਾਵਨਾ ਵਰਗੇ ਗੁਣ ਵੀ ਵਿਕਸਿਤ ਹੁੰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵੱਧ ਤੋਂ ਵੱਧ ਹਿੱਸਾ ਲੈਣ ਅਤੇ ਆਪਣੀ ਪ੍ਰਤਿਭਾ ਨੂੰ ਨਿਖਾਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਿੱਤ ਅਤੇ ਹਾਰ ਖੇਡ ਦਾ ਹਿੱਸਾ ਹਨ, ਪਰ ਅਸਲ ਸਫ਼ਲਤਾ ਪੂਰੀ ਮਿਹਨਤ, ਲਗਨ ਅਤੇ ਖੇਡ ਭਾਵਨਾ ਨਾਲ ਭਾਗ ਲੈਣ ਵਿੱਚ ਹੈ।

ਇਸ ਖੇਡ ਸਮਾਰੋਹ ਦੌਰਾਨ ਨੰਨ੍ਹੇ-ਮੁੰਨੇ ਬੱਚਿਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਆਪਣੀ ਫੁਰਤੀ, ਯੋਗਤਾ ਅਤੇ ਮਿਹਨਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅਧਿਆਪਕਾਂ ਵੱਲੋਂ ਬੱਚਿਆਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ ਅਤੇ ਉਨ੍ਹਾਂ ਨੂੰ ਪੂਰੇ ਉਤਸ਼ਾਹ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ। ਖੇਡ ਮੈਦਾਨ ਵਿੱਚ ਬੱਚਿਆਂ ਦਾ ਜੋਸ਼ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੇ ਸਮਾਗਮ ਨੂੰ ਹੋਰ ਵੀ ਦਿਲਚਸਪ ਅਤੇ ਯਾਦਗਾਰੀ ਬਣਾ ਦਿੱਤਾ।

ਖੇਡ ਮੁਕਾਬਲਿਆਂ ਦੇ ਨਤੀਜਿਆਂ ਵਿੱਚ ਸਰ ਮਾਰਸ਼ਲ ਕਾਨਵੈਂਟ ਸਕੂਲ ਭਲਿਆਲਾ ਨੇ 20 ਸੋਨ ਤਗਮੇ ਜਿੱਤ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਨੇ 19 ਸੋਨ ਤਗਮਿਆਂ ਨਾਲ ਦੂਜਾ ਸਥਾਨ ਅਤੇ ਸਰ ਮਾਰਸ਼ਲ ਸਕੂਲ ਬੈਂਸ ਆਵਾਨ ਨੇ 14 ਸੋਨ ਤਗਮਿਆਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਨਤੀਜਿਆਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਖੁਸ਼ੀ ਦੀ ਲਹਿਰ ਪੈਦਾ ਕਰ ਦਿੱਤੀ। ਜੇਤੂ ਵਿਦਿਆਰਥੀਆਂ ਦੀ ਮਿਹਨਤ, ਲਗਨ ਅਤੇ ਖੇਡ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਗਈ। ਇਸ ਦੇ ਨਾਲ ਹੀ ਸਾਰੇ ਭਾਗੀਦਾਰਾਂ ਨੂੰ ਭਵਿੱਖ ਵਿੱਚ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ ਗਿਆ।

ਇਸ ਮੌਕੇ ਚੇਅਰਮੈਨ ਸ੍ਰੀ ਰਾਜਿੰਦਰ ਸਿੰਘ ਮਾਰਸ਼ਲ ਨੇ ਸਾਲਾਨਾ ਖੇਡਾਂ ਦੇ ਸਫ਼ਲ ਆਯੋਜਨ ਲਈ ਖੇਡ ਇੰਚਾਰਜ ਅਤੇ ਸਮੂਹ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਕੂਲ ਦਾ ਉਦੇਸ਼ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਖੇਡਾਂ ਅਤੇ ਹੋਰ ਸਹਿ-ਵਿੱਦਿਅਕ ਗਤੀਵਿਧੀਆਂ ਰਾਹੀਂ ਉਨ੍ਹਾਂ ਦੀਆਂ ਅੰਦਰੂਨੀ ਪ੍ਰਤਿਭਾਵਾਂ ਨੂੰ ਉਜਾਗਰ ਕਰਨਾ ਹੈ। ਉਨ੍ਹਾਂ ਅਨੁਸਾਰ ਖੇਡਾਂ ਬੱਚਿਆਂ ਨੂੰ ਜੀਵਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨ, ਸਹਿਯੋਗ ਨਾਲ ਕੰਮ ਕਰਨ ਅਤੇ ਸਫ਼ਲਤਾ ਵੱਲ ਅੱਗੇ ਵਧਣ ਦੀ ਪ੍ਰੇਰਨਾ ਦਿੰਦੀਆਂ ਹਨ।

ਇਸ ਮੌਕੇ ਪ੍ਰਿੰਸੀਪਲ ਸ. ਰਮਨਦੀਪ ਸਿੰਘ, ਪ੍ਰਿੰਸੀਪਲ ਸ.ਕੁਲਵੀਰ ਸਿੰਘ ਜੀ ਅਤੇ ਸਰ ਮਾਰਸ਼ਲ ਸਕੂਲ ਬੈਂਸ ਆਵਾਨ, ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਅਤੇ ਸਰ ਮਾਰਸ਼ਲ ਕਾਨਵੈਂਟ ਸਕੂਲ ਭਲਿਆਲਾ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ। ਸਾਰੇ ਅਧਿਆਪਕਾਂ ਨੇ ਬੱਚਿਆਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਖੇਡਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਤਰ੍ਹਾਂ ਸਾਲਾਨਾ ਖੇਡਾਂ ਦਾ ਪਹਿਲਾ ਦਿਨ ਬੇਹੱਦ ਉਤਸ਼ਾਹਪੂਰਨ, ਸਫ਼ਲ ਅਤੇ ਯਾਦਗਾਰੀ ਰਿਹਾ। ਇਸ ਸਮਾਗਮ ਨੇ ਬੱਚਿਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦੇਣ ਦੇ ਨਾਲ-ਨਾਲ ਉਨ੍ਹਾਂ ਵਿੱਚ ਅਨੁਸ਼ਾਸਨ, ਆਪਸੀ ਸਾਂਝ, ਮਿਹਨਤ, ਆਤਮ-ਵਿਸ਼ਵਾਸ ਅਤੇ ਖੇਡ ਭਾਵਨਾ ਦੀ ਮਹੱਤਤਾ ਨੂੰ ਵੀ ਹੋਰ ਮਜ਼ਬੂਤ ਕੀਤਾ। ਸਕੂਲ ਪ੍ਰਬੰਧਕਾਂ ਵੱਲੋਂ ਅਜਿਹੀਆਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਉਤਸ਼ਾਹਿਤ ਕਰਨ ਦਾ ਉਪਰਾਲਾ ਸ਼ਲਾਘਾਯੋਗ ਰਿਹਾ।

21 ਅਕਤੂਬਰ 1914 ਦੇ ਦਿਹਾੜੇ 'ਤੇ ਵਿਸ਼ੇਸ਼

ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਵੱਲੋਂ ਨਸਲਵਾਦੀ ਹਾਪਕਿਨਸਨ ਨੂੰ ਸੋਧਣ ਦੀ ਗੌਰਵਮਈ ਗਾਥਾ

ਕੈਨੇਡਾ ਦੇ ਇਤਿਹਾਸ ਵਿੱਚ ਨਸਲਵਾਦ ਨੂੰ ਜ਼ਬਰਦਸਤ ਚੁਣੌਤੀ ਦੇਣ ਵਾਲੀ ਇੱਕ ਗੌਰਵਮਈ ਗਾਥਾ ਤੇ ਸ਼ਾਨਾਮੱਤਾ ਇਤਿਹਾਸ ਸਾਂਝਾ ਕਰ ਰਹੇ ਹਾਂ। ਇਸ ਸੱਚੀ ਸਾਖੀ ਨੂੰ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਦਾ ਮੁੱਢ ਬੰਨ੍ਹਣ ਵਜੋਂ ਚੇਤੇ ਕੀਤਾ ਜਾਣਾ ਬਣਦਾ ਹੈ। ਇਸ ਗਾਥਾ ਦਾ ਖਲਨਾਇਕ ਹਿੰਦੁਸਤਾਨ ਦੀ ਬ੍ਰਿਟਿਸ਼ ਸਰਕਾਰ ਦਾ ਏਜੰਟ ਐਂਗਲੋ-ਇੰਡੀਅਨ ਵਿਲੀਅਮ ਹਾਪਕਿਨਸਨ ਹੈ, ਜਿਸ ਨੇ 1914 ਵਿੱਚ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਆਪਣੇ ਏਜੰਟ ਰਾਹੀਂ ਸ਼ਹੀਦ ਕਰਵਾਇਆ ਸੀ। ਇਸ ਗੌਰਵਮਈ ਸਾਖੀ ਦਾ ਨਾਇਕ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਹੈ, ਜਿਸ ਨੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਿੱਚ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੂੰ ਸ਼ਹੀਦ ਕਰਾਉਣ ਦੇ ਦੋਸ਼ੀ ਦੁਸ਼ਟ ਹਾਪਕਿਨਸਨ ਨੂੰ ਸੋਧਿਆ ਸੀ। ਇਹ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ।

21 ਅਕਤੂਬਰ 1914 ਦੇ ਦਿਨ ਭਾਈ ਮੇਵਾ ਸਿੰਘ ਵਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ ਸਹੀ ਅਰਥਾਂ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਮੁੱਢ ਬੱਝਿਆ ਸੀ। ਇਹ ਇਤਿਹਾਸ ਜਾਣਨਾ ਇਸ ਕਰਕੇ ਜ਼ਰੂਰੀ ਹੈ, ਕਿਉਂਕਿ ਇਹ ਕੁਰਬਾਨੀ ਹੀ ਅੱਗਿਓਂ ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। ਹਿੰਦੁਸਤਾਨੀ ਬ੍ਰਿਟਿਸ਼ ਏਜੰਟ ਵਿਲੀਅਮ ਹਾਪਕਿਨਸਨ ਨੂੰ ਸੋਧਣ ਕਾਰਨ, ਭਾਈ ਸਾਹਿਬ ਨੂੰ ਫਾਂਸੀ ਹੋਈ ਸੀ। ਹਾਪਕਿਨਸਨ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 1880 ਵਿੱਚ ਹੋਇਆ ਸੀ। ਵਿਲੀਅਮ ਹਾਪਕਿਨਸਨ ਦਾ ਬਾਪ ਅੰਗਰੇਜ਼ ਅਤੇ ਮਾਂ ਭਾਰਤੀ ਹਿੰਦੂ ਸੀ, ਇਸੇ ਕਾਰਨ ਉਸ ਦੇ ਯੂਰੇਸ਼ੀਅਨ ਐਂਗਲੋ ਇੰਡੀਅਨ ਵੰਸ਼ ਵਿੱਚ ਹੋਣ ਦਾ ਪਿਛੋਕੜ ਮਿਲਦਾ ਹੈ। ਉਹ 16 ਸਾਲ ਦੀ ਉਮਰ ਤੋਂ ਪੰਜਾਬ ਪੁਲਿਸ ਵਿੱਚ ਵੀ ਕੁਝ ਸਮਾਂ ਭਰਤੀ ਰਿਹਾ ਅਤੇ ਮਗਰੋਂ ਕੋਲਕਤਾ ਚਲਿਆ ਗਿਆ ਤੇ 21 ਸਾਲ ਦੀ ਉਮਰ ਵਿੱਚ ਕਲਕੱਤਾ ਪੁਲਿਸ ਵਿੱਚ ਭਰਤੀ ਹੋ ਗਿਆ। ਵਿਲੀਅਮ ਹਾਪਕਿਨਸਨ ਜਿੱਥੇ ਅੰਗਰੇਜ਼ੀ ਅਤੇ ਹਿੰਦੀ ਬੋਲ ਸਕਦਾ ਸੀ, ਉੱਥੇ ਕੁਝ ਸਮਾਂ ਪੰਜਾਬ 'ਚ ਰਹਿਣ ਕਾਰਨ ਉਸ ਨੂੰ ਪੰਜਾਬੀ ਵੀ ਸਮਝ ਆਉਂਦੀ ਸੀ। ਉਸਦੇ ਅੰਦਰ ਇਸ ਗੱਲ ਦੀ ਤੀਬਰ ਇੱਛਾ ਸੀ ਕਿ ਉਹ ਜਲਦੀ ਤੋਂ ਜਲਦੀ ਅੰਗਰੇਜ਼ ਸਰਕਾਰ ਖਿਲਾਫ ਲੜ ਰਹੇ 'ਬਾਗੀਆਂ ਦਾ ਖਾਤਮਾ' ਕਰ ਅਤੇ 'ਚਿੱਟੀ ਚਮੜੀ ਦੀ ਰਾਜ ਸੱਤਾ ਅਤੇ ਉੱਤਮਤਾ' ਦੇ ਹੱਕ ਵਿੱਚ ਭੁਗਤੇ।

ਵਿਲੀਅਮ ਹਾਪਕਿਨਸਨ 1908 ਵਿੱਚ ਕੈਨੇਡਾ ਪਹੁੰਚਿਆ, ਜਿੱਥੇ ਉਸ ਨੇ ਇੱਕ ਦੁਕਾਨਦਾਰ ਵਜੋਂ ਆਪਣਾ ਸਫਰ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਹੀ ਹਾਪਕਿਨਸਨ ਨੇ ਕੈਨੇਡਾ ਦੇ ਕਿਰਤ ਉਪ ਮੰਤਰੀ ਮਕੈਂਜੀ ਕਿੰਗ ਨਾਲ ਮੁਲਾਕਾਤ ਕੀਤੀ। ਉਸ ਨੇ 'ਟਾਈਮਜ਼ ਆਫ ਲੰਡਨ' ਦੇ ਇੱਕ ਪੱਤਰਕਾਰ ਵੱਲੋਂ 1908 ਵਿੱਚ ਭਾਰਤੀ ਬ੍ਰਿਟਿਸ਼ ਹਕੂਮਤ ਦੇ ਬਾਗੀਆਂ ਦੀਆਂ ਗਤੀਵਿਧੀਆਂ ਬਾਰੇ ਪ੍ਰਕਾਸ਼ਤ ਇਕ ਰਿਪੋਰਟ ਲਈ ਵੱਧ ਤੋਂ ਵੱਧ ਖੁਫੀਆ ਜਾਣਕਾਰੀ ਮੁਹਈਆ ਕੀਤੀ। ਛੇਤੀ ਹੀ ਹਾਪਕਿਨਸਨ ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ, ਲੰਡਨ ਦੇ ਏਜੰਟ ਅਤੇ ਡੋਮੀਨੀਅਨ ਕੈਨੇਡਾ ਦੇ ਕਰਿੰਦੇ ਵਜੋਂ ਇਮੀਗ੍ਰੇਸ਼ਨ ਅਧਿਕਾਰੀ ਅਤੇ ਸੂਹੀਏ ਦੇ ਕੰਮ ਕਰਨ ਲੱਗਾ। ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗ੍ਰੇ ਅਤੇ ਇਸ ਤੋਂ ਇਲਾਵਾ ਬ੍ਰਿਟਿਸ਼ ਹਾਂਡੂਰਸ ਦੇ ਗਵਰਨਰ ਕਰਨਲ ਕਿੰਗ, ਕੈਨੇਡੀਅਨ ਸਰਕਾਰ ਲਈ ਕੰਮ ਕਰਦੇ ਈ ਜੀ ਸਵੈਨ ਸਮੇਤ ਸਾਰਿਆਂ ਨਾਲ ਸੰਪਰਕ ਕਾਇਮ ਕਰ ਲਿਆ। ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਪੰਜਾਬੀ ਰਾਹੀਂ ਹਾਪਕਿਨਸਨ ਨੇ ਇਥੋਂ ਦੀ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੰਸਥਾ ਵਿੱਚ ਘੁਸਪੈਠ ਕਰ ਲਿਆ।

ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ ਹਾਪਕਿਨਸਨ ਨੇ ਬੇਲਾ ਜਿਆਣ ਵਰਗੇ ਲਾਲਚੀ, ਵਿਕਾਊ ਅਤੇ ਗੱਦਾਰ ਅਤੇ ਝੋਲੀਚੁੱਕ ਲੱਭੇ ਅਤੇ ਹਿੰਦੁਸਤਾਨੀ ਬ੍ਰਿਟਿਸ਼ ਹਕੂਮਤ ਖਿਲਾਫ ਲੜਨ ਵਾਲੇ ਗਦਰੀ ਬਾਬਿਆਂ ਅਤੇ ਸਿੱਖ ਜੁਝਾਰੂਆਂ ਨੂੰ ਖਤਮ ਕਰਨ ਦਾ ਨਿਸ਼ਚਾ ਕਰ ਲਿਆ। ਹਾਪਕਿਨਸਨ ਦੀਆਂ ਨਸਲਵਾਦੀ ਅਤੇ ਭਰਿਸ਼ਟਾਚਾਰੂ ਕਾਰਵਾਈਆਂ ਜ਼ਾਹਿਰ ਹੋਣ ਲੱਗੀਆਂ, ਪਰ ਹਕੂਮਤ ਨੇ ਆਪਣੇ ਪਾਲੇ ਹੋਏ ਸੂਹੀਏ ਦਾ ਹਰ ਤਰ੍ਹਾਂ ਬਚਾਓ ਕੀਤਾ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਐਂਗਲੋ-ਇੰਡੀਅਨ ਹਾਪਕਿਨਸਨ ਨੇ ਕੈਨੇਡਾ ਵਸਦੇ ਭਾਰਤੀਆਂ ਨੂੰ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਨੇ ਕੈਨੇਡਾ ਵਸਦੇ ਸਿੱਖਾਂ ਅਤੇ ਭਾਰਤੀਆਂ ਨੂੰ ਇਥੋਂ ਕੱਢਣ ਲਈ ਹਾਂਡੂਰਸ ਦੀ ਸਾਜ਼ਿਸ਼ ਰਚੀ, ਭਾਰਤੀਆਂ ਖਿਲਾਫ ਨਸਲੀ ਕਾਲੇ ਕਾਨੂੰਨਾਂ ਲਈ ਸਰਗਰਮੀ ਦਿਖਾਈ ਤੇ ਗੁਰੂ ਨਾਨਕ ਜਹਾਜ਼ ਵਾਪਸ ਮੋੜੇ ਜਾਣ ਦੀ ਸਾਜਿਸ਼ ਦਾ ਮੁੱਖ ਭਾਗੀ ਬਣਿਆ। ਕਹਿਣ ਦਾ ਭਾਵ, ਕੋਈ ਵੀ ਅਜਿਹੀ ਨਫਰਤੀ ਅਤੇ ਨਸਲੀ ਗਤੀਵਿਧੀ ਨਹੀਂ ਸੀ, ਜਿਸ ਵਿੱਚ ਹਾਪਕਿਨਸਨ ਨੇ ਕੋਈ ਸਾਜਿਸ਼ ਨਾ ਰਚੀ ਹੋਵੇ।

ਹਾਪਕਿਨਸਨ ਦੀ ਸਭ ਤੋਂ ਵੱਡੀ ਜ਼ਾਲਮਾਨਾ ਕਾਰਵਾਈ ਆਪਣੇ ਏਜੰਟਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਅੰਦਰ ਸਿੱਖਾਂ ਨੂੰ ਸ਼ਹੀਦ ਕਰਵਾਉਣ ਦੀ ਸੀ। ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਕੇ ਦੋ ਸਿੱਖਾਂ ਦੀ ਹੱਤਿਆ ਕਰਵਾਉਣ ਦੇ ਭਿਅੰਕਰ ਦੋਸ਼ ਕਰ ਕੇ ਅੱਜ ਤੋਂ 112 ਵਰ੍ਹੇ ਪਹਿਲਾਂ, ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿੱਚ, ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸੋਧਿਆ ਤੇ ਮਗਰੋਂ ਖੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ 'ਚ ਪੰਜਾਬ ਦੇ ਸਾਬਕਾ ਗਵਰਨਰ, ਮਾਈਕਲ



ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਅਤੇ ਐਂਗਲੋ ਇੰਡੀਅਨ ਏਜੰਟ ਹਾਪਕਿਨਸਨ

ਡਾ. ਗੁਰਵਿੰਦਰ ਸਿੰਘ
604 825 1550

ਉਡਵਾਇਰ ਨੂੰ ਸੰਨ 1940 ਵਿੱਚ ਮਾਰਨ ਨਾਲ ਕਾਫੀ ਮਿਲਦੀ ਹੈ। ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ ਸ਼ਹੀਦ ਊਧਮ ਸਿੰਘ ਦੇ ਇਨਕਲਾਬੀ ਕਦਮ ਤੋਂ 26 ਸਾਲ ਪਹਿਲਾਂ ਕੀਤਾ ਸੀ, ਜਿਹੜਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ।

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। ਸਿੱਖੀ ਪਿਛੋਕੜ ਨਾਲ ਸਬੰਧਤ ਪਰਿਵਾਰ ਵਾਲੇ ਮੇਵਾ ਸਿੰਘ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ।

ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ -ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ।

ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। 21 ਜੂਨ 1908 ਨੂੰ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਉਨ੍ਹਾਂ ਵਿਆਹ ਨਹੀਂ ਸੀ ਕਰਾਇਆ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ। ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼' ਦੇ ਵੈਨਕੂਵਰ ਪੁੱਜਣ 'ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ, 1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ 'ਗੁਰੂ ਨਾਨਕ ਜਹਾਜ਼' ਦੇ ਵਾਪਿਸ ਜਾਣ ਤੋਂ ਪਹਿਲਾਂ, ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ।

ਕੈਨੇਡਾ ਦੇ ਸ਼ਹਿਰ ਐਬਸਫੋਰਡ ਦੇ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਬ੍ਰਿਟਿਸ਼ ਹਿੰਦੁਸਤਾਨੀ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ 'ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ 1914 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ 1914 ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿੰਨਾ ਵਿੱਚ ਭਾਈ ਦਲੀਪ ਸਿੰਘ ਫਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਵਿਅਕਤੀ ਸ਼ਾਮਿਲ ਸਨ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ, ਜਿਨ੍ਹਾਂ ਵਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ।

ਹਿੰਦੁਸ

ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਹਾਪਕਿਨਸਨ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਗੋਲੀਆਂ ਦਾਗ਼ ਦਿੱਤੀਆਂ। ਹਿੰਦ ਸਰਕਾਰ ਦਾ ਸੂਹੀਆ ਵਿਲੀਅਮ ਚਾਰਲਸ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। ਹਿੰਦੁਸਤਾਨ, ਬਰਤਾਨੀਆ ਅਤੇ ਡੋਮੇਨੀਅਨ ਕੈਨੇਡੀਅਨ ਹਕੂਮਤਾਂ ਦਾ ਤੀਹਰਾ ਏਜੰਟ ਵਿਲੀਅਮ ਹਾਪਕਿਨਸਨ ਸਾਰਿਆਂ ਲਈ 'ਮਹੱਤਵਪੂਰਨ' ਸੀ ਅਤੇ ਉਸ ਨੂੰ ਦਫਨਾਉਣ ਸਮੇਂ 2000 ਦੇ ਕਰੀਬ ਪੁਲਿਸ ਕਰਮਚਾਰੀ, ਫਾਇਰਮੈਨ, ਇਮੀਗ੍ਰੇਸ਼ਨ ਅਤੇ ਕਸਟਮ ਅਧਿਕਾਰੀ ਸ਼ਾਮਿਲ ਹੋਏ ਤੇ ਵੱਡਾ ਮਾਰਚ ਕੀਤਾ ਗਿਆ।

30 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਭਾਈ ਸਾਹਿਬ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਵਿਚ ਅਨੁਵਾਦਕ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ : "ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰੂਦਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।

"ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈਂ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।" ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ।

ਨਸਲਵਾਦੀ ਹਾਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਭਾਈ ਮੇਵਾ ਸਿੰਘ ਵਲੋਂ ਕਬੂਲਣ ਮਗਰੋਂ, ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ, ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। 11 ਜਨਵਰੀ 1915 ਈ. ਨੂੰ ਨਿਊ ਵੈਸਟਮਿਨਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ "ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੇ" ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ, ਧਰਮੀ ਯੋਧੇ ਦੀ 'ਜੈ ਜੈ ਕਾਰ' ਕਰ ਰਹੇ ਸਨ।

ਨਿਊ ਵੈਸਟਮਿਨਸਟਰ ਸ਼ਹਿਰ ਦੇ ਸਾਬਕਾ ਸਿਟੀ ਕੌਂਸਲਰ ਚੱਕਪਿੱਕਮਾਇਰ ਨੇ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਵਿਚਾਰਨ ਮਗਰੋਂ, ਸਿਟੀ ਕੌਂਸਲ ਵਿਚ 2020 ਨੂੰ ਮਤਾ ਲਿਆਂਦਾ ਅਤੇ 11 ਜਨਵਰੀ ਨੂੰ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ। ਇਸ ਸ਼ਹਿਰ ਵਿਚ ਹੀ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਗਈ ਸੀ। ਸਾਬਕਾ ਕੌਂਸਲਰ ਚੱਕ ਪਕਮਾਇਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸ਼ਹਾਦਤ ਦਾ ਐਲਾਨਨਾਮਾ ਜਾਰੀ ਕਰਨ, ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਅਤੇ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਨਿਭਾਈ ਇਤਿਹਾਸਕ ਭੂਮਿਕਾ ਲਈ ਸਦਾ ਚੇਤੇ ਕੀਤਾ ਜਾਂਦਾ ਰਹੇਗਾ। ਨਸਲਵਾਦ ਖ਼ਿਲਾਫ਼ ਡਟਣ ਵਾਲ਼ੇ ਸਮੂਹ ਭਾਈਚਾਰਿਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਸੂਬਾਈ ਅਤੇ ਫੈਡਰਲ ਪੱਧਰ ਦੇ ਸਿਆਸਤਦਾਨ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਵਿਚਾਰਨ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਵਿਚ ਮਲਟੀ-ਕਲਚਰਲਿਜ਼ਮ ਸਥਾਪਤ ਕਰਨ ਵਾਲੀ ਸ਼ਖ਼ਸੀਅਤ ਵਜੋਂ ਸਨਮਾਨ ਦਿੱਤਾ ਜਾਏ।

21 ਅਕਤੂਬਰ 1914 ਦੇ ਇਤਿਹਾਸ ਨੂੰ ਗੰਭੀਰਤਾ ਨਾਲ ਵਿਚਾਰ ਕੇ, ਇਸ ਦਿਨ 'ਤੇ ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ, ਕੈਨੇਡਾ ਵਿੱਚੋਂ ਚਿੱਟੇ ਨਸਲਵਾਦ ਦਾ ਅੰਤ ਕਰਨ ਲਈ ਵਿਲੀਅਮ ਹਾਪਕਿਨਸਨ ਨੂੰ ਸੋਧ ਕੇ, ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਹੈ। ਅੱਜ ਲੋੜ ਅਜਿਹੇ ਆਗੂਆਂ ਦੀ ਹੈ, ਜੋ ਭਾਈ ਮੇਵਾ ਸਿੰਘ ਦੀ ਸੋਚ ਅਨੁਸਾਰ ਮੌਜੂਦਾ ਨਸਲਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਖ਼ਿਲਾਫ਼ ਡਟਣ। ਹਾਪਕਿਨਸਨ ਅਤੇ ਬੋਲੇ ਵਰਗਿਆਂ ਦੇ ਵਾਰਿਸ ਅੱਜ ਵੀ ਖ਼ਤਮ ਨਹੀਂ ਹੋਏ, ਜਿਸ ਕਰਕੇ ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਵਾਰਿਸਾਂ ਨੂੰ ਤਕੜੇ ਹੋ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ, ਤਾਂ ਕਿ ਨਸਲਵਾਦੀ, ਬਸਤੀਵਾਦੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਾਲੀਆਂ ਹਕੂਮਤਾਂ ਖਿਲਾਫ਼ ਜੰਗ ਜਾਰੀ ਰੱਖਿਆ ਜਾ ਸਕੇ। ਅਜਿਹੇ ਕਦਮ ਨਸਲਵਾਦ ਦੇ ਮੁਕੰਮਲ ਖਾਤਮੇ ਵਿੱਚ ਸਹਾਈ ਸਿੱਧ ਹੋਣਗੇ।

'ਗੁਰੂ ਨਾਨਕ ਜਹਾਜ਼' ਦੀ ਸੱਚਾਈ ਕੀ ਹੈ ?

ਬੀਸੀ ਦੀਆਂ ਚੋਣਾਂ ਲੜ ਰਹੇ ਉਮੀਦਵਾਰ 'ਗੁਰੂ ਨਾਨਕ ਜਹਾਜ਼' ਦੀ ਸੱਚਾਈ ਸਵੀਕਾਰ ਕਰਨ





ਇੱਕ ਸਾਧਾਰਨ ਉਦਾਹਰਣ ਤੋਂ ਗੱਲ ਸ਼ੁਰੂ ਕਰਦੇ ਹਾਂ ਕਿ ਸਾਡੇ ਗੁਆਂਢੀ ਮੁਲਕ ਅਮਰੀਕਾ ਦੇ ਸ਼ਹਿਰ ਸਿਆਟਲ ਵਿੱਚ ਬੋਇੰਗ ਕੰਪਨੀ ਹਵਾਈ ਜਹਾਜ਼ ਬਣਾਉਂਦੀ ਹੈ। ਜਦ ਵੱਖ-ਵੱਖ ਦੇਸ਼ਾਂ ਦੀਆਂ ਏਅਰਲਾਈਨਾਂ ਬੋਇੰਗ ਤੋਂ ਹਵਾਈ ਜਹਾਜ਼ ਖ਼ਰੀਦਦੀਆਂ ਹਨ ਜਾਂ ਲੀਜ਼ ਤੋਂ ਲੈਂਦੀਆਂ ਹਨ, ਤਾਂ ਉਹ ਆਪਣੀ ਹੀ ਏਅਰਲਾਈਨ ਦਾ ਨਾਂ ਵਰਤਦੀਆਂ ਹਨ, ਨਾ ਕਿ ਬੋਇੰਗ ਦਾ! ਆਪਾ ਦੇਖਦੇ ਹੀ ਕਿ Air Canada, Air India, American Airlines, Emigrants, Cathy Pacific and WestJet are so many Airlines.

ਦਰਅਸਲ ਸੱਚਾਈ ਇਹ ਹੈ ਕਿ ਗੁਰੂ ਨਾਨਕ ਜਹਾਜ਼ ਸਟੀਮਸ਼ਿਪ ਕੰਪਨੀ ਨੇ 66,000, ਡਾਲਰ ਦੇ ਕੇ, ਛੇ ਮਹੀਨੇ ਲਈ ਇਕ ਜਹਾਜ਼ ਕਿਰਾਏ 'ਤੇ ਲਿਆ। ਇਹ ਸਮੁੰਦਰੀ ਜਹਾਜ਼ ਕਾਮਾਗਾਟ ਮਾਰੂ ਸਟੀਮਸ਼ਿਪ ਕੰਪਨੀ ਦਾ ਸੀ, ਜਿਵੇਂ ਕਿ ਏਅਰਲਾਈਨ ਦੀ ਬੋਇੰਗ ਕੰਪਨੀ ਹੁੰਦੀ ਹੈ, ਪਰ ਇਹ ਜਹਾਜ਼ ਕਿਰਾਏ 'ਤੇ ਲੈਣ ਮਗਰੋਂ ਇਸ ਦੀ ਪਛਾਣ ਕਾਮਾਗਾਟਾ ਮਾਰੂ ਨਹੀਂ, 'ਗੁਰੂ ਨਾਨਕ ਜਹਾਜ਼' ਵਜੋਂ ਹੀ ਹੁੰਦੀ ਹੈ। ਮੁਸਾਫ਼ਿਰਾਂ ਨੇ ਇਸ ਯਾਤਰਾ ਨੂੰ 'ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਯਾਤਰਾ' ਦਾ ਨਾਂ ਦਿੱਤਾ ਤੇ ਜਹਾਜ਼ ਨੂੰ 'ਗੁਰੂ ਨਾਨਕ ਜਹਾਜ਼' ਨਾਂ ਦਿੱਤਾ। ਨਾ ਉਸ ਵਿੱਚ ਕੋਈ ਜਪਾਨੀ ਮੁਸਾਫ਼ਰ ਸੀ ਅਤੇ ਨਾ 'ਜਪਾਨੀ ਨਾਂ' ਨਾਲ ਲੈਣਾ ਦੇਣਾ ਸੀ, ਪਰ ਅਫ਼ਸੋਸ ਕਿ ਇਤਿਹਾਸ ਵਿੱਚ ਦਰਜ ਅਸਲ ਬਿਰਤਾਂਤ ਨੂੰ ਨਹੀਂ ਦੇਖਿਆ ਗਿਆ।

ਇਹ ਸੱਚਾਈ ਬਾਬਾ ਗੁਰਦਿੱਤ ਸਿੰਘ ਵੱਲੋਂ 1920 'ਚ ਲਿਖੀ ਕਿਤਾਬ 'ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਦਰਦ ਭਰੀ ਦਾਸਤਾਨ' ਦੇ ਰਾਹੀਂ ਸਾਹਮਣੇ ਆਈ ਹੈ ਕਿ ਮੁਸਾਫਰਾਂ ਨੇ ਆਪਣੇ ਸਫਰ ਨੂੰ 'ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦਾ ਸਫ਼ਰ' ਨਾਂ ਦਿੱਤਾ। ਹਾਲਾਂਕਿ ਇਸ ਤੋਂ ਪਹਿਲਾਂ ਵੀ ਕਈ ਕਿਤਾਬਾਂ ਦੇ ਹਵਾਲਿਆਂ ਵਿੱਚ ਗੁਰੂ ਨਾਨਕ ਜਹਾਜ਼ ਸ਼ਬਦ ਵਾਰ-ਵਾਰ ਮਿਲਦਾ ਹੈ, ਪਰ ਉਸ ਨੂੰ ਜਾਣੇ-ਅਣਜਾਣੇ ਵਿੱਚ ਹਟਾ ਦਿੱਤਾ ਗਿਆ ਹੈ। ਬਾਬਾ ਗੁਰਦਿੱਤ ਸਿੰਘ ਜੀ ਦੀ ਆਪਣੀ ਲਿਖਤ ਦੇ ਸਾਹਮਣੇ ਆਉਣ ਮਗਰੋਂ, ਸਾਨੂੰ ਹੁਣ ਇਸ ਬਿਰਤਾਂਤ ਨੂੰ ਅਸਲ ਨਾਂ 'ਗੁਰੂ ਨਾਨਕ ਜਹਾਜ਼' ਨਾਲ ਚੇਤੇ ਕਰਨਾ ਚਾਹੀਦਾ ਹੈ। ਜਾਣਕਾਰੀ ਲਈ ਇਹ ਕਿਤਾਬ ਡਾਕਟਰ ਗੁਰਦੇਵ ਸਿੰਘ ਸਿੱਧੂ ਵੱਲੋਂ ਸੰਪਾਦਿਤ ਕੀਤੀ ਗਈ ਹੈ, ਜੋ 2014 ਵਿੱਚ ਸੰਪਾਦਕ ਕੀਤਾ ਸੀ, ਪਰ ਕੈਨੇਡਾ ਵਿੱਚ ਮਸਲੇ 'ਤੇ ਮਾਫ਼ੀ ਵਾਲਿਆਂ ਰਾਜਨੀਤਕਾਂ, ਐਕਟਵਿਸਟਾਂ ਵਿੱਚ ਮੀਡੀਆਕਰਮੀਆਂ ਨੇ ਸ਼ਾਇਦ ਕਿਤਾਬ ਪੜ੍ਹੀ ਨਹੀਂ ਜਾਂ ਕਹਿ ਦਈਏ ਕਿ ਅਣਗੌਲੀ ਹੋ ਗਈ, ਜਿਸ ਕਰਕੇ submitted record ਨੂੰ ਮੁੱਖ ਰੱਖਦੇ ਹੋਏ, ਨਵੰਬਰ 2016 ਵਿੱਚ ਕੈਨੇਡਾ ਦੇ ਪਾਰਲੀਮੈਂਟ ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਾਮਾਗਾਟਾਮਾਰੂ ਦੀ ਨਾਂ 'ਤੇ ਮਾਫ਼ੀ ਮੰਗੀ ਸੀ। ਡਾ. ਗੁਰਦੇਵ ਸਿੰਘ ਸਿੱਧੂ ਜੀ 2024 ਵਿੱਚ ਜਦ 110 ਵੀ ਵਰ੍ਹੇਗੰਢ 'ਤੇ ਕੈਨੇਡਾ ਆਏ, ਤਾਂ 'ਗੁਰੂ ਨਾਨਕ ਜਹਾਜ਼ ਹੈਰੀਟੇਜ ਸੋਸਾਇਟੀ, ਕੈਨੇਡਾ' ਨੇ 'ਗੁਰੂ ਨਾਨਕ ਜਹਾਜ਼' ਕਿਤਾਬ ਰਿਲੀਜ਼ ਕੀਤੀ ਅਤੇ ਜਾਣਕਾਰੀ ਦੇ ਕੇ ਜਾਗ੍ਰਿਤੀ ਪੈਦਾ ਕਰ ਦਿੱਤੀ। ਮੈਨੂੰ ਇਹ ਕਿਤਾਬ ਸਾਰੇ ਸਬੂਤਾਂ ਨਾਲ ਪੜ੍ਹਨ ਦਾ ਮੌਕਾ ਮਿਲਿਆ। ਡਾਕਟਰ ਸਿੱਧੂ ਜੀ ਨੇ ਦਰਜਨ ਦੇ ਕਰੀਬ, ਗ਼ਦਰ ਨਾਲ ਸੰਬੰਧਿਤ ਕਿਤਾਬਾਂ ਸੰਪਾਦਿਤ ਕੀਤੀਆਂ ਹਨ। ਜਿਹੜੇ ਸੱਜਣ 'ਲਕੀਰ ਦੇ ਫ਼ਕੀਰ' ਬਣ ਰਹੇ ਹਨ ਅਤੇ ਆਪਣਾ 'ਅਨਾੜੀਪੁਣਾ' ਜੱਗ ਜ਼ਾਹਿਰ ਕਰਕੇ 'ਅਕਲ 'ਤੇ ਪਿਆ ਪਰਦਾ' ਸਾਫ਼ ਦਿਖਾ ਰਹੇ ਹਨ, ਉਹਨਾਂ ਦੀ ਹਾਸੋ-ਹੀਣੀ ਗੱਲ ਲਗਦੀ ਹੈ, ਜਦ ਕਿ ਸਾਇੰਸ ਅਤੇ ਤਕਨਾਲੋਜੀ ਹਰ ਰੋਜ਼ ਨਵੀਆਂ ਖੋਜਾਂ ਕਰਕੇ ਸਾਨੂੰ ਹੈਰਾਨ ਅਤੇ ਜਾਗਰੂਕ ਕਰ ਰਹੀ ਹੈ। ਇਹਨਾਂ ਨਵੀਆਂ ਖੋਜਾਂ ਤੋਂ ਸਾਡੇ ਵਿਗਿਆਨੀਆਂ ਅਤੇ ਡਾਕਟਰਾਂ ਨੂੰ ਹਰ ਰੋਜ਼ ਨਵਾਂ ਸਿੱਖਣ ਨੂੰ ਮਿਲਦਾ ਹੈ, ਉਹ ਕਦੇ 'ਪਹਿਲਾਂ ਕੀ ਸੀ? ਅਸੀਂ ਨਵੀਂ ਖੋਜ ਨਹੀਂ ਮੰਨਦੇ!' ਕਹਿ ਕਿ ਆਪਣੇ ਆਪ ਦੀ 'ਮੂਰਖਤਾ' ਸਾਬਤ ਨਹੀਂ ਕਰਦੇ, ਬਲਕਿ 'ਧੰਨਵਾਦ' ਕਰਦੇ ਹੋਏ ਖੁਸ਼ੀ ਨਾਲ ਨਵੀਆਂ ਜਾਣਕਾਰੀਆਂ ਪ੍ਰਯੋਗ ਵਿੱਚ ਲਿਆਉਂਦੇ ਹਨ। ਇਸ ਲਈ ਜਿਹੜੇ ਵੀ ਲੋਕ ਜਾਣਦੇ ਹੋਏ ਜਾਂ ਅਣਜਾਣ ਬਣ ਕੇ, ਆਪਣੀ ਅਗਿਆਨਤਾ ਦਾ ਪ੍ਰਗਟਾਵਾ ਕਰਦੇ ਹਨ, ਉਹਨਾਂ ਦੀ ਵਧੀਆ ਗੱਲ ਨਹੀਂ ਹੈ। ਅੱਜ ਦੇ ਤਕਨਾਲੋਜੀ ਦੇ ਯੁੱਗ ਵਿੱਚ ਹਰ ਇੱਕ ਦੀ ਮੁੱਠੀ ਵਿੱਚ ਹਰ ਜਾਣਕਾਰੀ ਉਪਲਬਧ ਹੈ।

'ਗੁਰੂ ਨਾਨਕ ਜਹਾਜ਼' ਦੀ ਸੱਚਾਈ ਸਾਹਮਣੇ ਆਉਣ ਤੋਂ ਬਾਅਦ ਵੈਨਕੂਵਰ ਸਿਟੀ ਹਾਲ ਨੇ ਗੁਰੂ ਨਾਨਕ ਜਹਾਜ਼ ਦੇ ਨਾਂ ਉੱਪਰ ਮਾਫ਼ੀ ਵੀ ਮੰਗੀ ਹੈ ਅਤੇ Proclamation ਜਾਰੀ ਕਰਕੇ 23 ਮਈ Guru Nanak Jahaz Remembrance Day ਐਲਾਨ ਦਿੱਤਾ ਹੈ। ਇਸੇ ਤਰ੍ਹਾਂ 'ਸਿਟੀ ਆਫ ਸਰੀ' ਨੇ ਵੀ 'ਗੁਰੂ ਨਾਨਕ ਜਹਾਜ਼ ਐਲਾਨਨਾਮਾ' ਜਾਰੀ ਕੀਤਾ ਹੈ। ਇਥੋਂ ਤੱਕ ਕਿ ਹੁਣ ਵਾਟਰ ਫਰੰਟ ਵੈਨਕੂਵਰ 'ਤੇ ਬਣੀ ਹੋਈ ਯਾਦਗਾਰ ਨੂੰ ਵੀ ਮੁੱਖ ਤੌਰ 'ਤੇ 'ਗੁਰੂ ਨਾਨਕ ਜਹਾਜ਼' ਨਾਂ 'ਤੇ ਸਥਾਪਿਤ ਕੀਤਾ ਜਾ ਚੁੱਕਿਆ ਹੈ, ਜੋ ਪਹਿਲਾਂ ਕਾਮਾਗਾਟਾਮਾਰੂ

ਪਰਲੋ ਵੱਲ ਵਧ ਰਿਹਾ ਅਜੋਕਾ ਮਨੁੱਖ

ਪਰਲੋ ਅਜਿਹਾ ਕੁਦਰਤੀ ਵਰਤਾਰਾ ਹੈ ਜਿਸ ਦੌਰਾਨ ਧਰਤੀ 'ਤੇ ਜੀਵਾਂ ਦੀਆਂ ਨਸਲਾਂ ਥੋੜ੍ਹੇ ਸਮੇਂ ਵਿੱਚ ਖ਼ਤਮ ਹੋ ਜਾਂਦੀਆਂ ਹਨ ਅਤੇ ਬਾਅਦ ਵਿੱਚ ਫਿਰ ਤੋਂ ਨਵੀਂ ਦੁਨੀਆ ਦੀ ਸ਼ੁਰੂਆਤ ਹੁੰਦੀ ਹੈ। ਇਸ ਨੂੰ ਮਹਾਂ ਵਿਨਾਸ਼ ਵੀ ਆਖਦੇ ਹਨ। ਸੰਸਕ੍ਰਿਤ ਵਿੱਚ ਇਸ ਨੂੰ 'ਪ੍ਰਲਯ' ਅਤੇ ਉਰਦੂ ਵਿੱਚ 'ਕਿਆਮਤ' ਆਖਿਆ ਜਾਂਦਾ ਹੈ। ਲੋਕ ਕਥਾਵਾਂ ਅਨੁਸਾਰ ਇਸ ਨੂੰ ਧਰਤੀ ਦੇ ਕੁੱਲ ਮਨੁੱਖੀ ਸੱਭਿਅਤਾ ਸਮੇਤ ਸਮੂਹ ਜੀਵਾਂ ਦੇ ਸਰਬਨਾਸ਼ ਵਜੋਂ ਵੀ ਜਾਣਿਆ ਜਾਂਦਾ ਹੈ। ਵਿਗਿਆਨੀ ਹੁਣ ਤੱਕ ਵਾਪਰੀਆਂ ਪਰਲੋ ਦੀਆਂ ਘਟਨਾਵਾਂ ਨੂੰ ਸਿੱਧ ਕਰਨ ਲਈ ਪਥਰਾਟਾਂ, ਧਰਤੀ ਦੀਆਂ ਤਹਿਆਂ ਵਿੱਚ ਸੂਖਮ ਤੱਤਾਂ ਦੀ ਮੌਜੂਦਗੀ ਅਤੇ ਪੁਰਾਣੀਆਂ ਚੱਟਾਨਾਂ ਦੀ ਉਮਰ ਦੀਆਂ ਤਕਨੀਕਾਂ ਨੂੰ ਸਬੂਤ ਵਜੋਂ ਪੇਸ਼ ਕਰਦੇ ਹਨ।

ਅਤੀਤ ਦੇ ਮਹਾਂ ਵਿਨਾਸ਼: ਵਿਗਿਆਨੀਆਂ ਅਨੁਸਾਰ ਵੱਖ-ਵੱਖ ਸਮੇਂ 'ਤੇ ਹੁਣ ਤੱਕ ਪੰਜ ਵਾਰ ਧਰਤੀ ਉੱਤੇ ਪਰਲੋ ਆ ਚੁੱਕੀ ਹੈ। ਪਹਿਲੀ ਵਾਰ ਪਰਲੋ ਕਰੀਬ 44 ਕਰੋੜ ਸਾਲ ਪਹਿਲਾਂ ਆਈ ਸੀ। ਇਸ ਦੌਰਾਨ ਧਰਤੀ ਦੀਆਂ ਟੈਕਟਾਨਿਕ ਪਲੇਟਾਂ ਵਿੱਚ ਆਈਆਂ ਤਬਦੀਲੀਆਂ ਅਤੇ ਵਾਤਾਵਰਨ ਵਿੱਚ ਆਏ ਬਦਲਾਅ ਕਰਕੇ ਸਮੁੰਦਰੀ ਪਾਣੀ ਨੇ ਧਰਤੀ ਉੱਤੇ ਤਬਾਹੀ ਮਚਾ ਦਿੱਤੀ ਸੀ। ਇਸ ਪਰਲੋ 'ਚ ਧਰਤੀ ਦੇ ਕੁੱਲ ਜੀਵਾਂ ਦੇ 71 ਫ਼ੀਸਦ ਦੇ ਕਰੀਬ ਜੀਵ ਨਸ਼ਟ ਹੋ ਗਏ ਸਨ। ਦੂਜੀ ਪਰਲੋ ਕਰੀਬ 37 ਕਰੋੜ ਸਾਲ ਪਹਿਲਾਂ ਆਈ ਸੀ। ਜ਼ਮੀਨੀ ਖ਼ੁਰਾਕੀ ਤੱਤਾਂ ਦੇ ਰੁੜ੍ਹ ਕੇ ਸਮੁੰਦਰਾਂ ਵਿੱਚ ਮਿਲ ਜਾਣ ਨੂੰ ਇਸ ਦੇ ਆਉਣ ਦਾ ਵੱਡਾ ਕਾਰਨ ਦੱਸਿਆ ਜਾਂਦਾ ਹੈ। ਕਰੀਬ 25 ਕਰੋੜ ਸਾਲ ਪਹਿਲਾਂ ਵਾਪਰੇ ਤੀਜੇ ਮਹਾਂ ਵਿਨਾਸ਼ (ਜਿਸ ਨੂੰ ਦਿ ਗ੍ਰੇਟ ਡਾਇੰਗ ਦਾ ਨਾਂ ਦਿੱਤਾ ਗਿਆ ਹੈ) ਵਿੱਚ 80 ਫ਼ੀਸਦ ਸਮੁੰਦਰੀ ਜੀਵ ਅਤੇ 70 ਫ਼ੀਸਦ ਜ਼ਮੀਨੀ ਪ੍ਰਾਣੀਆਂ ਦਾ ਖ਼ਾਤਮਾ ਹੋਣ ਦਾ ਅਨੁਮਾਨ ਹੈ। ਜਵਾਲਾਮੁਖੀਆਂ ਦਾ ਫਟਣਾ, ਸਮੁੰਦਰੀ ਤਾਪਮਾਨ ਵਿੱਚ ਵਾਧਾ ਅਤੇ ਕਾਰਬਨ ਚੱਕਰ ਵਿੱਚ ਆਈਆਂ ਤਬਦੀਲੀਆਂ ਇਸ ਵਿਨਾਸ਼ ਦੇ ਸੰਭਾਵੀ ਕਾਰਨ ਦੱਸੇ ਗਏ ਹਨ। 20 ਕਰੋੜ ਸਾਲ ਪਹਿਲਾਂ ਵਾਪਰੇ ਚੌਥੇ ਮਹਾਂ ਵਿਨਾਸ਼ ਵਿੱਚ ਜ਼ਮੀਨੀ ਅਤੇ ਜਲ ਜੀਵਾਂ ਜਿਵੇਂ ਮੱਛੀਆਂ, ਰੀਂਗਣ ਵਾਲੇ ਅਤੇ ਜੀਵਾਂ ਦੀਆਂ ਅਨੇਕਾਂ ਪ੍ਰਜਾਤੀਆਂ ਲੋਪ ਹੋ ਗਈਆਂ ਸਨ। ਵਿਗਿਆਨੀਆਂ ਨੇ ਇਸ ਦੇ ਵਾਪਰਨ ਦਾ ਕਾਰਨ ਜਵਾਲਾਮੁਖੀਆਂ ਤੋਂ ਉਪਜੀਆਂ ਗੈਸਾਂ ਅਤੇ ਉਨ੍ਹਾਂ ਨਾਲ ਵਧੇ ਤਾਪਮਾਨ ਦਾ ਜੀਵਾਂ ਵੱਲੋਂ ਸਹਿਣ ਨਾ ਕਰ ਸਕਣਾ ਦੱਸਿਆ ਹੈ। ਸੰਭਾਵਿਤ ਪੰਜਵਾਂ ਮਹਾਂ ਵਿਨਾਸ਼ ਕਰੀਬ ਸਾਢੇ ਛੇ ਕਰੋੜ ਸਾਲ ਪਹਿਲਾਂ ਵਾਪਰਿਆ ਸੀ।

ਇੱਕ ਅਨੁਮਾਨ ਅਨੁਸਾਰ 10 ਕਿਲੋਮੀਟਰ ਵਿਆਸ ਦਾ ਉਲਕਾ ਪਿੰਡ (Meteorites) ਭਾਵ ਅਸਮਾਨੀ ਵਸਤੂ (ਸੂਰਜ ਦੁਆਲੇ ਚੱਕਰ ਲਾਉਂਦੇ ਨਿੱਕੇ-ਨਿੱਕੇ ਗ੍ਰਹਿਆਂ ਨੂੰ ਉਲਕਾ ਪਿੰਡ ਕਿਹਾ ਜਾਂਦਾ ਹੈ) ਧਰਤੀ 'ਤੇ ਆ ਕੇ ਡਿੱਗਿਆ ਸੀ, ਜਿਸ ਕਾਰਨ ਚਾਰੇ ਪਾਸੇ ਧੂੜ ਉੱਡ ਗਈ ਅਤੇ ਗਰਮ ਹਵਾਵਾਂ ਨੇ ਤਬਾਹੀ ਮਚਾਈ ਅਤੇ ਦੇਖਦਿਆਂ ਹੀ ਦੇਖਦਿਆਂ ਸਭ ਕੁਝ ਨਸ਼ਟ ਹੋ ਗਿਆ ਸੀ। ਕੇਂਦਰੀ ਅਮਰੀਕਾ ਦੇ ਯੂਕਾਟਾਨ ਪ੍ਰਾਇਦੀਪ (ਪਾਣੀ ਨਾਲ ਘਿਰੇ ਟਾਪੂ ਜਿਸ ਦੇ ਇੱਕ

ਅਸ਼ਵਨੀ ਚਤਰਥ

ਪਾਸੇ ਜ਼ਮੀਨੀ ਰਸਤਾ ਹੁੰਦਾ ਹੈ, ਨੂੰ ਪ੍ਰਾਇਦੀਪ ਆਖਦੇ ਹਨ) ਵਿੱਚ ਮਿਲਦੇ ਵੱਡੇ ਆਕਾਰ ਦੇ ਡੂੰਘੇ ਟੋਏ ਅਸਮਾਨੀ ਵਸਤਾਂ ਦੇ ਡਿੱਗਣ ਦੇ ਸੰਕੇਤ ਹਨ। ਜ਼ਿਕਰਯੋਗ ਹੈ ਕਿ ਡਾਇਨਾਸੋਰਾਂ ਦਾ ਧਰਤੀ ਤੋਂ ਪੂਰੀ ਤਰ੍ਹਾਂ ਖ਼ਤਮ ਹੋਣਾ ਆਖ਼ਰੀ ਮਹਾਂ ਵਿਨਾਸ਼ ਦੀ ਇੱਕ ਮੁੱਖ ਘਟਨਾ ਹੈ। ਵੱਖ-ਵੱਖ ਥਾਵਾਂ ਤੋਂ ਮਿਲਦੇ ਇਨ੍ਹਾਂ ਜੀਵਾਂ ਦੇ ਪਿੰਜਰ ਪੰਜਵੀਂ ਪਰਲੋ ਦੀ ਕਹਾਣੀ ਬਿਆਨ ਕਰਦੇ ਹਨ।

ਅਜੋਕੇ ਹਾਲਾਤ: ਵਿਗਿਆਨੀਆਂ ਦਾ ਖਿਆਲ ਹੈ ਕਿ ਧਰਤੀ ਦੀ ਛੇਵੀਂ ਪਰਲੋ ਦੀ ਸ਼ੁਰੂਆਤ ਹੋ ਚੁੱਕੀ ਹੈ। ਅਨੇਕਾਂ ਅਜਿਹੇ ਕਾਰਨ ਹਨ ਜੋ ਇਸ ਨੂੰ ਅੰਜਾਮ ਤੱਕ ਪਹੁੰਚਾਉਣ ਵਿੱਚ ਲੱਗੇ ਹੋਏ ਹਨ। ਪਹਿਲੀਆਂ ਪੰਜ ਪਰਲੋਆਂ ਦੀਆਂ ਘਟਨਾਵਾਂ ਨਾਲੋਂ ਮੌਜੂਦਾ ਮਹਾਂ ਵਿਨਾਸ਼ ਦੀ ਘਟਨਾ ਵੱਖਰੀ ਹੈ। ਪਹਿਲੀਆਂ ਘਟਨਾਵਾਂ ਵਿੱਚ ਮਹਾਂ ਵਿਨਾਸ਼ ਕੁਦਰਤੀ ਘਟਨਾਵਾਂ ਕਰਕੇ ਹੋਏ ਸਨ ਜਦਕਿ ਮੌਜੂਦਾ ਸਮੇਂ ਮਹਾਂ ਵਿਨਾਸ਼ ਦੀ ਘਟਨਾ ਮਨੁੱਖੀ ਕਿਰਿਆਵਾਂ ਕਰਕੇ ਹੋ ਰਹੀ ਹੈ। ਦੁਨੀਆ ਦੀ ਤੇਜ਼ੀ ਨਾਲ ਵਧਦੀ ਮਨੁੱਖੀ ਆਬਾਦੀ ਧਰਤੀ ਨੂੰ ਮਹਾਂ ਵਿਨਾਸ਼ ਵੱਲ ਧੱਕ ਰਹੀ ਹੈ।

ਸੰਨ 1350 ਤੋਂ ਬਾਅਦ ਆਬਾਦੀ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਗਈ ਸੀ ਅਤੇ 1962 ਤੱਕ ਇਸ ਦਾ ਤੇਜ਼ੀ ਨਾਲ ਵਧਣਾ ਜਾਰੀ ਰਿਹਾ ਸੀ। ਉਪਰੰਤ ਆਬਾਦੀ ਤਾਂ ਵਧ ਰਹੀ ਹੈ ਪਰ ਘੱਟ ਦਰ ਨਾਲ ਵਧ ਰਹੀ ਹੈ। ਸੰਨ 1800 ਵਿੱਚ ਮਨੁੱਖੀ ਆਬਾਦੀ ਇੱਕ ਸੌ ਕਰੋੜ ਸੀ, 1930 'ਚ 200 ਕਰੋੜ, 1974 'ਚ 400 ਕਰੋੜ, 1999 'ਚ 600 ਕਰੋੜ ਅਤੇ 2026 'ਚ 831 ਕਰੋੜ ਤੋਂ ਵੱਧ ਹੋ ਚੁੱਕੀ ਹੈ। ਤੇਜ਼ੀ ਨਾਲ ਵਧੀ ਇਨਸਾਨੀ ਆਬਾਦੀ ਨੇ ਭੋਜਨ ਦੀਆਂ ਲੋੜਾਂ ਵਿੱਚ ਬੇਹਿਸਾਬ ਵਾਧਾ ਕਰ ਦਿੱਤਾ ਸੀ, ਜਿਸ ਦੇ ਸਿੱਟੇ ਵਜੋਂ ਸਮੁੱਚੀ ਦੁਨੀਆ ਉੱਤੇ ਜੰਗਲਾਂ ਨੂੰ ਕੱਟ ਕੇ ਜ਼ਮੀਨ ਨੂੰ ਵਾਹੀਯੋਗ ਬਣਾਇਆ ਗਿਆ ਅਤੇ ਇਹ ਪ੍ਰਕਿਰਿਆ ਅੱਜ ਵੀ ਜਾਰੀ ਹੈ।

ਜੰਗਲਾਂ ਦੀ ਕਟਾਈ ਨਾਲ ਜੀਵ-ਜੰਤੂਆਂ ਅਤੇ ਪਸ਼ੂ-ਪੰਛੀਆਂ ਦੇ ਕੁਦਰਤੀ ਨਿਵਾਸ-ਸਥਾਨ ਘਟ ਗਏ ਹਨ, ਜਿਸ ਕਰਕੇ ਜੀਵਾਂ ਦੀਆਂ ਪ੍ਰਜਾਤੀਆਂ ਲੋਪ ਹੋ ਰਹੀਆਂ ਹਨ। ਇਹ ਸਾਰੇ ਤੱਥ ਧਰਤੀ 'ਤੇ ਜੀਵਾਂ ਦੇ ਵਿਨਾਸ਼ ਦੀ ਕਹਾਣੀ ਲਿਖ ਰਹੇ ਹਨ। ਵਧਦੇ ਸ਼ਹਿਰੀਕਰਨ ਕਰਕੇ ਜ਼ਮੀਨਾਂ ਦੀ ਵਰਤੋਂ ਘਰ ਬਣਾਉਣ ਲਈ, ਬੁਨਿਆਦੀ ਢਾਂਚੇ ਲਈ ਅਤੇ ਸੜਕਾਂ ਬਣਾਉਣ ਲਈ ਕੀਤੀ ਜਾ ਰਹੀ ਹੈ, ਜਿਸ ਨਾਲ ਜੀਵ-ਜੰਤੂਆਂ ਦੇ ਕੁਦਰਤੀ ਨਿਵਾਸ ਸਥਾਨ ਨਸ਼ਟ ਹੋ ਰਹੇ ਹਨ। ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਯੂਰੋਪ ਵਿੱਚ ਸੰਨ 1760 ਵਿੱਚ ਹੋਈ ਸੀ, ਜਿਸ ਦਾ ਘੇਰਾ ਬਾਅਦ ਵਿੱਚ ਹੌਲੀ-ਹੌਲੀ ਸੰਸਾਰ ਦੇ ਬਾਕੀ ਦੇਸ਼ਾਂ ਵਿੱਚ ਵੀ ਫੈਲ ਗਿਆ। ਪਰ ਉਦਯੋਗੀਕਰਨ ਨੇ ਆਦਮੀ ਦੀ ਸਿਰਫ਼ ਭੌਤਿਕ ਤਰੱਕੀ ਹੀ ਕੀਤੀ ਹੈ। ਅਜਿਹੇ ਇੱਕ-ਪਾਸੜ ਵਿਕਾਸ ਨੇ ਲੋਕਾਂ ਲਈ ਅਨੇਕਾਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ। ਉਦਯੋਗਾਂ ਤੋਂ ਨਿਕਲਦੀਆਂ ਕਾਰਬਨ ਡਾਇਆਕਸਾਈਡ ਅਤੇ ਮਿਥੇਨ ਵਰਗੀਆਂ ਗੈਸਾਂ ਆਲਮੀ ਤਪਸ਼ ਪੈਦਾ ਕਰ ਰਹੀਆਂ ਹਨ। ਇਸ ਗਰਮੀ ਨਾਲ ਬਰਫ਼ ਦੇ ਪਹਾੜ ਪਿਘਲ ਰਹੇ ਹਨ, ਜਿਸ ਕਾਰਨ ਸਮੁੰਦਰਾਂ 'ਚ ਪਾਣੀ ਦਾ ਪੱਧਰ ਵਧ ਰਿਹਾ ਹੈ। ਇਸ ਨਾਲ ਦੁਨੀਆ ਦੇ ਕਈ ਸ਼ਹਿਰਾਂ ਦੇ ਸਮੁੰਦਰੀ ਪਾਣੀ ਵਿੱਚ ਡੁੱਬਣ ਦਾ ਖ਼ਤਰਾ ਬਣਿਆ ਹੋਇਆ ਹੈ। ਅਖੌਤੀ ਵਿਕਾਸ ਨੇ ਅਨੇਕਾਂ ਤਰ੍ਹਾਂ ਦੇ ਪ੍ਰਦੂਸ਼ਣਾਂ ਨੂੰ ਜਨਮ ਦਿੱਤਾ ਹੈ। ਇਨ੍ਹਾਂ ਨਾਲ ਸਾਡੀ ਜ਼ਮੀਨ, ਹਵਾ ਅਤੇ ਪਾਣੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਆਲਮੀ ਤਪਸ਼ ਨੇ ਸਾਡੀਆਂ ਸਾਲਾਨਾ ਰੁੱਤਾਂ ਨੂੰ ਆਪਣੀ ਥਾਂ ਤੋਂ ਖਿਸਕਾ ਦਿੱਤਾ ਹੈ। ਮੌਨਸੂਨ ਦੀਆਂ ਬਾਰਿਸ਼ਾਂ ਬੇਯਕੀਨੀ ਅਤੇ ਬੇਤਰਤੀਬੀਆਂ ਬਣ ਗਈਆਂ ਹਨ। ਬਰਸਾਤੀ ਮੌਸਮ ਵਿੱਚ ਕਈ ਇਲਾਕੇ ਤਾਂ ਸੋਕੇ ਵਾਲੇ ਰਹਿ ਜਾਂਦੇ ਹਨ ਅਤੇ ਕਈ ਥਾਵਾਂ ਉੱਤੇ ਬੱਦਲ ਫਟਣ ਕਾਰਨ ਹੜ੍ਹ ਵਰਗੇ ਹਾਲਾਤ ਬਣ ਜਾਂਦੇ ਹਨ। ਇਹ ਸਭ ਧਰਤੀ ਦੇ ਜੀਵਾਂ ਨੂੰ ਬਰਬਾਦੀ ਵੱਲ ਲਿਜਾ ਰਹੇ ਹਨ। ਗ਼ੈਰ-ਕਾਨੂੰਨੀ ਸ਼ਿਕਾਰ ਨੇ ਵੀ ਕੁਝ ਨਸਲਾਂ ਦੇ ਜੀਵਾਂ ਨੂੰ ਖ਼ਤਮ ਹੋਣ ਕੰਢੇ ਪਹੁੰਚਾ ਦਿੱਤਾ ਹੈ।

ਸਮੁੰਦਰੀ ਅਤੇ ਤਾਜ਼ੇ ਪਾਣੀ ਵਿੱਚ ਮੱਛੀਆਂ ਦੇ ਫੜਨ ਦੀ ਦਰ ਵਧ ਗਈ ਹੈ, ਜਿਸ ਕਾਰਨ ਮੱਛੀਆਂ ਦੀਆਂ ਕੁਝ ਨਸਲਾਂ ਲੋਪ ਹੋ ਗਈਆਂ ਹਨ। ਪਾਣੀ ਦੀ ਵਧਦੀ ਮੰਗ ਅਤੇ ਵਾਤਾਵਰਨੀ ਤਬਦੀਲੀਆਂ ਕਰਕੇ ਵਿਸ਼ਵ ਦੇ ਅਨੇਕਾਂ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ। ਪਾਣੀ ਦੀ ਕਿੱਲਤ ਕਾਰਨ ਅੰਤਰਰਾਜੀ ਅਤੇ ਕੌਮਾਂਤਰੀ ਝਗੜੇ ਪੈਦਾ ਹੋ ਰਹੇ ਹਨ ਜੋ ਆਦਮੀ ਨੂੰ ਵਿਨਾਸ਼ ਵੱਲ ਧੱਕ ਰਹੇ ਹਨ। ਸਮੁੰਦਰਾਂ ਵਿੱਚ ਸੁੱਟਿਆ ਜਾਂਦਾ ਪਲਾਸਟਿਕ ਅਤੇ ਜ਼ਹਿਰੀਲੀ ਰਹਿੰਦ-ਖੂੰਹਦ ਅਤੇ ਜਹਾਜ਼ਾਂ 'ਚੋਂ ਡੁੱਲ੍ਹਦਾ ਕੱਚਾ ਤੇਲ ਪਾਣੀ ਨੂੰ ਜ਼ਹਿਰੀਲਾ ਬਣਾਉਂਦਾ ਹੈ। ਇਸੇ ਤਰ੍ਹਾਂ ਤਾਜ਼ੇ ਪਾਣੀਆਂ ਵਿੱਚ ਸੁੱਟੇ ਜਾਂਦੇ ਕੂੜੇ ਕਾਰਨ ਦਰਿਆਵਾਂ ਦਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਇਹ ਪਾਣੀ ਜਲ-ਜੀਵਾਂ ਨੂੰ ਖ਼ਤਮ ਕਰ ਰਿਹਾ ਹੈ। ਪਲਾਸਟਿਕ ਪ੍ਰਦੂਸ਼ਣ ਨੇ ਸਮੁੰਦਰੀ ਜਨ-ਜੀਵਨ ਅਤੇ ਜਲ ਜੀਵਾਂ ਨੂੰ ਵੱਡੀ ਢਾਹ ਲਾਈ ਹੈ।

ਇੱਥੇ ਇੱਕ ਉਦਾਹਰਣ ਦਾ ਜ਼ਿਕਰ ਕਰਨਾ ਬਣਦਾ ਹੈ। ਘਰੇਲੂ ਚਿੜੀਆਂ ਜੋ ਪੁਰਾਣੇ ਸਮੇਂ ਵਿੱਚ ਖਾਲੀ ਇਮਾਰਤਾਂ, ਖੁੱਲ੍ਹੀਆਂ ਥਾਵਾਂ ਅਤੇ ਘਰਾਂ 'ਚ ਲੱਕੜ ਦੀਆਂ ਛੱਤਾਂ ਵਿੱਚ ਰਹਿੰਦੀਆਂ ਸਨ। ਇਮਾਰਤਾਂ ਦੇ ਡਿਜ਼ਾਈਨ ਬਦਲਣ ਕਰਕੇ, ਸ਼ਹਿਰੀਕਰਨ, ਮੋਬਾਈਲ ਟਾਵਰਾਂ ਤੋਂ ਨਿਕਲਦੀਆਂ ਕਿਰਨਾਂ ਕਰਕੇ ਚਿੜੀਆਂ ਦੀ ਗਿਣਤੀ ਵੱਡੇ ਪੱਧਰ 'ਤੇ ਘਟ ਗਈ ਹੈ। ਇੱਥੇ ਇਹ ਸਮਝਣ ਦੀ ਲੋੜ ਹੈ ਕਿ ਕੀਟਾਂ ਅਤੇ ਪੰਛੀਆਂ ਦੇ ਮਰਨ ਦਾ ਸਾਡੀ ਜੀਵ-ਵਿਭਿੰਨਤਾ 'ਤੇ ਵੱਡਾ ਅਸਰ ਪੈਂਦਾ ਹੈ। ਇੱਕ ਕਿਸਮ ਦੇ ਜੀਵਾਂ ਦੇ ਘਟਣ ਨਾਲ ਦੂਜੇ ਜੀਵਾਂ ਦਾ ਭੋਜਨ ਖ਼ਤਮ ਹੋ ਜਾਂਦਾ ਹੈ। ਇਸ ਤਰ੍ਹਾਂ ਹੌਲੀ-ਹੌਲੀ ਸਾਰੀਆਂ ਨਸਲਾਂ ਦੇ ਜੀਵ ਘਟਦੇ ਜਾਂਦੇ ਹਨ। ਤਿਤਲੀਆਂ ਅਤੇ ਮਧੂ ਮੱਖੀਆਂ ਬਹੁਤ ਹੀ ਛੋਟੇ ਕੀਟ ਹਨ ਪਰ ਇਨ੍ਹਾਂ ਦਾ ਸਾਡੇ ਅਨਾਜ ਉਤਪਾਦਨ ਵਿੱਚ ਵੱਡਾ ਯੋਗਦਾਨ ਹੈ। ਇਹ ਛੋਟੇ ਕੀਟ ਫ਼ਸਲਾਂ ਦੇ ਫੁੱਲਾਂ ਉੱਤੇ ਬੈਠ ਕੇ ਪਰਾਗਣ ਕਿਰਿਆ ਕਰਦੇ ਹਨ ਭਾਵ ਫੁੱਲਾਂ ਨੂੰ ਬੀਜ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਦੇ ਖ਼ਤਮ ਹੋਣ ਨਾਲ ਫ਼ਸਲਾਂ ਦਾ ਝਾੜ ਘਟ ਜਾਂਦਾ ਹੈ। ਮਨੁੱਖ ਦੀਆਂ ਯੋਜਨਾ ਰਹਿਤ ਵਿਕਾਸ ਦੀਆਂ ਗਤੀਵਿਧੀਆਂ ਦੁਆਰਾ ਜੀਵਾਂ ਦੇ ਨਸ਼ਟ ਹੋਣ ਦੀ ਇੱਕ ਤਾਜ਼ਾ ਉਦਾਹਰਣ ਵਿਗਿਆਨੀਆਂ ਵੱਲੋਂ ਸਾਹਮਣੇ ਲਿਆਂਦੀ ਗਈ ਹੈ। ਆਸਟਰੇਲੀਆ ਨੇੜੇ ਪਾਪੂਆ ਨਿਊ ਗਿੰਨੀਆ ਟਾਪੂ ਵਿੱਚ 'ਬਰੈਂਬਲ ਕੇ' ਨਾਮੀ ਚੂਹਾ ਪ੍ਰਜਾਤੀ ਦੇ ਜੀਵ ਸਮੁੰਦਰ ਕੰਢੇ ਖੁੱਡਾਂ ਵਿੱਚ ਰਹਿੰਦੇ ਸਨ। ਸਮੁੰਦਰੀ ਤਲ ਦੇ ਉੱਚਾ ਹੋ ਜਾਣ ਕਰਕੇ ਇਨ੍ਹਾਂ ਜੀਵਾਂ ਦੇ ਨਿਵਾਸ ਸਥਾਨ ਨਸ਼ਟ ਹੋ ਗਏ ਸਨ, ਜਿਸ ਦੇ ਸਿੱਟੇ ਵਜੋਂ ਇਨ੍ਹਾਂ ਜੀਵਾਂ ਦੀ ਨਸਲ ਧਰਤੀ ਤੋਂ ਪੂਰੀ ਤਰ੍ਹਾਂ ਖ਼ਤਮ ਹੋ ਚੁੱਕੀ ਹੈ। ਵਿਗਿਆਨੀਆਂ ਅਨੁਸਾਰ ਆਮ ਤੌਰ 'ਤੇ 100 ਸਾਲਾਂ ਵਿੱਚ 10,000 ਪ੍ਰਜਾਤੀਆਂ 'ਚੋਂ ਇੱਕ ਪ੍ਰਜਾਤੀ ਦੇ ਲੋਪ ਹੋਣ ਦੀ ਸੰਭਾਵਨਾ ਹੁੰਦੀ ਹੈ ਪਰ ਸਾਲ 2020 ਵਿੱਚ ਕੀਤੀ ਗਈ ਇੱਕ ਖੋਜ ਵਿੱਚ ਦੱਸਿਆ ਗਿਆ ਹੈ ਕਿ ਮਨੁੱਖ ਵੱਲੋਂ ਵਾਤਾਵਰਨ ਨਾਲ ਕੀਤੀ ਗਈ ਛੇੜਛਾੜ ਦੇ ਸਿੱਟੇ ਵਜੋਂ ਆਉਣ ਵਾਲੇ 20 ਸਾਲਾਂ ਵਿੱਚ 500 ਜੀਵਾਂ ਦੀਆਂ ਨਸਲਾਂ ਖ਼ਤਮ ਹੋਣ ਦਾ ਖ਼ਦਸ਼ਾ ਹੈ। ਉਕਤ ਤੱਥ ਧਰਤੀ ਦੇ ਸੰਭਾਵਿਤ ਪਰਲੋ ਵੱਲ ਵਧਣ ਵੱਲ ਇਸ਼ਾਰਾ ਕਰਦੇ ਹਨ।

ਨਾਅਰਿਆਂ ਦੇ ਸ਼ੋਰ, ਵਾਅਦਿਆਂ ਦਾ ਹਿਸਾਬ

'ਵੋਟ ਦੀ ਪਰਚੀ, ਬੰਦੂਕ ਦੀ ਗੋਲੀ ਨਾਲੋਂ ਵੱਧ ਤਾਕਤਵਰ ਹੁੰਦੀ ਹੈ।' ਅਬਰਾਹਮ ਲਿੰਕਨ ਨਾਲ ਜੁੜਿਆ ਇਹ ਕਥਨ ਲੋਕਤੰਤਰ ਦੀ ਤਾਕਤ ਨੂੰ ਕੁਝ ਸ਼ਬਦਾਂ 'ਚ ਬਿਆਨ ਕਰਦਾ ਹੈ। ਗੋਲੀ ਦਾ ਧਮਾਕਾ ਇਕ ਪਲ ਲਈ ਸੁਣਾਈ ਦਿੰਦਾ ਹੈ ਪਰ ਵੋਟ ਨਾਲ ਕੀਤਾ ਫ਼ੈਸਲਾ ਕਈ ਪੀੜ੍ਹੀਆਂ ਤੱਕ ਅਸਰ ਛੱਡ ਸਕਦਾ ਹੈ। ਪੰਜਾਬ 'ਚ ਚੋਣਾਂ ਦਾ ਮਾਹੌਲ ਬਣਨ ਲੱਗਾ ਹੈ। ਰੈਲੀਆਂ ਹੋ ਰਹੀਆਂ ਹਨ, ਨਵੇਂ ਨਾਅਰੇ ਘੜੇ ਜਾ ਰਹੇ ਹਨ ਤੇ ਸੋਸ਼ਲ ਮੀਡੀਆ 'ਤੇ ਪ੍ਰਚਾਰ ਤੇਜ਼ ਹੋ ਰਿਹਾ ਹੈ। ਹਰ ਸਿਆਸੀ ਧਿਰ ਖ਼ੁਸ਼ਹਾਲੀ, ਰੁਜ਼ਗਾਰ, ਨਸ਼ਿਆਂ ਦੇ ਖ਼ਾਤਮੇ ਜਾਂ ਕਿਸਾਨੀ ਦੇ ਸੁਧਾਰ ਦਾ ਭਰੋਸਾ ਦੇ ਰਹੀ ਹੈ। ਇਨ੍ਹਾਂ ਵਾਅਦਿਆਂ 'ਚੋਂ ਪੰਜਾਬ ਦੇ ਹਿੱਸੇ ਕੀ ਆਵੇਗਾ, ਇਹ ਪੁੱਛਣਾ ਵੋਟਰ ਦਾ ਕੰਮ ਹੈ। ਵਾਅਦੇ ਕਰਨਾ ਸਿਆਸਤ ਦਾ ਸੁਭਾਅ ਹੈ; ਉਨ੍ਹਾਂ ਦੀ ਪਰਖ ਕਰਨਾ ਵੋਟਰ ਦੀ ਜ਼ਿੰਮੇਵਾਰੀ ਹੈ। ਚੋਣ ਪ੍ਰਚਾਰ 'ਚ ਕਈ ਵਾਰ ਅਸਲ ਮੁੱਦਿਆਂ ਦੀ ਥਾਂ ਭਾਵਨਾਤਮਕ ਨਾਅਰੇ, ਇਕ ਦੂਜੇ 'ਤੇ ਦੋਸ਼ ਅਤੇ ਪੁਰਾਣੇ ਵਿਵਾਦ ਚਰਚਾ ਦਾ ਕੇਂਦਰ ਬਣ ਜਾਂਦੇ ਹਨ। ਇਸ ਸ਼ੋਰ 'ਚ ਰੁਜ਼ਗਾਰ, ਸਿੱਖਿਆ, ਸਿਹਤ, ਕਿਸਾਨੀ, ਪਾਣੀ, ਵਾਤਾਵਰਨ ਤੇ ਉਦਯੋਗ ਵਰਗੇ ਸਵਾਲ ਪਿੱਛੇ ਰਹਿ ਜਾਂਦੇ ਹਨ। ਜਾਗਰੂਕ ਵੋਟਰ ਨੂੰ ਹਰ ਉਸ ਚਰਚਾ ਬਾਰੇ ਸੋਚਣਾ ਚਾਹੀਦਾ ਹੈ, ਜੋ ਉਸ ਦਾ ਧਿਆਨ ਇਨ੍ਹਾਂ ਸਵਾਲਾਂ ਤੋਂ ਹਟਾਉਂਦੀ ਹੈ। ਕਿਸੇ ਆਗੂ ਦਾ ਭਾਸ਼ਣ ਪ੍ਰਭਾਵਸ਼ਾਲੀ ਹੋ ਸਕਦਾ ਹੈ ਪਰ ਭਾਸ਼ਣ ਯੋਜਨਾ ਦਾ ਬਦਲ ਨਹੀਂ। ਪਿਛਲੀਆਂ ਚੋਣਾਂ ਦੇ ਕਿੰਨੇ ਵਾਅਦੇ ਪੂਰੇ ਹੋਏ? ਨਵੇਂ ਐਲਾਨਾਂ ਲਈ ਪੈਸਾ ਕਿੱਥੋਂ ਆਵੇਗਾ? ਕੰਮ ਕਦੋਂ ਤੱਕ ਹੋਵੇਗਾ ਤੇ ਉਸ ਦਾ ਹਿਸਾਬ ਕੌਣ ਦੇਵੇਗਾ? ਉਮੀਦਵਾਰ ਚੋਣਾਂ ਤੋਂ ਇਲਾਵਾ ਆਮ ਦਿਨਾਂ 'ਚ ਲੋਕਾਂ ਨਾਲ ਕਿੰਨਾ ਖੜਿਆ ਹੈ? 'ਕੀ ਕਰਾਂਗੇ' ਦੇ ਨਾਲ 'ਕਿਵੇਂ ਕਰਾਂਗੇ ਤੇ ਕਦੋਂ ਤੱਕ ਕਰਾਂਗੇ' ਦਾ ਜਵਾਬ ਵੀ ਮੰਗੀਏ।

ਲਿੰਡਸੇ ਗ੍ਰਾਹਮ ਐਕਟ: ਕੀ ਟਰੰਪ ਬਰਿਕਸ ਨੂੰ ਘੇਰ ਸਕੇਗਾ ?

ਅਮਰੀਕਾ ਦੇ ਸਦਰ ਡੋਨਾਲਡ ਟਰੰਪ ਨੇ ਅਮਰੀਕੀ ਪ੍ਰਤੀਨਿਧੀ ਸਭਾ ਦੁਆਰਾ ਪਾਸ ਕੀਤੇ ਗਏ 'ਲਿੰਡਸੇ ਓ. ਗ੍ਰਾਹਮ ਸੈਨਕਸ਼ਨਿੰਗ ਰਸ਼ੀਆ ਐਂਡ ਈਰਾਨ ਐਕਟ 2026' ਉੱਤੇ ਦਸਤਖ਼ਤ ਕਰ ਕੇ ਇਸ ਨੂੰ ਅਮਰੀਕੀ ਕਾਨੂੰਨ ਬਣਾ ਦਿੱਤਾ ਹੈ। ਇਸ ਕਾਨੂੰਨ ਨਾਲ ਰਾਸ਼ਟਰਪਤੀ ਦੀ 'ਕਾਰਜਕਾਰੀ ਆਦੇਸ਼ਾਂ' ਵਾਲੀ ਪ੍ਰਕਿਰਿਆ 'ਤੇ ਨਿਰਭਰਤਾ ਨਾਲ ਜੁੜੀਆਂ ਕਾਨੂੰਨੀ ਪੇਚੀਦਗੀਆਂ ਖ਼ਤਮ ਹੋ ਗਈਆਂ ਹਨ। ਇਹ ਨਵਾਂ ਕਾਨੂੰਨ ਅਮਰੀਕੀ ਰਾਸ਼ਟਰਪਤੀ ਨੂੰ ਨਾ ਸਿਰਫ਼ ਰੂਸ ਅਤੇ ਇਰਾਨ 'ਤੇ ਪਾਬੰਦੀਆਂ ਲਾਉਣ ਦਾ ਅਧਿਕਾਰ ਦਿੰਦਾ ਹੈ ਸਗੋਂ ਉਨ੍ਹਾਂ ਦੇਸ਼ਾਂ 'ਤੇ 100 ਫ਼ੀਸਦੀ ਤੱਕ ਟੈਰਿਫ ਲਾਉਣ ਦਾ ਵੀ ਹੱਕਦਾਰ ਬਣਾਉਂਦਾ ਹੈ ਜੋ ਰੂਸ ਦੇ ਕੁੱਲ ਵਿਸ਼ਵ ਤੇਲ ਨਿਰਯਾਤ ਦਾ 15 ਫ਼ੀਸਦੀ ਤੋਂ ਵੱਧ ਆਯਾਤ ਕਰਦੇ ਹਨ।

ਰੂਸੀ ਤੇਲ ਦੇ ਵੱਡੇ ਖ਼ਰੀਦਦਾਰਾਂ ਵਜੋਂ ਭਾਰਤ ਅਤੇ ਚੀਨ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਅਤੇ ਇਹ ਕਾਨੂੰਨ ਉਨ੍ਹਾਂ ਲਈ ਵੀ ਚਿਤਾਵਨੀ ਹੈ। ਭਾਰਤ, ਰੂਸ ਦੀ ਵਿਸ਼ਵ ਤੇਲ ਵਿਕਰੀ ਦਾ 37 ਫ਼ੀਸਦੀ ਅਤੇ ਚੀਨ 50 ਫ਼ੀਸਦੀ ਆਯਾਤ ਕਰਦਾ ਹੈ ਜੋ ਉਨ੍ਹਾਂ ਦੀ ਆਬਾਦੀ ਦੀਆਂ ਲੋੜਾਂ ਲਈ ਜ਼ਰੂਰੀ ਹੈ। ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਬਿੱਲ ਪਾਸ ਹੋਣ ਤੋਂ ਬਾਅਦ ਇਸ ਪ੍ਰਤੀ ਭਾਰਤ, ਚੀਨ ਅਤੇ ਰੂਸ ਵੱਲੋਂ ਸਖ਼ਤ ਇਤਰਾਜ਼ ਅਤੇ ਭਾਰਤ ਵੱਲੋਂ ਭਾਰਤ-ਅਮਰੀਕਾ ਦੁਵੱਲੇ ਸਬੰਧਾਂ ਅਤੇ ਕੌਮਾਂਤਰੀ ਊਰਜਾ ਬਾਜ਼ਾਰਾਂ 'ਤੇ ਇਸਦੇ ਸੰਭਾਵੀ ਨਕਾਰਾਤਮਕ ਪ੍ਰਭਾਵਾਂ ਬਾਰੇ ਚਿਤਾਵਨੀ ਦੇ ਬਾਵਜੂਦ ਟਰੰਪ ਨੇ ਬਿਨਾਂ ਝਿਜਕ ਬਿੱਲ 'ਤੇ ਸਹੀ ਪਾ ਕੇ ਇਸ ਨੂੰ ਕਾਨੂੰਨ ਬਣਾ ਦਿੱਤਾ ਹੈ। ਜੇ ਅਮਰੀਕਾ ਦੇ ਰੂਸ ਨਾਲ ਗੰਭੀਰ ਭੂ-ਰਾਜਨੀਤਕ ਮਤਭੇਦ ਹਨ ਤਾਂ ਅਮਰੀਕਾ ਬੇਸ਼ੱਕ ਆਪਣੇ ਅਤੇ ਆਪਣੇ ਸਹਿਯੋਗੀਆਂ ਲਈ ਰੂਸੀ ਅਤੇ ਇਰਾਨੀ ਤੇਲ ਦਾ ਬਾਈਕਾਟ ਕਰਨ ਵਾਲੇ ਕਾਨੂੰਨ ਬਣਾਵੇ ਪਰ ਉਸ ਕੋਲ ਕਿਸੇ ਵੀ ਹੋਰ ਪ੍ਰਭੂਸੱਤਾ ਸੰਪੰਨ ਦੇਸ਼ ਨੂੰ ਕਿਸੇ ਦੂਜੇ ਦੇਸ਼ ਖ਼ਿਲਾਫ਼ ਅਜਿਹੀ ਅਮਰੀਕੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰਨ ਦਾ ਅਧਿਕਾਰ ਨਹੀਂ ਹੈ।

ਉਹ ਗੱਲਬਾਤ ਕਰਕੇ ਕਿਸੇ ਦੂਜੇ ਦੇਸ਼ ਨੂੰ ਆਪਣੇ ਨਾਲ ਰਜ਼ਾਮੰਦ ਤਾਂ ਕਰ ਸਕਦਾ ਹੈ ਪਰ ਨਾ ਮੰਨਣ ਦੀ ਸੂਰਤ ਵਿੱਚ ਉਨ੍ਹਾਂ ਦੇਸ਼ਾਂ ਤੋਂ ਅਮਰੀਕਾ ਨੂੰ ਨਿਰਯਾਤ ਕੀਤੇ ਜਾਣ ਵਾਲੇ ਸਾਮਾਨ 'ਤੇ ਭਾਰੀ ਟੈਕਸ ਲਾ ਕੇ ਉਨ੍ਹਾਂ ਦੇ ਵਪਾਰ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦੇਣ ਦਾ ਉਸ ਨੂੰ ਕੋਈ ਅਧਿਕਾਰ ਨਹੀਂ ਹੈ; ਅਜਿਹਾ ਕਰਨਾ ਕੌਮਾਂਤਰੀ ਵਪਾਰ ਨਿਯਮਾਂ ਦੇ ਉਲਟ ਹੈ। ਪ੍ਰਭੂਸੱਤਾ ਸੰਪੰਨ ਦੇਸ਼ ਹੋਣ ਦੇ ਨਾਤੇ ਕੋਈ ਵੀ ਮੁਲਕ ਆਪਣੀ ਆਬਾਦੀ ਦੀਆਂ ਊਰਜਾ ਲੋੜਾਂ ਨੂੰ ਪੂਰਾ ਕਰਨ ਲਈ ਸਭ ਤੋਂ ਵਧੀਆ ਅਤੇ ਕਿਫਾਇਤੀ ਸਰੋਤਾਂ ਤੋਂ ਊਰਜਾ ਆਯਾਤ ਕਰਨ ਲਈ ਸੁਤੰਤਰ ਹੈ। ਪਰ ਅਮਰੀਕੀ ਰਾਸ਼ਟਰਪਤੀ ਅਤੇ ਪ੍ਰਸ਼ਾਸਨ ਲਗਾਤਾਰ ਭਾਰੀ ਟੈਕਸਾਂ ਦੇ ਡਰਾਵੇ ਨਾਲ ਆਪਣੀ ਰਾਏ ਨਾਲ ਸਹਿਮਤ ਕਰਨ ਦੀ ਰਾਜਨੀਤੀ ਖੇਡਦੇ ਆ ਰਹੇ ਹਨ ਅਤੇ ਭਾਰਤ ਆਪਣੀ ਵਿਦੇਸ਼ ਨੀਤੀ ਅਤੇ ਵਪਾਰ ਵਿੱਚ ਤਾਲਮੇਲ ਬਿਠਾ ਕੇ ਚੱਲਣ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ। ਭਾਰਤ ਸਰਕਾਰ ਦੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੇ ਪੈਟਰੋਲੀਅਮ ਯੋਜਨਾ ਅਤੇ ਵਿਸ਼ਲੇਸ਼ਣ ਸੈੱਲ ਅਨੁਸਾਰ ਅਪਰੈਲ ਅਤੇ ਅਗਸਤ 2026 ਦੇ ਵਿਚਕਾਰ ਕੱਚੇ ਤੇਲ ਦੀ ਦਰਾਮਦ 100,669 ਹਜ਼ਾਰ ਮੀਟ੍ਰਿਕ ਟਨ ਅਤੇ ਐੱਲ ਪੀ ਜੀ ਦੀ ਦਰਾਮਦ 4,992 ਹਜ਼ਾਰ ਮੀਟ੍ਰਿਕ ਟਨ ਰਹੀ ਹੈ। ਟਰੇਡ ਇੰਟੈਂਟ ਦੇ ਆਯਾਤ ਡੇਟਾ ਅਤੇ ਬਿੱਲ ਆਫ ਲੇਡਿੰਗ ਡੇਟਾਬੇਸ ਤੋਂ ਪਤਾ ਲੱਗਦਾ ਹੈ ਕਿ 2026

ਸੁਖਦੇਵ ਸਿੰਘ

ਦੀ ਸ਼ੁਰੂਆਤ ਵਿੱਚ ਭਾਰਤ ਨੇ ਆਪਣੇ ਕੁੱਲ ਕੱਚੇ ਤੇਲ ਆਯਾਤ ਦਾ 19.89 ਫ਼ੀਸਦੀ ਇਰਾਕ ਤੋਂ, 17.92 ਫ਼ੀਸਦੀ ਰੂਸ, 16.03 ਫ਼ੀਸਦੀ ਸਾਊਦੀ ਅਰਬ, 11.00 ਫ਼ੀਸਦੀ ਯੂ ਏ ਈ, 6.95 ਫ਼ੀਸਦੀ ਨਿਊਜ਼ੀਲੈਂਡ, 5.04 ਫ਼ੀਸਦੀ ਬ੍ਰਾਜ਼ੀਲ, 4.49 ਫ਼ੀਸਦੀ ਅੰਗੋਲਾ, 3.93 ਫ਼ੀਸਦੀ ਨਾਇਜੀਰੀਆ, 3.51 ਫ਼ੀਸਦੀ ਅਮਰੀਕਾ ਅਤੇ 2.93 ਫ਼ੀਸਦੀ ਕੁਵੈਤ ਤੋਂ ਖ਼ਰੀਦਿਆ ਸੀ। ਹਾਲਾਂਕਿ ਅਪਰੈਲ-ਅਗਸਤ 2026 ਦੌਰਾਨ ਇਰਾਕ ਤੋਂ ਸ਼ਿਪਮੈਂਟ ਵਿੱਚ ਵੱਡੀਆਂ ਰੁਕਾਵਟਾਂ ਕਾਰਨ ਸਥਿਤੀ ਬਦਲ ਗਈ ਹੈ ਅਤੇ ਅਗਸਤ 2026 ਤੱਕ ਰੂਸ ਤੋਂ ਕੁੱਲ ਆਯਾਤ ਲਗਪਗ 45 ਫ਼ੀਸਦੀ ਹੋ ਗਿਆ ਹੈ।

ਸਮਝਣ ਵਾਲੀ ਗੱਲ ਇਹ ਹੈ ਕਿ ਅਮਰੀਕਾ ਖੁਦ ਨੂੰ ਰੂਸੀ ਤੇਲ ਅਤੇ ਗੈਸ ਦੇ ਵਿਕਲਪਿਕ ਸਰੋਤ ਵਜੋਂ ਪੇਸ਼ ਕਰ ਰਿਹਾ ਹੈ। ਪਰ ਭਾਰਤ ਲਈ ਅਮਰੀਕਾ ਤੋਂ ਕੱਚਾ ਤੇਲ ਖ਼ਰੀਦਣਾ ਨਾ ਸਿਰਫ਼ ਰੂਸ ਨਾਲੋਂ ਮਹਿੰਗਾ ਹੈ ਸਗੋਂ ਉੱਥੋਂ ਦੀ ਦੂਰੀ ਜ਼ਿਆਦਾ ਹੋਣ ਕਾਰਨ ਸਮੁੰਦਰੀ ਭਾੜੇ ਦਾ ਖ਼ਰਚਾ ਵੀ ਬਹੁਤ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਭਾਰਤੀ ਰਿਫਾਇਨਰੀਆਂ ਰੂਸੀ ਅਤੇ ਮੱਧ ਪੂਰਬੀ ਕੱਚੇ ਤੇਲ ਲਈ ਤਿਆਰ ਕੀਤੀਆਂ ਗਈਆਂ ਹਨ; ਅਮਰੀਕੀ ਤੇਲ ਦੀ ਵੱਖਰੀ ਗੁਣਵੱਤਾ ਦੀ ਪ੍ਰੋਸੈਸਿੰਗ ਵੱਡੀ ਚੁਣੌਤੀ ਹੈ, ਜਿਸ ਲਈ ਮਸ਼ੀਨਰੀ ਵਿੱਚ ਕਾਫੀ ਬਦਲਾਅ ਦੀ ਲੋੜ ਹੁੰਦੀ ਹੈ। ਇਹੀ ਗੱਲ ਚੀਨ ਲਈ ਵੀ ਸੱਚ ਹੋ ਸਕਦੀ ਹੈ। ਫੇਰ, ਭਾਰਤ ਨੂੰ ਰੂਸ ਤੋਂ ਤੇਲ ਕਿਉਂ ਨਹੀਂ ਆਯਾਤ ਕਰਨਾ ਚਾਹੀਦਾ ? ਜਾਂ ਫਿਰ ਭਾਰਤ ਨੂੰ ਸਸਤਾ ਰੂਸੀ ਤੇਲ ਅਤੇ ਸਸਤੀ ਢੁਆਈ ਛੱਡ ਕੇ ਕਿਉਂ ਅਮਰੀਕਾ ਤੋਂ ਉੱਚੀ ਦਰ ਅਤੇ ਵੱਧ ਦੂਆਈ ਦੇ ਖਰਚੇ 'ਤੇ ਤੇਲ ਆਯਾਤ ਕਰਨਾ ਚਾਹੀਦਾ ਹੈ ? ਜਾਂ ਫਿਰ ਅਮਰੀਕਾ, ਭਾਰਤ ਨੂੰ ਮਜਬੂਰ ਕਰਨ ਲਈ ਕਿਉਂ ਅਜਿਹੇ ਦਾਅ-ਪੇਚ ਖੇਡ ਰਿਹਾ ਹੈ ? ਇਨ੍ਹਾਂ ਸਵਾਲਾਂ ਦੇ ਜਵਾਬ ਸਾਰੀ ਰਾਜਨੀਤੀ ਨੂੰ ਖੋਲ੍ਹ ਦਿੰਦੇ ਹਨ। ਸਮੱਸਿਆ ਦੀ ਜੜ੍ਹ: ਭਾਰਤ ਆਪਣੇ ਰਾਸ਼ਟਰੀ ਹਿੱਤ ਵਿੱਚ ਵਿਸ਼ਵ ਵਪਾਰ ਨੂੰ ਸੰਤੁਲਿਤ ਕਰਨ ਲਈ 'ਰਣਨੀਤਕ ਖੁਦਮੁਖਤਿਆਰੀ' ਦਾ ਬਿਰਤਾਂਤ ਸਿਰਜ ਕੇ ਆਪਣੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੀ ਕੋਸ਼ਿਸ਼ ਕਰਦਾ ਹੈ ਜਦਕਿ ਅਮਰੀਕਾ ਇਸ ਨੂੰ ਆਪਣੀਆਂ ਨੀਤੀਆਂ ਅਤੇ ਭੂ-ਰਾਜਨੀਤਕ ਯੋਜਨਾਵਾਂ ਅਨੁਸਾਰ ਚੱਲਣ ਲਈ ਮਜਬੂਰ ਕਰਨ ਲਈ ਸਜ਼ਾ ਵਜੋਂ ਵਾਧੂ ਟੈਰਿਫ ਨੂੰ ਚਾਬੁਕ ਵਾਂਗ ਵਰਤਦਾ ਹੈ। ਅਮਰੀਕਾ ਇਸ ਨਵੇਂ ਕਾਨੂੰਨ ਨੂੰ ਇੱਕ ਪਾਸੇ ਭਾਰਤ ਅਤੇ ਚੀਨ ਵਿਰੁੱਧ 'ਵਪਾਰ ਨੂੰ ਹਥਿਆਰ ਵਜੋਂ ਵਰਤਣ' ਅਤੇ ਦੂਜੇ ਪਾਸੇ ਰੂਸ ਤੇ ਈਰਾਨ ਖ਼ਿਲਾਫ਼ 'ਵਪਾਰ ਯੁੱਧ' ਛੇੜਨ ਲਈ ਵਰਤ ਰਿਹਾ ਹੈ। ਇਸ ਜ਼ਰੀਏ ਹੀ ਉਹ ਇਨ੍ਹਾਂ ਕਾਰਵਾਈਆਂ ਨੂੰ ਆਪਣੀ ਜਨਤਾ ਅਤੇ ਅੰਤਰਰਾਸ਼ਟਰੀ ਭਾਈਚਾਰੇ ਸਾਹਮਣੇ ਜਾਇਜ਼ ਠਹਿਰਾਉਣਾ ਚਾਹੁੰਦਾ ਹੈ।

ਇਸ ਕਾਨੂੰਨ ਦਾ ਦਿਲਚਸਪ ਪਹਿਲੂ ਇਹ ਵੀ ਹੈ ਕਿ ਇਹ ਉਨ੍ਹਾਂ ਦੇਸ਼ਾਂ ਨੂੰ ਭਾਰੀ ਟੈਕਸਾਂ ਦੀ ਸਜ਼ਾ ਤੋਂ ਛੋਟ ਦਿੰਦਾ ਹੈ ਜੋ ਰੂਸ ਤੋਂ ਇਸ ਦੇ ਕੁੱਲ ਵਿਸ਼ਵਵਿਆਪੀ ਊਰਜਾ ਨਿਰਯਾਤ ਦਾ 15 ਫ਼ੀਸਦੀ ਤੋਂ ਘੱਟ ਖ਼ਰੀਦਦੇ ਹਨ ਅਤੇ ਰੂਸ ਤੋਂ ਆਪਣੇ ਆਯਾਤ ਨੂੰ ਘਟਾਉਣ ਲਈ ਮਹੱਤਵਪੂਰਨ ਕਦਮ ਚੁੱਕ ਰਹੇ ਹਨ। ਇਨ੍ਹਾਂ ਦੇਸ਼ਾਂ ਵਿੱਚ ਜਾਪਾਨ, ਫਰਾਂਸ, ਬੈਲਜੀਅਮ ਅਤੇ ਹੋਰ ਯੂਰੋਪੀਅਨ ਦੇਸ਼ ਸ਼ਾਮਲ ਹਨ ਜੋ ਰੂਸ-ਯੂਕਰੇਨ ਯੁੱਧ ਦੇ ਮਸਲੇ 'ਤੇ ਅਮਰੀਕੀ ਨੀਤੀ ਦਾ ਸਮਰਥਨ ਕਰਦੇ ਹਨ। ਇਨ੍ਹਾਂ ਦੇਸ਼ਾਂ ਨੂੰ ਛੋਟ ਦੇਣ ਲਈ ਰੂਸੀ ਤੇਲ ਆਯਾਤ ਮਾਪਣ ਦੇ ਢੰਗ ਦਾ ਵੀ ਇੱਕ ਅਜੀਬ ਰਾਜਨੀਤਕ ਪਹਿਲੂ ਹੈ: ਕਿਸੇ ਦੇਸ਼ ਦੇ ਕੁੱਲ ਊਰਜਾ ਆਯਾਤ ਵਿੱਚ ਰੂਸੀ ਊਰਜਾ ਹਿੱਸੇਦਾਰੀ ਦੇ ਪ੍ਰਤੀਸ਼ਤ ਨੂੰ ਦੇਖਣ ਦੀ ਬਜਾਏ ਰੂਸ ਦੇ ਕੁੱਲ ਵਿਸ਼ਵ ਊਰਜਾ ਨਿਰਯਾਤ ਵਿੱਚ ਰੂਸ ਤੋਂ ਉਕਤ ਦੇਸ਼ ਦੇ ਆਯਾਤ ਦੇ ਪ੍ਰਤੀਸ਼ਤ ਨੂੰ ਮਾਪਿਆ ਜਾਂਦਾ ਹੈ ਕਿਉਂਕਿ ਇਸੇ ਤਰ੍ਹਾਂ ਹੀ ਇਹ ਦੇਸ਼ ਛੋਟ ਲਈ ਯੋਗ ਹੁੰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਅੱਜ ਵੀ ਯੂਰੋਪ ਸਮੂਹਿਕ ਤੌਰ 'ਤੇ ਰੂਸੀ ਗੈਸ ਦਾ ਸਭ ਤੋਂ ਵੱਡਾ ਵਿਸ਼ਵ ਖਰੀਦਦਾਰ ਹੈ; ਇਹ ਰੂਸ ਦੇ ਗਲੋਬਲ ਸ਼ਿਪਮੈਂਟ ਦੇ ਲਗਪਗ ਅੱਧ (49 ਫ਼ੀਸਦੀ) ਦਾ ਖ਼ਰੀਦਦਾਰ ਹੈ ਅਤੇ ਰੂਸ ਦੀ ਗੈਸ ਤੋਂ ਆਮਦਨ ਦਾ ਇੱਕ ਵੱਡਾ ਹਿੱਸਾ ਯੂਰੋਪ ਤੋਂ ਆਉਂਦਾ ਹੈ।

ਇਹ ਕਾਨੂੰਨ ਕਈ ਸਵਾਲ ਛੱਡਦਾ ਹੈ, ਜਿਨ੍ਹਾਂ ਦੇ ਜਵਾਬ ਵੀ ਇਸ ਵਿੱਚ ਲੁਕੇ ਹੋਏ ਹਨ। ਜੇ ਇਸ ਅਮਰੀਕੀ ਕਾਨੂੰਨ ਦਾ ਉਦੇਸ਼ ਰੂਸ ਦੇ ਯੁੱਧ-ਖਜ਼ਾਨੇ ਨੂੰ ਨੁਕਸਾਨ ਪਹੁੰਚਾਉਣਾ ਹੈ ਤਾਂ 15 ਫ਼ੀਸਦੀ ਦੀ ਸੀਮਾ ਕਿਉਂ ਰੱਖੀ ਗਈ ਹੈ ? ਦਰਅਸਲ, ਇਹ ਕਾਨੂੰਨ ਅਤੇ ਅਮਰੀਕੀ ਰਾਸ਼ਟਰਪਤੀ ਦੇ ਪਿਛਲੇ ਫ਼ੈਸਲੇ ਗਲੋਬਲ ਭੂ-ਰਾਜਨੀਤੀ ਦਾ ਹਿੱਸਾ ਹਨ, ਜਿਸ ਨਾਲ ਯੂਰੋਪੀਅਨ ਦੇਸ਼ਾਂ ਦੀ ਵਿਦੇਸ਼ ਨੀਤੀ ਵੱਡੇ ਪੱਧਰ 'ਤੇ ਮੇਲ ਖਾਂਦੀ ਹੈ-ਖਾਸ ਤੌਰ 'ਤੇ ਯੂਕਰੇਨ ਦੀ ਯੂਰੋਪੀਅਨ ਯੂਨੀਅਨ ਦੀ ਮੈਂਬਰਸ਼ਿਪ ਅਤੇ ਰੂਸ-ਯੂਕਰੇਨ ਯੁੱਧ ਦੇ ਮੁੱਦੇ 'ਤੇ। ਨਤੀਜੇ ਵਜੋਂ, ਯੂਰੋਪੀਅਨ ਦੇਸ਼ ਆਪਣੀ ਵਿਦੇਸ਼ ਨੀਤੀ ਦੇ ਟੀਚਿਆਂ ਦੇ ਅਨੁਸਾਰ ਰੂਸੀ ਤੇਲ ਅਤੇ ਗੈਸ 'ਤੇ ਨਿਰਭਰਤਾ ਨੂੰ ਘਟਾ ਰਹੇ ਹਨ; ਇਸ ਤੋਂ ਇਲਾਵਾ, ਭੂਗੋਲਿਕ ਤੌਰ 'ਤੇ ਯੂਰੋਪ ਭਾਰਤ ਜਾਂ ਚੀਨ ਨਾਲੋਂ ਅਮਰੀਕਾ ਦੇ ਬਹੁਤ ਨੇੜੇ ਹੈ, ਜਿਸ ਨਾਲ ਉਨ੍ਹਾਂ ਨੂੰ ਤੇਲ ਅਤੇ ਗੈਸ ਦੀ ਢੋਆ-ਢੁਆਈ ਲਈ ਬਹੁਤ ਘੱਟ ਲਾਗਤ ਆਉਂਦੀ ਹੈ।

ਇਸ ਤਰ੍ਹਾਂ, ਕਾਨੂੰਨ ਸਪੱਸ਼ਟ ਤੌਰ 'ਤੇ ਬਰਿਕਸ ਦੇਸ਼ਾਂ, ਖਾਸ ਤੌਰ 'ਤੇ ਭਾਰਤ, ਚੀਨ ਅਤੇ ਰੂਸ ਨੂੰ ਨਿਸ਼ਾਨਾ ਬਣਾਉਂਦਾ ਹੈ। ਦੋ-ਪੱਖੀ ਵੋਟ ਨਾਲ ਬਿੱਲ ਪਾਸ ਕਰਨ ਅਤੇ ਅਮਰੀਕੀ ਰਾਸ਼ਟਰਪਤੀ ਵੱਲੋਂ ਉਸ 'ਤੇ ਫ਼ੌਰੀ ਸਹੀ ਪਾਉਣ ਦੀ ਕਾਹਲੀ ਨੂੰ ਖ਼ਾਸ ਸੰਦਰਭ ਵਿੱਚ ਸਮਝਣਾ ਪਵੇਗਾ ਕਿਉਂਕਿ ਇਹ ਸਾਰਾ ਵਰਤਾਰਾ ਬਰਿਕਸ ਸੰਮੇਲਨ ਵਿੱਚ ਮਸੂਦ ਪੇਜ਼ੇਸ਼ਕੀਅਨ ਦੀ ਪੂਰਨ ਮੈਂਬਰ ਵਜੋਂ ਹਾਜ਼ਰੀ ਅਤੇ ਬਰਿਕਸ ਘੋਸ਼ਣਾ ਪੱਤਰ ਵਿੱਚ ਉਠਾਏ ਗਏ ਅਹਿਮ ਮੁੱਦਿਆਂ- ਜਿਵੇਂ ਇਕਤਰਫਾ ਧੱਕੇ ਦੀ ਨਿਖੇਧੀ, ਬਹੁ-ਪੱਖੀ ਅਤੇ ਬਹੁ-ਧਰੁਵਤਾ ਪ੍ਰਤੀ ਵਚਨਬੱਧਤਾ, ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਵਿਆਪਕ ਸੁਧਾਰਾਂ 'ਤੇ ਜ਼ੋਰ ਅਤੇ ਆਪਸੀ ਵਪਾਰ ਭੁਗਤਾਨ ਲਈ ਬਰਿਕਸ ਸਥਾਨਕ ਮੁਦਰਾਵਾਂ ਦੀ ਵਰਤੋਂ ਆਦਿ ਦੇ ਹਵਾਲੇ ਨਾਲ ਸਾਹਮਣੇ ਆਉਂਦਾ ਹੈ। ਇਸ ਕਾਨੂੰਨ ਨੂੰ ਉਨ੍ਹਾਂ ਬਦਲਵੇਂ ਆਰਥਿਕ ਨੈੱਟਵਰਕਾਂ 'ਤੇ ਸਿੱਧਾ ਹਮਲਾ ਕਰਨ ਲਈ ਹਥਿਆਰ ਵਜੋਂ ਲਿਆਂਦਾ ਗਿਆ ਹੈ ਜਿਨ੍ਹਾਂ ਨੂੰ ਬਰਿਕਸ ਮੈਂਬਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇੱਕ ਸਿਆਸੀ ਅਤੇ ਵਪਾਰਕ ਗੱਠਜੋੜ ਹੋਣ ਦੇ ਨਾਤੇ, ਬਰਿਕਸ ਦੇਸ਼ ਆਪਸੀ ਵਪਾਰ ਲਈ ਰਾਸ਼ਟਰੀ ਮੁਦਰਾਵਾਂ ਦੀ ਵਰਤੋਂ ਕਰ ਕੇ ਡਾਲਰ ਦੇ ਦਬਾਅ ਤੋਂ ਬਚਣ ਦੇ ਰਸਤੇ ਤਲਾਸ਼ ਰਹੇ ਹਨ; ਇਸ ਦੇ ਉਲਟ, ਯੂਰੋਪੀਅਨ ਯੂਨੀਅਨ ਇੱਕ ਫੌਜੀ ਗੱਠਜੋੜ ਹੋਣ ਨਾਤੇ ਆਪਣੇ ਇੱਕ ਮੈਂਬਰ 'ਤੇ ਹਮਲੇ ਨੂੰ ਸਾਰਿਆਂ 'ਤੇ ਹਮਲੇ ਦੇ ਨਾਅਰੇ ਨਾਲ ਅੱਗੇ ਵਧ ਰਹੇ ਹਨ, ਫਰਕ ਸਪੱਸ਼ਟ ਹੈ। ਯੂਰੋਪੀਅਨ ਯੂਨੀਅਨ ਦੇ ਸਭ ਤੋਂ ਮਜ਼ਬੂਤ ਮੈਂਬਰ ਹੋਣ ਦੇ ਨਾਤੇ ਅਮਰੀਕੀ ਰਾਸ਼ਟਰਪਤੀ ਵਪਾਰ ਗੱਠਜੋੜ ਅਤੇ ਫੌਜੀ ਗੱਠਜੋੜ ਸਬੰਧੀ ਉਲਝ ਗਏ ਹਨ। ਇਸ ਉਲਝਣ ਵਿੱਚ ਉਹ ਬਰਿਕਸ ਨੂੰ ਕੁਚਲਣਾ ਚਾਹੁੰਦੇ ਹਨ ਪਰ ਸ਼ਾਇਦ ਉਹ ਸਫ਼ਲ ਨਾ ਹੋ ਸਕਣ। ਦੁਨੀਆ ਦੀ ਲਗਪਗ ਅੱਧੀ ਆਬਾਦੀ ਅਤੇ 40 ਫ਼ੀਸਦੀ ਜੀ ਡੀ ਪੀ ਵਾਲੇ ਬਰਿਕਸ ਦੇ 11 ਪੂਰਨ ਮੈਂਬਰ ਦੇਸ਼ ਅਤੇ 10 ਭਾਈਵਾਲ ਮੈਂਬਰ ਦੇਸ਼ ਵਿਸ਼ਵ ਦੀ ਦਿਸ਼ਾ ਗਲੋਬਲ ਦੱਖਣ ਵੱਲ ਮੋੜ ਸਕਦੇ ਹਨ ਅਤੇ ਮਤਭੇਦਾਂ ਨੂੰ ਵਿਵਾਦਾਂ ਵਿੱਚ ਬਦਲਣ ਤੋਂ ਪਰਹੇਜ਼ ਕਰਦੇ ਹੋਏ ਦੂਜਿਆਂ ਦੁਆਰਾ ਬਣਾਏ ਨਿਯਮਾਂ ਨੂੰ ਮੰਨਣ ਵਾਲਿਆਂ ਤੋਂ ਨਿਯਮ ਬਣਾਉਣ ਵਾਲੇ ਬਣ ਸਕਦੇ ਹਨ।

ਹੌਸਲੇ ਦੀ ਜਿੱਤ

ਦੁਬਈ ਤੋਂ ਤਲ ਅਵੀਵ ਜਾ ਰਹੇ ਫਲਾਈਦੁਬਈ ਜਹਾਜ਼ ਵਿੱਚ 174 ਯਾਤਰੀਆਂ ਦੀ ਜਾਨ ਬਚਾਉਣ ਵਾਲੇ ਭਾਰਤੀ ਪਾਇਲਟ ਅਤੇ ਹੋਰਨਾਂ ਦੀ ਬਹਾਦਰੀ ਨੂੰ ਦਿਲੋਂ ਸਲਾਮ ਹੈ। ਜਦੋਂ ਸਹਿ-ਪਾਇਲਟ (ਕੋ-ਪਾਇਲਟ) ਨੇ ਕਪਤਾਨ ਸਮਿਤ ਮਛਰ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ ਤਾਂ ਜਹਾਜ਼ ਹਵਾ ਵਿੱਚ ਹੇਠਾਂ ਵੱਲ ਗੋਤਾ ਲਾਉਣ ਲੱਗ ਪਿਆ। ਜ਼ਖ਼ਮੀ ਹੋਣ ਦੇ ਬਾਵਜੂਦ ਕਪਤਾਨ ਨੇ ਹਿੰਮਤ ਕਰਦਿਆਂ ਕੌਕਪਿਟ ਦਾ ਦਰਵਾਜ਼ਾ ਖੋਲ੍ਹ ਦਿੱਤਾ, ਜਿਸ ਨਾਲ ਯਾਤਰੀਆਂ ਅਤੇ ਅਮਲੇ ਨੂੰ ਹਮਲਾਵਰ ਨੂੰ ਕਾਬੂ ਕਰਨ ਦਾ ਮੌਕਾ ਮਿਲ ਗਿਆ। ਇਜ਼ਰਾਇਲੀ ਯਾਤਰੀ ਯਾਨਿਵ ਹਯੂਨ ਉਨ੍ਹਾਂ ਲੋਕਾਂ ਵਿੱਚ ਸ਼ਾਮਿਲ ਸੀ, ਜਿਨ੍ਹਾਂ ਨੇ ਸਾਊਦੀ ਅਰਬ ਵਿੱਚ ਹਵਾਈ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਕਰਵਾਉਣ ਤੋਂ ਪਹਿਲਾਂ ਸਹਿ-ਪਾਇਲਟ ਨੂੰ ਕਾਬੂ ਕਰ ਲਿਆ ਸੀ। ਉਨ੍ਹਾਂ ਦੇ ਸਮੇਂ ਸਿਰ ਲਏ ਗਏ ਫ਼ੈਸਲੇ ਨੇ ਇੱਕ ਵੱਡੇ ਭਿਆਨਕ ਹਾਦਸੇ ਨੂੰ ਟਾਲ ਦਿੱਤਾ। ਇਸ ਗੰਭੀਰ ਮਾਮਲੇ ਦੀ ਚੱਲ

ਅਕਾਲ ਤਖ਼ਤ ਸਾਹਿਬ ਦੀ ਮਰਿਆਦਾ-ਇਕ ਪੰਥਕ ਚਿੰਤਾ

ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀਆਂ ਸਭ ਤੋਂ ਮਹੱਤਵਪੂਰਨ ਸੰਸਥਾਵਾਂ 'ਚੋਂ ਇਕ ਹੈ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1606 ਈ. 'ਚ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇਸ ਤਖ਼ਤ ਦੀ ਸਿਰਜਣਾ ਕੀਤੀ ਸੀ। ਇਹ ਸਿਰਫ਼ ਇਕ ਇਮਾਰਤ ਨਹੀਂ ਸੀ, ਸਗੋਂ ਗੁਰੂ ਸਾਹਿਬ ਦੀ ਮੀਰੀ-ਪੀਰੀ ਦੀ ਸੋਚ ਦਾ ਸੰਸਥਾਗਤ ਪ੍ਰਗਟਾਵਾ ਸੀ। ਇਤਿਹਾਸਕ ਵੇਰਵੇ ਅਨੁਸਾਰ ਅਕਾਲ ਤਖ਼ਤ ਸਿੱਖ ਪੰਥ ਦੀ ਸ਼ਕਤੀ ਤੇ ਸੁਤੰਤਰ ਸਿੱਖ ਸੋਚ ਨੂੰ ਰੂਪਮਾਨ ਕਰਨ ਵਾਲੀ ਸੰਸਥਾ ਹੈ। ਇਸ ਤਖ਼ਤ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਇੱਥੋਂ ਸਿੱਖ ਪੰਥ ਦੇ ਸਾਂਝੇ ਮਸਲਿਆਂ ਬਾਰੇ ਮਾਰਗਦਰਸ਼ਨ ਤੇ ਫ਼ੈਸਲਿਆਂ ਦੀ ਪਰੰਪਰਾ ਵਿਕਸਿਤ ਹੋਈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇੱਥੇ ਸੰਗਤਾਂ ਨਾਲ ਵਿਚਾਰ-ਵਟਾਂਦਰਾ ਹੁੰਦਾ ਤੇ ਪੰਥਕ ਮਸਲਿਆਂ ਬਾਰੇ ਚਰਚਾ ਕੀਤੀ ਜਾਂਦੀ ਸੀ। ਬਾਅਦ 'ਚ ਵੀ ਅਕਾਲ ਤਖ਼ਤ ਸਰਬੱਤ ਖ਼ਾਲਸਾ ਅਤੇ ਪੰਥਕ ਵਿਚਾਰ-ਵਟਾਂਦਰੇ ਨਾਲ ਜੁੜਿਆ ਇਕ ਕੇਂਦਰੀ ਅਸਥਾਨ ਬਣਿਆ ਰਿਹਾ। ਇਸੇ ਪੰਥਕ ਪਰੰਪਰਾ ਵਿਚ ਸਾਨੂੰ ਅਜਿਹੇ ਜਥੇਦਾਰ ਵੀ ਮਿਲਦੇ ਹਨ, ਜਿਨ੍ਹਾਂ ਨੇ ਆਪਣੇ ਸਮੇਂ ਵਿਚ ਅਕਾਲ ਤਖ਼ਤ ਦੀ ਸੁਤੰਤਰਤਾ ਤੇ ਪੰਥਕ ਅਧਿਕਾਰ ਨੂੰ ਮਹੱਤਵ ਦਿੱਤਾ। ਪ੍ਰੋ. ਮਨਜੀਤ ਸਿੰਘ ਦੇ ਕਾਰਜਕਾਲ ਦੌਰਾਨ ਵੱਖ-ਵੱਖ ਸਿੱਖ ਸਿਆਸੀ ਧੜਿਆਂ ਨੂੰ ਇਕ ਮੰਚ 'ਤੇ ਲਿਆਉਣ ਦੇ ਯਤਨ ਹੋਏ। ਭਾਈ ਰਣਜੀਤ ਸਿੰਘ ਦੇ ਕਾਰਜਕਾਲ ਦੌਰਾਨ ਵੀ ਅਕਾਲ ਤਖ਼ਤ ਦੀ ਸੁਤੰਤਰਤਾ ਤੇ ਪੰਥਕ ਅਧਿਕਾਰ ਨੂੰ ਲੈ ਕੇ ਮਹੱਤਵਪੂਰਨ ਘਟਨਾਵਾਂ ਵਾਪਰੀਆਂ। ਗਿਆਨੀ ਪੂਰਨ ਸਿੰਘ ਦੇ ਸਮੇਂ ਵੀ ਪੰਥਕ ਤੇ ਧਾਰਮਿਕ ਮਸਲਿਆਂ 'ਤੇ ਅਕਾਲ ਤਖ਼ਤ ਵਲੋਂ ਸਰਗਰਮ ਭੂਮਿਕਾ ਨਿਭਾਈ ਗਈ। ਇਨ੍ਹਾਂ ਉਦਾਹਰਨਾਂ ਨਾਲ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ, ਪਰ ਇਹ ਜ਼ਰੂਰ ਦੱਸਦੀਆਂ ਹਨ ਕਿ ਅਕਾਲ ਤਖ਼ਤ ਦੀ ਮਹਾਨਤਾ ਉਸ ਵੇਲੇ ਵੀ ਪੰਥਕ ਵਿਚਾਰ, ਸੰਵਾਦ ਤੇ ਸੰਸਥਾਗਤ ਅਧਿਕਾਰ ਨਾਲ ਜੁੜੀ ਹੋਈ ਸੀ।

ਇਤਿਹਾਸ ਸਾਨੂੰ ਇਹ ਵੀ ਦੱਸਦਾ ਹੈ ਕਿ ਜਥੇਦਾਰਾਂ ਅਤੇ ਸਿਆਸੀ ਆਗੂਆਂ ਵਿਚਕਾਰ ਤਣਾਅ ਦੇ ਬਾਵਜੂਦ ਅਕਾਲ ਤਖ਼ਤ ਦੀ ਪੰਥਕ ਮਹੱਤਤਾ ਨੂੰ ਕੇਂਦਰ ਵਿਚ ਰੱਖਣ ਦੀ ਕੋਸ਼ਿਸ਼ ਹੁੰਦੀ ਰਹੀ। ਇਸੇ ਲਈ ਸਾਨੂੰ ਪੁਰਾਣੇ ਜਥੇਦਾਰਾਂ ਦੀਆਂ ਸੇਵਾਵਾਂ ਤੇ ਉਨ੍ਹਾਂ ਵਲੋਂ ਕੀਤੇ ਚੰਗੇ ਪੰਥਕ ਕਾਰਜਾਂ ਨੂੰ ਯਾਦ ਕਰਦਿਆਂ ਇਹ ਸੋਚਣਾ ਚਾਹੀਦਾ ਹੈ ਕਿ ਅੱਜ ਅਸੀਂ ਉਸੇ ਸੰਸਥਾਗਤ ਮਰਿਆਦਾ ਨੂੰ ਕਿਵੇਂ ਹੋਰ ਮਜ਼ਬੂਤ ਕਰ ਸਕਦੇ ਹਾਂ। ਪਰ 2015 ਦੀ ਘਟਨਾ ਇਸ ਪੂਰੀ ਪਰੰਪਰਾ ਦੇ ਸੰਦਰਭ ਵਿਚ ਇਕ ਬਹੁਤ ਹੀ ਗੰਭੀਰ ਤੇ ਦੁਖਦਾਈ ਅਧਿਆਇ ਵਜੋਂ ਸਾਹਮਣੇ ਆਉਂਦੀ ਹੈ। 24 ਸਤੰਬਰ, 2015 ਨੂੰ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਹੇਠ ਡੇਰਾ ਮੁਖੀ ਨੂੰ ਦਿੱਤੀ ਗਈ ਮੁਆਫ਼ੀ ਦਾ ਫ਼ੈਸਲਾ ਪੰਥਕ ਪੱਧਰ 'ਤੇ ਬਹੁਤ ਵੱਡੇ ਵਿਵਾਦ ਦਾ ਕਾਰਨ ਬਣਿਆ। ਜਿਸ ਵਿਅਕਤੀ ਵਿਰੁੱਧ ਪਹਿਲਾਂ ਹੀ ਸਿੱਖ ਪੰਥ ਵਿਚ ਗੰਭੀਰ ਰੋਸ ਤੇ ਧਾਰਮਿਕ ਭਾਵਨਾਵਾਂ ਨਾਲ ਜੁੜੇ ਵਿਵਾਦ ਸਨ, ਉਸ ਨੂੰ ਦਿੱਤੀ ਮੁਆਫ਼ੀ ਬਹੁਤੇ ਸਿੱਖਾਂ ਦੀ ਨਜ਼ਰ ਵਿਚ ਅਕਾਲ ਤਖ਼ਤ ਦੀ ਮਰਿਆਦਾ ਤੇ ਨਿਰਪੱਖਤਾ ਲਈ ਇਕ ਵੱਡੀ ਗਲਤੀ ਸੀ। ਮੇਰੇ ਵਿਚਾਰ ਵਿਚ ਇਹ ਸਿਰਫ਼ ਇਕ ਵਿਅਕਤੀ ਨੂੰ ਮੁਆਫ਼ ਕਰਨ ਦਾ ਮਾਮਲਾ ਨਹੀਂ ਸੀ। ਵੱਡਾ ਸਵਾਲ ਇਹ ਸੀ ਕਿ ਅਕਾਲ ਤਖ਼ਤ ਤੋਂ ਹੋਣ ਵਾਲੇ ਫ਼ੈਸਲਿਆਂ ਪਿੱਛੇ ਪੰਥ ਨੂੰ ਕਿੰਨਾ ਵਿਸ਼ਵਾਸ ਤੇ ਨੈਤਿਕ ਅਧਿਕਾਰ ਮਹਿਸੂਸ ਹੁੰਦਾ ਹੈ। ਜਦੋਂ ਕਿਸੇ ਅਜਿਹੇ ਮਾਮਲੇ 'ਚ ਜਿਸ ਨਾਲ ਸਿੱਖ ਪੰਥ ਦੀਆਂ ਡੂੰਘੀਆਂ ਭਾਵਨਾਵਾਂ ਜੁੜੀਆਂ ਹੋਣ, ਫ਼ੈਸਲਾ ਇਸ ਢੰਗ ਨਾਲ ਸਾਹਮਣੇ ਆਵੇ ਕਿ ਵੱਡਾ ਹਿੱਸਾ ਸੰਗਤ ਦਾ ਉਸ ਨੂੰ ਸਵੀਕਾਰ ਨਾ ਕਰ ਸਕੇ, ਤਾਂ ਇਹ ਸੰਸਥਾ ਦੀ ਸਾਖ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਬਾਅਦ 'ਚ ਇਸ ਫ਼ੈਸਲੇ ਨੂੰ ਵਾਪਸ ਲੈਣਾ ਵੀ ਇਸ ਗੱਲ ਦਾ ਸੰਕੇਤ ਸੀ ਕਿ ਮਾਮਲਾ ਸਿਰਫ਼ ਇਕ ਆਮ ਪ੍ਰਸ਼ਾਸਕੀ ਫ਼ੈਸਲਾ ਨਹੀਂ ਸੀ। ਇਸ ਘਟਨਾ ਤੋਂ ਬਹੁਤ ਵੱਡਾ

ਭੁਪਿੰਦਰ ਸਿੰਘ ਝਬਾਲ

ਸਬਕ ਮਿਲਦਾ ਹੈ—ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਭਾਵੇਂ ਕਿਸੇ ਵਿਅਕਤੀ ਦੇ ਹੱਕ ਵਿਚ ਹੋਵੇ ਜਾਂ ਵਿਰੋਧ 'ਚ, ਉਸ ਪਿੱਛੇ ਪੰਥ ਨੂੰ ਇਹ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਫ਼ੈਸਲਾ ਪੂਰੀ ਤਰ੍ਹਾਂ ਨਿਰਪੱਖ, ਗੁਰਮਤਿ ਅਨੁਸਾਰ ਤੇ ਕਿਸੇ ਬਾਹਰੀ ਦਬਾਅ ਤੋਂ ਮੁਕਤ ਹੈ।

ਇਸੇ ਸੰਦਰਭ ਵਿਚ ਅੱਜ ਜਾਂ ਹਾਲੀਆ ਸਮੇਂ 'ਚ ਜਥੇਦਾਰਾਂ ਨੂੰ ਅਹੁਦਿਆਂ ਤੋਂ ਹਟਾਉਣ ਨਾਲ ਜੁੜੇ ਮਾਮਲਿਆਂ ਨੂੰ ਵੀ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਵਰਗੇ ਜਥੇਦਾਰਾਂ ਨਾਲ ਜੁੜੇ ਅਹੁਦਾ-ਬਦਲਾਅ ਜਾਂ ਹਟਾਉਣ ਦੇ ਫ਼ੈਸਲੇ ਜੇ ਪੰਥਕ ਪੱਧਰ 'ਤੇ ਸਪੱਸ਼ਟ, ਪਾਰਦਰਸ਼ੀ ਤੇ ਸੁਤੰਤਰ ਪ੍ਰਕਿਰਿਆ ਰਾਹੀਂ ਨਾ ਸਮਝਾਏ ਜਾਣ ਤਾਂ ਸਵਾਲ ਸਿਰਫ਼ ਕਿਸੇ ਇਕ ਜਥੇਦਾਰ ਦੀ ਯੋਗਤਾ ਜਾਂ ਅਯੋਗਤਾ ਦਾ ਨਹੀਂ ਰਹਿੰਦਾ। ਸਵਾਲ ਇਹ ਬਣ ਜਾਂਦਾ ਹੈ ਕਿ ਜਥੇਦਾਰ ਦੇ ਅਹੁਦੇ ਦੀ ਸੰਸਥਾਗਤ ਸੁਤੰਤਰਤਾ ਕਿੰਨੀ ਹੈ ਤੇ ਉਸ ਦੀ ਜਵਾਬਦੇਹੀ ਕਿਸ ਦੇ ਪ੍ਰਤੀ ਹੈ। ਅਜਿਹੇ ਮਾਮਲਿਆਂ 'ਚ ਵੀ ਪੰਥਕ ਭਰੋਸਾ ਸਭ ਤੋਂ ਉੱਪਰ ਹੋਣਾ ਚਾਹੀਦਾ ਹੈ।

ਇਤਿਹਾਸਕ ਵੇਰਵਿਆਂ ਅਨੁਸਾਰ ਅਕਾਲ ਤਖ਼ਤ ਨੂੰ ਅਫ਼ਗਾਨ ਹਮਲਾਵਰਾਂ ਵਲੋਂ ਵੀ ਨੁਕਸਾਨ ਪਹੁੰਚਾਇਆ ਗਿਆ ਸੀ ਤੇ 1984 'ਚ ਬਹੁਤ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਪਰ ਇਤਿਹਾਸ ਇਹ ਵੀ ਸਿਖਾਉਂਦਾ ਹੈ ਕਿ ਇਮਾਰਤ ਨੂੰ ਦੁਬਾਰਾ ਬਣਾਇਆ ਜਾ ਸਕਦਾ ਹੈ, ਸੰਸਥਾ ਪ੍ਰਤੀ ਲੋਕਾਂ ਦਾ ਵਿਸ਼ਵਾਸ ਜੇ ਟੁੱਟ ਜਾਵੇ ਤਾਂ ਉਸ ਨੂੰ ਮੁੜ ਬਣਾਉਣਾ ਕਿਤੇ ਵਧੇਰੇ ਔਖਾ ਹੁੰਦਾ ਹੈ। ਇਸ ਲਈ ਸਾਡੀ ਚਿੰਤਾ ਕਿਸੇ ਇਕ ਮੌਜੂਦਾ ਜਾਂ ਪੁਰਾਣੇ ਜਥੇਦਾਰ ਸਾਹਿਬ ਬਾਰੇ ਨਹੀਂ। ਅੱਜ ਦੇ ਜਥੇਦਾਰ ਸਾਹਿਬ ਵੀ ਸਾਡੇ ਲਈ ਸਤਿਕਾਰਯੋਗ ਹਨ। ਚਿੰਤਾ ਅਹੁਦੇ ਦੀ ਸੰਸਥਾਗਤ ਆਜ਼ਾਦੀ ਬਾਰੇ ਹੈ। ਜਥੇਦਾਰ ਬਦਲਦੇ ਰਹਿਣਗੇ, ਸਰਕਾਰਾਂ ਬਦਲਦੀਆਂ ਰਹਿਣਗੀਆਂ, ਸਿਆਸੀ ਪਾਰਟੀਆਂ ਬਦਲਦੀਆਂ ਰਹਿਣਗੀਆਂ ਅਤੇ ਪਰਿਵਾਰ ਵੀ ਬਦਲ ਜਾਣਗੇ, ਪਰ ਅਕਾਲ ਤਖ਼ਤ ਦੀ ਮਰਿਆਦਾ ਸਦੀਵੀ ਰਹਿਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਦੀਆਂ ਆਪਣੀਆਂ ਮਜਬੂਰੀ ਹਨ। ਹਰ ਕਰਮਚਾਰੀ ਨੇ ਨੌਕਰੀ ਕਰਕੇ ਆਪਣਾ ਘਰ ਚਲਾਉਣਾ ਹੈ। ਗੱਲ ਉਸ ਪ੍ਰਬੰਧਕੀ ਤੇ ਸਿਆਸੀ ਦਖ਼ਲ ਦੀ ਹੈ, ਜਿਸ ਨਾਲ ਇਕ ਮਹਾਨ ਪੰਥਕ ਸੰਸਥਾ ਦੀ ਨਿਰਪੱਖਤਾ 'ਤੇ ਸਵਾਲ ਉੱਠਣ। ਅਕਾਲ ਤਖ਼ਤ ਸਾਹਿਬ ਨੂੰ ਕਿਸੇ ਇਕ ਪਰਿਵਾਰ, ਪਾਰਟੀ ਜਾਂ ਧੜੇ ਦੀ ਛਾਂ ਤੋਂ ਉੱਪਰ ਰੱਖਿਆ ਜਾਣਾ ਚਾਹੀਦਾ ਹੈ। ਜਥੇਦਾਰ ਦੀ ਨਿਯੁਕਤੀ, ਕਾਰਜਕਾਲ ਤੇ ਜਵਾਬਦੇਹੀ ਲਈ ਅਜਿਹੀ ਪੰਥਕ ਤੇ ਪਾਰਦਰਸ਼ੀ ਵਿਵਸਥਾ ਬਣੇ, ਜਿਸ 'ਤੇ ਦੁਨੀਆ ਭਰ ਦੀ ਸਿੱਖ ਸੰਗਤ ਨੂੰ ਵਿਸ਼ਵਾਸ ਹੋਵੇ। ਸਾਡਾ ਇਤਿਹਾਸ ਇਹ ਨਹੀਂ ਸਿਖਾਉਂਦਾ ਕਿ ਕਿਸੇ ਵਿਅਕਤੀ ਨੂੰ ਸਦਾ ਲਈ ਨਿਸ਼ਾਨਾ ਬਣਾਇਆ ਜਾਵੇ। ਇਤਿਹਾਸ ਇਹ ਸਿਖਾਉਂਦਾ ਹੈ ਕਿ ਸੰਸਥਾਵਾਂ ਨੂੰ ਵਿਅਕਤੀਆਂ ਤੋਂ ਉੱਪਰ ਰੱਖਿਆ ਜਾਵੇ।

ਇਹ ਲੇਖ ਕਿਸੇ ਵਿਅਕਤੀ ਵਿਰੁੱਧ ਇਲਜ਼ਾਮ ਨਹੀਂ, ਸਗੋਂ ਇਕ ਪੰਥਕ ਅਰਦਾਸ ਹੈ ਕਿ ਅਕਾਲ ਤਖ਼ਤ ਦੀ ਮਰਿਆਦਾ ਸਿਆਸੀ ਦਖ਼ਲ ਤੋਂ ਉੱਪਰ ਰਹੇ, ਜਥੇਦਾਰ ਸਾਹਿਬ ਪੰਥਕ ਜ਼ਮੀਰ ਦੀ ਆਵਾਜ਼ ਬਣਨ ਅਤੇ ਕੋਈ ਵੀ ਸਿਆਸੀ ਤਾਕਤ ਇਸ ਮਹਾਨ ਸੰਸਥਾ ਨੂੰ ਆਪਣੇ ਨਿੱਜੀ ਜਾਂ ਸਿਆਸੀ ਪਾਰਟੀ ਹਿੱਤਾਂ ਲਈ ਵਰਤਣ ਦੀ ਹਿੰਮਤ ਨਾ ਕਰ ਸਕੇ। ਅਕਾਲ ਤਖ਼ਤ ਸਾਹਿਬ ਦੀ ਇਮਾਰਤ ਸਿਰਫ਼ ਪੱਥਰਾਂ ਦੀ ਇਮਾਰਤ ਨਹੀਂ, ਇਹ ਸਿੱਖ ਪੰਥ ਦੀ ਸਾਂਝੀ ਚੇਤਨਾ ਦਾ ਪ੍ਰਤੀਕ ਹੈ। ਇਸ ਦੀ ਮਰਿਆਦਾ ਦੀ ਰੱਖਿਆ ਕਰਨਾ ਕਿਸੇ ਇਕ ਜਥੇਦਾਰ, ਸੰਸਥਾ ਜਾਂ ਪਰਿਵਾਰ ਦੀ ਜ਼ਿੰਮੇਵਾਰੀ ਨਹੀਂ, ਇਹ ਸਮੁੱਚੇ ਖ਼ਾਲਸਾ ਪੰਥ ਦੀ ਸਾਂਝੀ ਜ਼ਿੰਮੇਵਾਰੀ ਹੈ। ਅਕਾਲ ਤਖ਼ਤ ਦੀ ਮਰਿਆਦਾ ਕਾਇਮ ਰਹੇ, ਪੰਥਕ ਏਕਤਾ ਮਜ਼ਬੂਤ ਹੋਵੇ ਅਤੇ ਗੁਰੂ ਸਾਹਿਬਾਨ ਦੀ ਮੀਰੀ-ਪੀਰੀ ਦੀ ਸੋਚ ਸਾਡੀ ਅਗਵਾਈ ਕਰਦੀ ਰਹੇ, ਇਹੀ ਇਸ ਲੇਖ ਦਾ ਮੂਲ ਉਦੇਸ਼ ਹੈ।

ਮਾਨਸਿਕ ਸਿਹਤ ਨੂੰ ਕਿਵੇਂ ਮਜ਼ਬੂਤ ਬਣਾਈਏ ?

ਹਰ ਵਿਅਕਤੀ ਦਾ ਕੁਦਰਤੀ ਸੁਭਾਅ ਦਿਆਲੂ, ਪਿਆਰ ਕਰਨ ਵਾਲਾ, ਹਮਦਰਦ ਅਤੇ ਅਨੰਦਮਈ ਹੁੰਦਾ ਹੈ। ਕੋਈ ਵੀ ਬੱਚਾ ਬਿਨਾਂ ਕਾਰਨ ਨਹੀਂ ਰੋਂਦਾ। ਉਹ ਭੁੱਖੇ, ਨੀਂਦ ਵਿਚ ਜਾਂ ਡਰੇ ਹੋਏ ਰੋਂਦੇ ਹਨ। ਇਸੇ ਤਰ੍ਹਾਂ ਜੇਕਰ ਕੋਈ ਹਿੰਸਕ ਹੈ ਤਾਂ ਇਸ ਪਿੱਛੇ ਇਕ ਕਾਰਨ ਹੈ। ਜੇਕਰ ਕਿਸੇ ਵਿਚ ਹਮਦਰਦੀ ਦੀ ਘਾਟ ਹੈ ਤਾਂ ਇਸ ਦੇ ਪਿੱਛੇ ਵੀ ਇਕ ਕਾਰਨ ਹੈ ਅਤੇ ਜੇਕਰ ਅਸੀਂ ਸੱਚਮੁੱਚ ਇਸ ਦੀ ਜੜ੍ਹ ਤੱਕ ਦੇਖਦੇ ਹਾਂ ਤਾਂ ਸਾਨੂੰ ਇਕੱਲਤਾ, ਡਰ, ਅਸਵੀਕਾਰ ਦੀ ਭਾਵਨਾ ਅਤੇ ਆਪਣੇਪਣ ਦੀ ਘਾਟ ਮਿਲੇਗੀ। ਜਦੋਂ ਕੋਈ ਸਰੀਰਕ ਤੌਰ 'ਤੇ ਬਿਮਾਰ ਹੁੰਦਾ ਹੈ ਤਾਂ ਅਸੀਂ ਉਨ੍ਹਾਂ ਨੂੰ ਹਸਪਤਾਲ ਭੇਜਦੇ ਹਾਂ। ਜਦੋਂ ਉਨ੍ਹਾਂ ਦਾ ਵਿਵਹਾਰ ਵਿਗੜ ਜਾਂਦਾ ਹੈ ਤਾਂ ਅਸੀਂ ਉਨ੍ਹਾਂ ਨੂੰ ਜੇਲ੍ਹ ਭੇਜਦੇ ਹਾਂ। ਪਰ ਜੇਲ੍ਹ ਵਿਚ ਹੋਣ ਤੋਂ ਬਾਅਦ ਵੀ ਅਸੀਂ ਉਨ੍ਹਾਂ ਨੂੰ ਉਹ ਸਾਧਨ ਤੇ ਤਕਨੀਕਾਂ ਪ੍ਰਦਾਨ ਨਹੀਂ ਕਰਦੇ, ਜੋ ਉਨ੍ਹਾਂ ਨੂੰ ਆਪਣੇ ਵਿਵਹਾਰ ਨੂੰ ਸੁਧਾਰਨ ਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਬਦਲਣ ਲਈ ਲੋੜੀਂਦੀਆਂ ਹਨ।

ਮਾਨਸਿਕ ਸਿਹਤ ਚੁਣੌਤੀਆਂ ਅੱਜ ਦੁਨੀਆ ਵਿਚ ਹੋ ਰਹੀ ਔਧੀ ਤੋਂ ਵੱਧ ਹਿੰਸਾ ਦਾ ਮੂਲ ਕਾਰਨ ਹਨ। ਮਾਨਸਿਕ ਸਿਹਤ ਅੱਜ ਦੁਨੀਆ ਦੇ ਸਾਹਮਣੇ ਸਭ ਤੋਂ ਵੱਡੀਆਂ ਚੁਣੌਤੀਆਂ 'ਚੋਂ ਇਕ ਹੈ। ਭਾਵੇਂ ਵਿਕਾਸਸ਼ੀਲ ਜਾਂ ਵਿਕਸਿਤ ਦੇਸ਼ਾਂ ਵਿਚ, ਯੁੱਧ ਪ੍ਰਭਾਵਿਤ ਖੇਤਰਾਂ ਵਿਚ ਜਾਂ ਸ਼ਾਂਤੀਪੂਰਨ ਸਮਾਜਾਂ ਵਿਚ- ਇਹ ਸਾਡੇ ਸਾਰਿਆਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਬਹੁਤ ਚਿੰਤਾਜਨਕ ਹੈ ਕਿ ਹਰ 42 ਸਕਿੰਟਾਂ ਵਿਚ ਕੋਈ ਨਾ ਕੋਈ ਆਪਣੀ ਜਾਨ ਲੈ ਲੈਂਦਾ ਹੈ। ਅਣਗਿਣਤ ਨੌਜਵਾਨ ਹਮਲਾਵਰ ਤੇ ਹਿੰਸਕ ਹੋ ਰਹੇ ਹਨ ਜਾਂ ਤਣਾਅ ਵਿਚ ਪੈ ਰਹੇ ਹਨ। ਭਾਰਤ ਆਪਣੀ ਅਧਿਆਤਮਕ ਪਰੰਪਰਾ ਰਾਹੀਂ, ਦੁਨੀਆ ਨੂੰ ਇਸ ਮਾਨਸਿਕ ਸਿਹਤ ਸੰਕਟ ਨੂੰ ਹੱਲ ਕਰਨ ਵਿਚ ਬਹੁਤ ਮਦਦ ਕਰ ਰਿਹਾ ਹੈ।

ਗੁਰੂਦੇਵ ਸ੍ਰੀ ਸ੍ਰੀ ਰਵੀ ਸ਼ੰਕਰ

ਸਾਨੂੰ ਆਮ ਤੌਰ 'ਤੇ ਘਰ ਵਿਚ ਜਾਂ ਸਕੂਲ ਵਿਚ ਆਪਣੀਆਂ ਭਾਵਨਾਵਾਂ ਨੂੰ ਕਾਬੂ ਕਰਨਾ ਨਹੀਂ ਸਿਖਾਇਆ ਜਾਂਦਾ। ਕਈ ਵਾਰ ਇਕੱਲਾ ਮਹਿਸੂਸ ਕਰਨਾ ਸੁਭਾਵਿਕ ਹੈ, ਦੌਲਤ, ਪਰਿਵਾਰ ਤੇ ਦੋਸਤਾਂ ਨਾਲ ਵੀ ਕੋਈ ਉਦਾਸ ਜਾਂ ਅੰਦਰੋਂ ਇਕੱਲਾ ਮਹਿਸੂਸ ਕਰ ਸਕਦਾ ਹੈ। ਇਹ ਇਕੱਲਤਾ ਜੋ ਅੱਜ ਇਕ ਵੱਡੇ ਮਾਨਸਿਕ ਸਿਹਤ ਸੰਕਟ ਵਜੋਂ ਉੱਭਰ ਰਹੀ ਹੈ, ਇਸ ਲਈ ਹੈ ਕਿਉਂਕਿ ਅਸੀਂ ਆਪਣੇ ਨਾਲ ਰਹਿਣਾ ਤੇ ਆਪਣੇ ਅੰਦਰ ਸ਼ਾਂਤੀ ਲੱਭਣਾ ਨਹੀਂ ਸਿੱਖਿਆ। ਜੇਕਰ ਅਸੀਂ ਇਹ ਸਿੱਖਦੇ ਹਾਂ ਤਾਂ ਸਾਡੇ ਅੰਦਰਲੀ ਖੁਸ਼ੀ ਸਾਡੇ ਆਲੇ ਦੁਆਲੇ ਫੈਲਣੀ ਸ਼ੁਰੂ ਹੋ ਜਾਵੇਗੀ।

ਸਾਡਾ ਸਾਹ ਇਕ ਸਿਹਤਮੰਦ ਮਨ ਦੀ ਕੁੰਜੀ ਹੈ। ਇਕ ਸਿਹਤਮੰਦ ਮਨ ਦੀਆਂ ਨਿਸ਼ਾਨੀਆਂ ਕੀ ਹਨ? ਤੁਹਾਡੇ ਚਿਹਰੇ 'ਤੇ ਇਕ ਮੁਸਕਰਾਹਟ ਜੋ ਕੋਈ ਤੁਹਾਡੇ ਤੋਂ ਨਹੀਂ ਖੋਹ ਸਕਦਾ ਅਤੇ ਆਪਣੇ ਅੰਦਰ ਅਜਿਹਾ ਵਿਸ਼ਵਾਸ ਕਿ ਤੁਸੀਂ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰ ਸਕਦੇ ਹੋ। ਇਕ ਸਿਹਤਮੰਦ ਮਨ ਉਹ ਹੁੰਦਾ ਹੈ, ਜੋ ਆਲੋਚਨਾ ਨੂੰ ਸਵੀਕਾਰ ਕਰ ਸਕਦਾ ਹੈ ਅਤੇ ਸਿਹਤਮੰਦ ਤੇ ਰਚਨਾਤਮਕ ਆਲੋਚਨਾ ਪੇਸ਼ ਕਰਨ ਦੀ ਹਿੰਮਤ ਵੀ ਰੱਖਦਾ ਹੈ। ਇਹ ਨਿਡਰ ਤੇ ਨਿਮਰ ਹੋਣ ਦੀ ਯੋਗਤਾ ਹੈ। ਹਰ ਭਾਵਨਾ ਸਰੀਰ ਦੇ ਇਕ ਖ਼ਾਸ ਹਿੱਸੇ ਵਿਚ ਖ਼ਾਸ ਸੰਵੇਦਨਾਵਾਂ ਪੈਦਾ ਕਰਦੀ ਹੈ। ਇਹ ਸਾਡੇ ਸਾਹ ਲੈਣ ਨਾਲ ਵੀ ਸੰਬੰਧਿਤ ਹੈ। ਜਦੋਂ ਅਸੀਂ ਉਦਾਸ ਹੁੰਦੇ ਹਾਂ ਤਾਂ ਸਾਡੇ ਸਾਹ ਲੈਣ ਦਾ ਤਰੀਕਾ ਵੱਖਰਾ ਹੁੰਦਾ ਹੈ ਤੇ ਜਦੋਂ ਅਸੀਂ ਖੁਸ਼ ਹੁੰਦੇ ਹਾਂ ਤਾਂ ਇਹ ਵੱਖਰਾ ਹੁੰਦਾ ਹੈ। ਜਦੋਂ ਗੁੱਸੇ, ਨਿਰਾਸ਼ ਜਾਂ ਈਰਖਾਲੂ ਹੁੰਦੇ ਹਾਂ ਤਾਂ ਅਕਸਰ ਨਹੀਂ ਪਤਾ ਹੁੰਦਾ ਕਿ ਉਨ੍ਹਾਂ ਭਾਵਨਾਵਾਂ ਨਾਲ ਕੀ ਕਰਨਾ ਹੈ ਅਤੇ ਉਨ੍ਹਾਂ ਨੂੰ ਕਿਵੇਂ ਅੰਦਰ ਰੱਖਣਾ ਹੈ। ਪਰ ਇਹ ਇਸ ਤਰ੍ਹਾਂ ਹੈ ਜਿਵੇਂ ਤੁਹਾਡਾ ਸਾਹ ਤੁਹਾਨੂੰ ਕਹਿ ਰਿਹਾ ਹੋਵੇ, 'ਮੈਂ ਦਿਨ ਰਾਤ ਤੁਹਾਡੇ ਅੰਦਰ ਆਉਂਦਾ ਤੇ ਜਾਂਦਾ ਹਾਂ। ਜੇ ਤੁਸੀਂ ਮੇਰੇ ਵੱਲ ਥੋੜ੍ਹਾ ਜਿਹਾ ਧਿਆਨ ਦਿਓਗੇ ਤਾਂ ਮੈਂ ਤੁਹਾਨੂੰ ਖੁਸ਼ ਰੱਖਾਂਗਾ, ਤੁਹਾਡੀ ਆਤਮਾ ਨੂੰ ਊਰਜਾਵਾਨ ਤੇ ਖੁਸ਼ ਰੱਖਾਂਗਾ ਅਤੇ ਤੁਹਾਡੀ ਊਰਜਾ ਨੂੰ ਜ਼ਿੰਦਾ ਰੱਖਾਂਗਾ।' ਦੁਨੀਆ ਭਰ ਦੇ ਲੱਖਾਂ ਲੋਕਾਂ ਨੇ ਸਾਹ ਲੈਣ ਦੀਆਂ ਸਾਧਾਰਨ ਤਕਨੀਕਾਂ ਤੇ ਧਿਆਨ ਨੂੰ ਅਪਣਾਇਆ ਹੈ ਅਤੇ ਉਨ੍ਹਾਂ ਦੇ ਜੀਵਨ ਬਦਲ ਗਏ ਹਨ। ਉਦਾਹਰਨ ਵਜੋਂ, ਸੁਦਰਸ਼ਨ ਕਿਰਿਆ ਨੇ ਬਹੁਤ ਸਾਰੇ ਲੋਕਾਂ ਨੂੰ ਤਣਾਅ ਤੇ ਚਿੰਤਾ ਤੋਂ ਦੂਰ ਕਰਨ ਵਿ

'ਘਰ ਦਾ ਭੇਤੀ ਲੰਕਾਂ ਢਾਏ'

ਬਦੀ ਉੱਤੇ ਨੇਕੀ ਦੀ ਜਿੱਤ ਦੁਸਹਿਰਾ

ਵੈਸੇ ਤਾਂ ਪੰਜਾਬ ਵਿੱਚ ਸਾਰਾ ਸਾਲ ਹੀ ਤਿਉਹਾਰ ਚੱਲਦੇ ਰਹਿੰਦੇ ਹਨ। ਪਰ ਸਿਆਲਾਂ ਦੀ ਆਮਦ ਦੇ ਤਿਉਹਾਰਾਂ ਵਿੱਚ ਦੁਸਹਿਰਾ ਸਭ ਤੋਂ ਪਹਿਲਾ ਖਾਸ ਤਿਉਹਾਰ ਹੈ। ਇਹ ਨੌਂ ਨਵਰਾਤਰਿਆਂ ਤੋਂ ਬਾਅਦ ਹੁੰਦਾ ਹੈ। ਦੁਸਹਿਰੇ ਦੇ ਤਿਉਹਾਰ ਨੂੰ 'ਵਿਜਯ ਦਸ਼ਮੀ' ਵੀ ਕਿਹਾ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਦਾ ਸ਼ਬਦ 'ਵਿਜਯ' ਜਿਸ ਦਾ ਅਰਥ ਹੈ ਜਿੱਤ। ਦੁਸਹਿਰਾ ਦੇ ਇਤਿਹਾਸ ਬਾਰੇ ਸਾਰੇ ਪੰਜਾਬੀ ਭਲੀ-ਬਾਤ ਜਾਣਦੇ ਹਨ ਕਿ ਇਸ ਦਾ ਸਬੰਧ ਭਗਵਾਨ ਸ਼ੀ ਰਾਮ ਚੰਦਰ ਜੀ ਨਾਲ ਹੈ। ਵੈਸੇ ਇਹ ਵੀ ਜਿਕਰਯੋਗ ਗੱਲ ਹੈ ਕਿ ਰਾਵਣ ਵੀ ਇਕ ਸ਼ਕਤੀ ਸ਼ਾਲੀ ਰਾਜਾ ਸੀ। ਉਂਝ ਤਾਂ ਰਾਵਣ ਬਹੁਤ ਗਿਆਨੀ ਪੰਡਤ ਸੀ, ਪਰ ਮਨ 'ਚ ਹੰਕਾਰ ਹੋਣ ਕਾਰਨ ਯੁੱਧ ਵਿਚ ਉਸਦੀ ਹਾਰ ਹੋਈ, ਹਾਰ ਦਾ ਕਾਰਨ ਉਸ ਦੇ ਭਰਾ ਵੱਲੋਂ ਧੋਖਾ ਕਰਨਾ ਹੈ ਇਹ ਦੁਨੀਆਂ ਲਈ ਇੱਕ ਸੇਧ ਦੇਣ ਵਾਲੀ ਗੱਲ ਵੀ ਹੈ ਕਿ ਆਪਣੇ ਵੀ ਕਈ ਵਾਰ ਦਗਾ ਕਮਾ ਜਾਦੇ ਹਨ ਇਸ ਲਈ ਕਿਸੇ ਤੇ ਵੀ ਅੱਖਾਂ ਮੀਚ ਕੇ ਵਿਸ਼ਵਾਸ ਕਰਨਾ ਹਾਰ ਦਾ ਕਾਰਨ ਬਣਦਾ ਹੈ ਤਾਂਹੀ ਕਿਹਾ ਜਾਦਾ ਹੈ 'ਘਰ ਦਾ ਭੇਤੀ ਲੰਕਾਂ ਢਾਏ'।

ਮੇਰਾ ਮਕਸਦ ਕਿਸੇ ਵੀ ਧਰਮ ਨੂੰ ਠੇਸ ਪਹੁੰਚਾਉਣਾ ਨਹੀਂ ਹੈ ਪਰ ਅਸਲ ਵਿੱਚ ਵੇਖਿਆ ਜਾਵੇ ਤਾਂ ਰਾਵਣ ਬਹੁੱਤ ਵੱਡਾ ਵਿਦਵਾਨ ਸੀ। ਉਸਦਾ ਕਸੂਰ ਇਹ ਸੀ ਕਿ ਉਸਨੇ ਭਗਵਾਨ ਸ੍ਰੀ ਰਾਮ ਦੀ ਪਤਨੀ ਸੀਤਾ ਦਾ ਹਰਣ ਕੀਤਾ ਸੀ। ਪੜ੍ਹਣ ਤੇ ਸੁਣਨ ਦੇ ਮੁਤਾਬਿਕ ਇਸ ਦਾ ਕਾਰਨ ਇਹ ਸੀ ਕਿ ਰਾਵਣ ਦੀ ਭੈਣ ਸਰੂਪਨਖ਼ਾ ਲਕਸ਼ਮਣ ਨੂੰ ਪਸੰਦ ਕਰਦੀ ਸੀ ਤੇ ਜਤੀ-ਸਤੀ ਹੋਣ ਕਰਕੇ ਲਕਸ਼ਮਣ ਨੇ ਗੁੱਸੇ 'ਚ ਸਰੂਪਨਖ਼ਾ ਦਾ ਨੱਕ ਵੱਡ ਦਿੱਤਾ ਸੀ। ਭੈਣ ਨਾਲ਼ ਹੋਈ ਇਸ ਬੇਇਨਸਾਫੀ ਦਾ ਬਦਲਾ ਲੈਣ ਲੈਈ ਰਾਵਣ ਨੇ ਸੀਤਾ ਹਰਣ ਕੀਤਾ। ਰਾਵਣ ਨੇ ਸੀਤਾ ਨੂੰ ਅਸ਼ੋਕ ਵਾਟਿਕਾ 'ਚ ਰੱਖਿਆ, ਜਿੱਥੇ ਉਸਦੇ ਖਾਣ-ਪੀਣ ਤੇ ਆਰਾਮ ਦਾ ਪੂਰਨ ਪ੍ਰਬੰਧ ਕੀਤਾ ਗਿਆ ਸੀ। ਉਹ ਪੂਰੀ ਤਰ੍ਹਾਂ ਮਹਿਫੂਜ ਸੀ। ਇਹ ਵੀ ਜਿਕਰਯੋਗ ਗੱਲ ਹੈ ਕਿ ਰਾਵਣ ਨੇ ਸੀਤਾ ਦਾ ਹਰਨ ਕੀਤਾ ਸੀ ਪਰ ਉਸਦੇ ਚਰਿੱਤਰ ਉਪਰ ਕੋਈ ਦਾਗ਼ ਨਹੀਂ ਹੈ। ਪਰ ਜੁਰਮ ਕੋਈ ਵੀ ਹੋਵੇ ਉਸਦੀ ਸਜਾ ਤਾਂ ਜਰੂਰ ਮਿਲਣੀ ਚਾਹੀਦੀ ਹੈ। ਰਾਵਣ ਨੂੰ ਉਸ ਦੇ ਕੀਤੇ ਦੀ ਸਜਾ ਮਿਲੀ। ਅੱਜ ਕਈ ਸਦੀਆਂ ਬਾਅਦ ਵੀ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲੇ ਸਾੜ ਕੇ ਦੁਸਹਿਰੇ ਨੂੰ ਬਦੀ ਤੇ ਨੇਕੀ ਦੀ ਜਿੱਤ ਕਹਿ ਦਿੱਤਾ ਜਾਦਾ ਹੈ।

ਜੇਕਰ ਅੱਜ ਦੇ ਰਾਵਣ ਵੱਲ ਵੇਖੀਏ ਜੋਂ ਸ਼ਰੇਆਮ ਤੁਰੇ ਫਿਰਦੇ ਹਨ। ਉਸ ਰਾਵਣ ਨੇ ਤਾਂ ਸੀਤਾ ਦਾ ਕੇਵਲ ਅਪਹਰਣ ਹੀ ਕੀਤਾ ਸੀ, ਅਜੋਕੇ ਰਾਵਣਾਂ ਨੇ ਤਾਂ ਅੱਤਿਆਚਾਰ ਦੀ ਹੱਦ ਹੀ ਪਾਰ ਕਰ ਦਿੱਤੀ ਹੈ। ਮਾਸੂਮ ਬੱਚੀਆਂ ਨਾਲ ਬਲਾਤਕਾਰ ਕਰਕੇ ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਕੀ ਉਨ੍ਹਾਂ ਰਾਵਣਾ ਦੇ ਪੁਤਲੇ ਸਾੜਨ ਦੀ ਜਰੂਰਤ ਨਹੀਂ? ਉਹ ਤਾਂ ਅਪੀਲਾ ਕਰ ਕਰ ਕੇ ਆਪਣੇ ਕੀਤੇ ਜੁਰਮਾਂ ਨੂੰ ਠੰਡਾ ਕਰ ਦਿੰਦੇ ਹਨ ਤੇ ਜਿਸ ਦਿਨ ਉਨ੍ਹਾਂ ਦੇ ਜੁਰਮ ਲੋਕਾ ਦੇ ਮਨੋਂ ਵਿਸਰ ਜਾਦੇ ਹਨ, ਉਸ ਦਿਨ ਉਹ ਲੈ-ਦੇ ਕੇ ਚੁੱਪ-ਚਪੀਤੇ ਰਿਹਾਅ ਹੋ ਕੇ ਲੋਕਾਂ ਦੀ ਭੀੜ ਵਿੱਚ ਸ਼ਾਮਲ ਹੋਂ ਜਾਦੇ ਹਨ। ਆਮ ਹੀ ਲੋਕ ਥੋੜੇ ਚਿਰ ਬਾਅਦ ਕਿਸੇ ਦੇ ਕੀਤੇ ਜੁਰਮਾ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ। ਪਰ ਫਿਰ ਰਾਵਣ ਵਿਚਾਰਾ ਪਤਾ ਨਹੀਂ ਕਿਉਂ ਸਦੀਆਂ ਤੋਂ ਆਪਣੇ ਕੀਤੇ ਦੀ ਸਜਾ ਭੁਗਤ ਰਿਹਾ ਹੈ। ਅਸਲ ਵਿੱਚ ਅਸੀਂ ਅਜੇ ਤੱਕ ਆਪਣੇ ਅੰਦਰ ਬੈਠੇ ਰਾਵਣਾਂ ਨੂੰ ਨਹੀਂ ਜਲਾ ਸਕੇ। ਅੱਜ ਇਸ ਕਲਯੁਗ ਦੇ ਸਮੇਂ ਆਸੇ ਪਾਸੇ ਨਿਗ੍ਹਾ ਮਾਰ ਕੇ ਦੇਖਿਏ ਤਾਂ ਸਾਡਾ ਆਲਾ ਦੁਆਲਾ ਹੀ ਰਾਵਣਾਂ ਨਾਲ ਭਰਿਆ ਪਿਆ ਹੈ। ਅੱਜ ਤਾਂ ਰਾਵਣ ਹੀ ਹਰ ਪਾਸੇ ਪ੍ਰਧਾਨ ਹਨ। ਸ਼ੀ ਗੁਰੂ ਨਾਨਕ ਦੇਵ ਸਾਹਿਬ ਨੇ ਵੀ ਆਉਣ ਵਾਲੇ ਸਮੇਂ ਵੱਲ ਨਿਗ੍ਹਾ ਮਾਰ ਕੇ ਕਿਹਾ ਸੀ 'ਕੂੜ ਹੋਇਆ ਪ੍ਰਧਾਨ ਵੇ ਲਾਲੋ।' ਉਨ੍ਹਾਂ ਦੀ ਕਹੀ ਅੱਜ ਸੱਚ ਹੋਈ ਜਾ ਰਹੀਂ ਹੈ।

ਅੱਜ ਦੁਸਹਿਰਾ ਮਨਾਉਣਾ ਸਾਡੇ ਲਈ ਧਾਰਮਿਕ ਪ੍ਰੰਮਪਰਾ ਨਾ ਹੋਂ ਕੇ ਸਿਰਫ ਮੇਲਾ ਵੇਖਣ ਵਾਲੀ ਪ੍ਰਵਿਰਤੀ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਜਿਹੜਾ ਦੁਸਹਿਰਾ ਅਸੀਂ ਮੇਲੇ ਦੇ ਰੂਪ ਵਿੱਚ ਮਨਾਉਂਦੇ ਹਾਂ ਉਸ ਦੀ ਗੱਲ ਕਰੀਏ ਤਾਂ ਸਾਰੇ ਦੇਸ਼ ਵਿੱਚ ਦੁਸਹਿਰਾ ਕਿਸੇ ਨਾ ਕਿਸੇ ਰੂਪ ਵਿੱਚ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉੱਤਰ ਵਿੱਚ ਜੇ ਕੁੱਲੂ ਦਾ ਦੁਸਹਿਰਾ ਪ੍ਰਸਿੱਧ ਹੈ ਤਾਂ ਦੱਖਣ ਵਿੰਚ ਮੈਸੂਰ ਦਾ ਦੁਸਹਿਰਾ ਇਸ ਤੋਂ ਵੰਧ ਮਹੱਤਤਾ ਰੱਖਦਾ ਹੈ। ਮੈਸੂਰ ਵਿੱਚ ਦੁਸਹਿਰੇ ਨੂੰ 'ਵਿਜਯ ਦਸ਼ਮੀ' ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਸਾਡੇ ਇਥੇ ਸ਼ਹਿਰਾਂ ਵਿੱਚ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਬੁੱਤ ਬਣਾ ਕੇ ਸਾੜੇ ਜਾਂਦੇ ਹਨ ਇਨ੍ਹਾਂ ਬੁੱਤਾਂ 'ਤੇ ਤਕਰੀਬਨ ਅੱਸੀ ਹਜਾਰ ਤੋਂ ਲੈ ਕੇ ਡੇਢ ਲੱਖ ਰੁਪਏ ਤੱਕ ਖਰਚ ਆਉਂਦਾ ਹੈ। ਦੁਸਹਿਰਾ ਕਮੇਟੀਆਂ ਬੜੀ ਮਿਹਨਤ ਕਰਦੀਆਂ ਹਨ। ਦੁਸਹਿਰਾ ਕਮੇਟੀਆਂ ਆਪਣੇ ਆਪਣੇ ਸ਼ਹਿਰਾਂ ਦੇ ਮਾਲਕਾਂ ਡਿਪਟੀ ਕਮਿਸ਼ਨਰ ਸਾਹਿਬਾਨਾ ਨੂੰ, ਐਸ.ਡੀ.ਐਮ. ਸਾਹਿਬਾਨਾਂ ਨੂੰ, ਐਮ.ਐਲ.ਏ ਜਾਂ ਭਰੀਆਂ ਜੇਬਾ ਵਾਲੇ ਵਪਾਰੀਆਂ ਨੂੰ ਜਾਂ ਕਿਸੇ ਹੋਰ ਮੰਤਰੀਆਂ-ਸੰਤਰੀਆਂ ਜਿਸ ਕੋਲੋਂ ਚਾਰ ਸ਼ਿੱਲੜ ਮਿਲਣ ਦੀ ਆਸ ਹੋਵੇ, ਉਨ੍ਹਾਂ ਨੂੰ ਮੁੱਖ ਮਹਿਮਾਣ ਬਣ ਕੇ ਆਉਣ ਦਾ ਸੱਦਾ ਪੱਤਰ ਦਿੰਦਿਆਂ ਹਨ। ਮੁੱਖ ਮਹਿਮਾਣ ਦੇ ਆਉਣ ਸਾਰ ਮਿੰਟਾਂ ਵਿੱਚ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਸੜ ਕੇ ਸੁਆਹ ਹੋ ਜਾਂਦੇ ਹਨ ਤੇ ਸਾਰੇ ਖੁਸ਼ ਹੋ ਜਾਂਦੇ ਹਨ ਕਿ ਬਦੀ ਉੱਪਰ ਨੇਕੀ ਦੀ ਜਿੱਤ ਹੋ ਗਈ। ਬੁੱਤ ਸੜਣ ਉਪਰੰਤ ਲੋਕ ਖਿੰਡਣੇ ਸ਼ੁਰੂ ਹੋ ਜਾਂਦੇ ਹਨ। ਕਈ ਲੋਕ ਰਾਵਣ ਦੇ ਪੁਤਲੇ ਦੀਆਂ ਅੱਧ ਸੜੀਆਂ ਲੱਕੜਾਂ ਚੁੱਕ ਕੇ ਘਰ ਲੈ ਜਾਂਦੇ ਹਨ ਉਹਨਾ ਦਾ ਮੰਨਣਾ ਹੈ ਕਿ ਇਨ੍ਹਾਂ ਲੱਕੜਾਂ ਨੂੰ ਘਰ ਵਿੱਚ ਰੱਖਣ ਨਾਲ ਛੋਟੇ ਬੱਚਿਆਂ ਨੂੰ ਡਰ ਨਹੀਂ ਲੱਗਦਾ, ਧੰਨ ਵਿੰਚ ਵਾਧਾ ਹੁੰਦਾ ਹੈ ਤੇ ਘਰ ਵਿੱਚ ਸ਼ਾਂਤੀ ਬਣੀ ਰਹਿੰਦੀ ਹੈ।

ਖੂਬਸੂਰਤ ਪਹਾੜਾਂ ਵਿਚ ਬਿਆਸ ਦਰਿਆ ਦੇ ਕਿਨਾਰੇ ਸਥਿਤ ਸੁੰਦਰ ਸ਼ਹਿਰ ਕੁੱਲੂ (ਹਿਮਾਚਲ ਪ੍ਰਦੇਸ਼) ਦਾ ਦੁਸਹਿਰਾ ਬੜਾ ਮਸ਼ਹੂਰ ਹੈ ਪਰ ਉਥੇ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਨਹੀਂ ਸਾੜੇ ਜਾਦੇ। ਉੱਥੇ ਦੁਸਹਿਰਾ ਹਫਤਾ ਭਰ ਮਨਾਇਆ ਜਾਂਦਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਇਥੇ ਦੁਸਹਿਰਾ ਦੇਖਣ ਲਈ ਪਹੁੰਚਦੇ ਹਨ। ਕੁੱਲੂ ਵਾਦੀ ਦੇ ਲੋਕ ਬਹੁੱਤ ਹੀ ਸੁੰਦਰ ਤਰੀਕੇ ਨਾਲ ਆਪਣੇ ਪਿੰਡ ਵਿਚ ਆਪਣੇ ਦੇਵੀ-ਦੇਵਤੇ ਦੀ ਪਾਲਕੀ ਤਿਆਰ ਕਰਦੇ ਹਨ। ਆਪਣੇ ਦੇਵੀ-ਦੇਵਤੇ ਦੀ ਮੂਰਤੀ ਪਾਲਕੀ ਵਿੱਚ ਰੱਖ ਕੇ ਉਸਨੂੰ ਮੋਢਿਆਂ 'ਤੇ ਚੁੱਕ ਕੇ ਆਪਣੇ ਪਿੰਡ ਤੋਂ ਪੈਦਲ ਚੱਲ ਕੇ ਕੁੱਲੂ ਸ਼ਹਿਰ ਤੱਕ ਜਾਦੇ ਹਨ। ਸ਼ਰਧਾਲੂ ਨੱਚਦੇ ਟੱਪਦੇ ਹੋਏ ਬੈਂਡ ਵਾਜਿਆਂ ਸਮੇਤ ਕੁੱਲੂ ਦੇ ਬਾਜਾਰਾਂ ਵਿਚੋਂ ਦੀ ਗੁਜਰਦੇ ਹੋਏ ਰਘੁਨਾਥ ਜੀ ਦੇ ਮੰਦਰ ਵਿੱਚ ਪਹੁੰਚਦੇ ਹਨ ਅਤੇ ਪੂਜਾ ਅਚਰਨਾ ਕਰਦੇ ਹਨ। ਦੇਸ਼ ਦੇ ਵੱਖ-ਵੱਖ ਰਾਜਾ ਤੋਂ ਤੇ ਵੱਖ-ਵੱਖ ਬਲੀਆਂ ਦੇ ਗਾਇਕ, ਕਲਾਕਾਰ ਇਸ ਮੇਲੇ ਵਿਚ ਸ਼ਾਮਲ ਹੋਣ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਕਈ ਪ੍ਰਾਈਵੇਟ ਤੇ ਸਰਕਾਰੀ ਅਦਾਰਿਆਂ ਵਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਦੀਆਂ ਹਨ ਜਿਥੇ ਵਾਜਬ ਰੇਟਾ ਤੇ ਵਸਤੂਆਂ ਮਿਲਦੀਆਂ ਹਨ। ਇਥੇ ਇੱਕ ਖਾਸੀਅਤ ਹੈ ਕਿ ਦੁਸਹਿਰੇ ਵਿੱਚ ਕੋਈ ਵੀ ਵਿਅਕਤੀ ਸ਼ਰਾਬ ਪੀ ਕੇ ਜਾਂ ਨਸ਼ਾ ਕਰਕੇ ਨਹੀਂ ਆਉਦਾ। ਇਹ ਸਾਰਾ ਨਜਾਰਾ ਵੇਖਣਯੋਗ ਹੁੰਦਾ ਹੈ।

ਸਮੁੱਚੇ ਦੇਸ਼ ਵਿੱਚ ਦੁਸਹਿਰੇ ਵਾਲੇ ਦਿਨ ਖਰੀਦਦਾਰੀ ਕਰਨੀ ਵਧੀਆ ਮੰਨੀ ਜਾਦੀ ਹੈ। ਇਸ ਦਿਨ ਸੋਨਾ, ਚਾਂਦੀ ਤੇ ਵਾਹਨਾਂ ਦੀ ਖਰੀਦਦਾਰੀ ਬਹੁੱਤ ਜਿਆਦਾ ਵਧੀਆਂ ਮੰਨੀ ਜਾਦੀ ਹੈ। ਬਹੁੱਤ ਲੋਕ ਇਸ ਦਿਨ ਨਵੇ ਕੰਮ ਦਾ ਆਰੰਭ ਕਰਨਾ ਸ਼ੁਭ ਮੰਨਦੇ ਹਨ। ਵਪਾਰੀ ਲੋਕ ਇਸ ਦਿਨ ਨਵੇਂ ਵਹੀ ਖਾਤੇ ਸ਼ੁਰੂ ਕਰਨਾ ਸ਼ੁਭ ਸਮਝਦੇ ਹਨ। ਦੁਸਹਿਰੇ ਦੇ ਮੇਲੇ ਤੋਂ ਵਾਪਸੀ ਤੇ ਲੋਕ ਜਲੇਬੀਆਂ, ਪਕੌੜੇ, ਪਟਾਕੇ, ਲੜੀਆਂ ਆਦਿ ਦੀ ਖਰੀਦੋ-ਫਰੋਖਤ ਕਰਦੇ ਹਨ। ਦੁਸਹਿਰੇ ਪਿਛੇ ਇਤਿਹਾਸਕ, ਰਾਜਨੀਤਿਕ ਤੇ ਸਮਾਜਿਕ ਕਾਰਣਾ ਦਾ ਅਧਿਐਨ ਕਰਨ ਦਾ ਆਮ ਆਦਮੀ ਜਰੂਰਤ ਨਹੀਂ ਸਮਝਦਾ। ਉਸ ਲਈ ਤਾਂ ਦੁਸਹਿਰਾ ਕੁੱਝ ਮਿੰਟਾਂ ਦਾ ਮਨੋਰੰਜਣ ਬਣ ਕੇ ਰਹਿ ਗਿਆ ਹੈ।

ਚਲੋਂਸ਼ ਦੁਸਹਿਰੇ ਦੇ ਬਹਾਨੇ ਆਪਸੀ ਭਾਈਚਾਰਕ ਸਾਂਝ ਤਾਂ ਪੈਦਾ ਹੁੰਦੀ ਹੈ। ਦੁਸਹਿਰਾ ਮਨਾਉਣਾ ਸਾਡੇ ਲਈ ਫੇਰ ਵੀ ਸਫਲ ਹੀ ਸਮਝਿਆ ਜਾ ਸਕਦਾ ਹੈ, ਜੇਕਰ ਦੁਸਹਿਰਾ ਅਸੀਂ ਆਪਸੀ ਪ੍ਰੇਮ, ਸਦਭਾਵਨਾ ਨਾਲ ਮਿਲ ਕੇ ਮਨਾਈਏ। ਸਮਾਜ ਵਿੱਚੋਂ ਨਫਰਤ, ਪਾਪ, ਜਬਰ-ਜੁਲਮ, ਹੰਕਾਰ ਦਾ ਖਾਤਮਾ ਕਰਨ ਅਤੇ ਸਰਬੱਤ ਦਾ ਭਲਾ ਕਰਨ ਦਾ ਯਤਨ ਕਰੀਏ।

-ਭਵਨਦੀਪ ਸਿੰਘ ਪੁਰਬਾ

ਝੂਠ ਉੱਤੇ ਸੱਚ ਦੀ ਜਿੱਤ ਦੁਸਹਿਰਾ

ਭਗਵਾਨ ਸ੍ਰੀ ਰਾਮ ਨੇ ਦਸ਼ਮੀ ਦੇ ਦਿਨ ਹੀ ਰਾਵਣ ਦਾ ਵਧ ਕੀਤਾ ਅਤੇ ਉਸ 'ਤੇ ਜਿੱਤ ਹਾਸਲ ਕੀਤੀ। ਇਸ ਲਈ ਦੁਸਹਿਰੇ ਦੇ ਤਿਉਹਾਰ ਨੂੰ ਵਿਜੇਦਸ਼ਮੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। 'ਦੁਸਹਿਰਾ' ਸ਼ਬਦ ਵੀ ਸੰਸਿਤ ਤੋਂ ਲਿਆ ਗਿਆ ਹੈ। 'ਦਸ਼' ਦਾ ਅਰਥ ਦਸ਼ਾਨਨ ਭਾਵ 10 ਮੁਖ ਵਾਲੇ ਰਾਵਣ ਤੋਂ ਹੈ ਅਤੇ 'ਹਾਰਾ' ਦਾ ਸੰਬੰਧ ਰਾਵਣ ਨੂੰ ਰਾਮ ਤੋਂ ਮਿਲੀ ਹਾਰ ਨਾਲ ਹੈ। ਇਸ ਲਈ ਇਸ ਤਿਉਹਾਰ ਨੂੰ ਬਦੀ 'ਤੇ ਨੇਕੀ ਦੀ ਜਿੱਤ ਦੇ ਤਿਉਹਾਰ ਦੇ ਰੂਪ 'ਚ ਮਨਾਇਆ ਜਾਂਦਾ ਹੈ।

ਮਾਂ ਦੁਰਗਾ ਨੇ ਦੈਂਤ ਮਹਿਸ਼ਾਸੁਰ ਨੂੰ ਉਸ ਦੇ ਪਾਪਾਂ ਦੀ ਸਜ਼ਾ ਦੇਣ ਲਈ ਉਸ ਨਾਲ ਪ੍ਰਚੰਡ ਯੁੱਧ ਕੀਤਾ ਜੋ ਨੌਂ ਦਿਨ ਅਤੇ ਨੌਂ ਰਾਤਾਂ ਤੱਕ ਚੱਲਿਆ। ਇਸ ਲਈ ਦਸਵੇਂ ਦਿਨ ਮਾਂ ਦੁਰਗਾ ਨੇ ਮਹਿਸ਼ਾਸੁਰ ਦੈਂਤ ਦਾ ਵਧ ਕਰ ਦਿੱਤਾ। ਪ੍ਰਾਚੀਨ ਕਾਲ ਤੋਂ ਹੀ ਯੋਧਾ ਨਰਾਤਰੇ ਕਾਲ 'ਚ ਸ਼ਕਤੀ ਪੂਜਾ ਕਰਦੇ ਆ ਰਹੇ ਹਨ। ਆਸ਼ਵਿਨ ਨਰਾਤਿਆਂ 'ਚ ਸਿੱਧੀ ਪ੍ਰਾਪਤੀ 'ਚ ਕੁਦਰਤ ਵੀ ਸਹਾਇਕ ਹੁੰਦੀ ਹੈ? ਵਿਜੇ ਦਸ਼ਮੀ (ਦੁਸਹਿਰਾ) ਸਿਰਫ ਇਕ ਤਿਉਹਾਰ ਹੀ ਨਹੀਂ, ਇਹ ਪ੍ਰਤੀਕ ਹੈ ਝੂਠ 'ਤੇ ਸੱਚ ਦੀ ਜਿੱਤ ਦਾ, ਸਾਹਸ ਦਾ, ਬਿਨਾਂ ਸਵਾਰਥ ਸਹਾਇਤਾ ਅਤੇ ਮਿੱਤਰਤਾ ਦਾ। ਇਹ ਤਿਉਹਾਰ ਸੰਦੇਸ਼ ਦਿੰਦਾ ਹੈ ਕਿ ਬਦੀ 'ਤੇ ਨੇਕੀ ਦੀ ਹਮੇਸ਼ਾ ਜਿੱਤ ਹੁੰਦੀ ਹੈ। ਇਸ ਗੱਲ ਨੂੰ ਸਮਝਾਉਣ ਲਈ ਦੁਸਹਿਰੇ ਦੇ ਦਿਨ ਰਾਵਣ ਦੇ ਪ੍ਰਤੀਕਾਤਮਕ ਰੂਪ ਦਾ ਦਹਿਨ ਕੀਤਾ ਜਾਂਦਾ ਹੈ। ਜੇਕਰ ਸਮਾਜਿਕ ਤੌਰ 'ਤੇ ਇਸ ਤਿਉਹਾਰ ਦੇ ਮਹੱਤਵ ਦੀ ਗੱਲ ਕਰੀਏ ਤਾਂ ਇਹ ਤਿਉਹਾਰ ਖੁਸ਼ੀ ਅਤੇ ਸਮਾਜਿਕ ਮੇਲ-ਜੋਲ ਦਾ ਪ੍ਰਤੀਕ ਹੈ। ਰਾਵਣ ਨਾਲ ਲੜਾਈ ਸਮੇਂ ਹਥਿਆਰਾਂ ਦਾ ਵੀ ਇਸਤੇਮਾਲ ਹੋਇਆ ਸੀ ਇਸ ਲਈ ਦੁਸਹਿਰੇ ਨੂੰ ਹਥਿਆਰ ਪੂਜਾ ਦੇ ਨਾਲ ਵੀ ਜੋੜਿਆ ਜਾਂਦਾ ਹੈ। ਸਾਨੂੰ ਸਾਡੀ ਸੰਸਿਤੀ ਦੇ ਹੀ ਕੁਝ ਪੰਨਿਆਂ ਤੋਂ ਅੱਗੇ ਵਧਣ ਦੀ ਉਮੀਦ ਮਿਲਦੀ ਹੈ। ਰਾਮਾਇਣ ਸਾਨੂੰ ਸਿੱਖਿਆ ਦਿੰਦੀ ਹੈ ਕਿ ਝੂਠ ਅਤੇ ਬੁਰਾਈ ਦੀਆਂ ਤਾਕਤਾਂ ਕਿੰਨੀਆਂ ਵੀ ਵੱਧ ਹੋ ਜਾਣ ਪਰ ਅੱਛਾਈ ਦੇ ਸਾਹਮਣੇ ਉਨ੍ਹਾਂ ਦਾ ਵਜੂਦ ਇਕ ਨਾ ਇਕ ਦਿਨ ਮਿਟ ਕੇ ਰਹਿੰਦਾ ਹੈ। ਹਨੇਰੇ ਦੀ ਇਸ ਮਾਰ ਨਾਲ ਮਨੁੱਖ ਹੀ ਨਹੀਂ ਭਗਵਾਨ ਵੀ ਪੀੜਤ ਹੋ ਚੁੱਕੇ ਹਨ ਪਰ ਸੱਚ ਅਤੇ ਅੱਛਾਈ ਨੇ ਹਮੇਸ਼ਾ ਸਹੀ ਵਿਅਕਤੀ ਦਾ ਸਾਥ ਦਿੱਤਾ। ਭਗਵਾਨ ਵਿਸ਼ਣੂ ਦੇ ਅਵਤਾਰ ਭਗਵਾਨ ਸ਼ੀ ਰਾਮ ਦੇ 14 ਸਾਲਾਂ ਦੇ ਬਨਵਾਸ ਸਮੇਂ ਰਾਵਣ ਨੇ ਸੀਤਾ ਮਾਤਾ ਦਾ ਹਰਨ ਕੀਤਾ ਸੀ। ਉਸ ਕੋਲੋਂ ਸੀਤਾ ਜੀ ਨੂੰ ਮੁਕਤ ਕਰਵਾਉਣ ਲਈ ਪ੍ਰਭੂ ਸ਼੍ਰੀ ਰਾਮ ਅਤੇ ਉਨ੍ਹਾਂ ਦੀ ਸੈਨਾ ਨੇ ਦਸ ਦਿਨ ਜੰਗ ਕੀਤੀ ਸੀ, ਜਿਸ 'ਚ ਰਾਵਣ ਦਾ ਅੰਤ ਹੋਇਆ।

ਕ੍ਰਿਸ਼ਨ ਪਾਲ ਛਾਬੜਾ, ਗੋਰਾਇਆ

ਦੁਸਹਿਰੇ ਦਾ ਤਿਉਹਾਰ ਦਸ ਪਾਪਾਂ ਕਾਮ, ਕ੍ਰੋਧ, ਲੋਭ, ਮਦ, ਮੋਹ, ਮਦ, ਹੰਕਾਰ, ਆਲਸ, ਹਿੰਸਾ ਅਤੇ ਚੋਰੀ ਦੇ ਤਿਆਗ ਦੀ ਪ੍ਰੇਰਣਾ ਪ੍ਰਦਾਨ ਕਰਦਾ ਹੈ। ਦੁਸਹਿਰਾ ਭਾਰਤ ਦੇ ਉਨ੍ਹਾਂ ਤਿਉਹਾਰਾਂ 'ਚੋਂ ਹੈ, ਜਿਸ ਦਾ ਉਤਸ਼ਾਹ ਦੇਖਦੇ ਹੀ ਬਣਦਾ ਹੈ। ਵੱਡੇ-ਵੱਡੇ ਪੁਤਲੇ ਅਤੇ ਝਾਕੀਆਂ ਇਸ ਤਿਉਹਾਰ ਦਾ ਮੁੱਖ ਆਕਰਸ਼ਣ ਹਨ। ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਪੁਤਲਿਆਂ ਦੇ ਰੂਪ 'ਚ ਲੋਕ ਬੁਰੀਆਂ ਤਾਕਤਾਂ ਨੂੰ ਸਾੜਨ ਦਾ ਪ੍ਰਣ ਲੈਂਦੇ ਹਨ।

ਇਸ ਦਿਨ ਜਲੇਬੀ ਖਾਣ ਦਾ ਖਾਸ ਮਹੱਤਵ ਹੈ। ਦੁਸ਼ਹਿਰਾ ਅੱਜ ਵੀ ਲੋਕਾਂ ਦੇ ਦਿਲਾਂ 'ਚ ਭਗਤੀ ਭਾਵ ਨੂੰ ਜਗਾ ਰਿਹਾ ਹੈ। ਇਸ ਨੂੰ ਦੇਸ਼ ਦੇ ਹਰ ਹਿੱਸੇ 'ਚ ਮਨਾਇਆ ਜਾਂਦਾ ਹੈ। ਬੰਗਾਲ 'ਚ ਇਸ ਨੂੰ ਨਾਰੀ ਸ਼ਕਤੀ ਦੀ ਉਪਾਸਨਾ ਅਤੇ ਮਾਤਾ ਦੁਰਗਾ ਦੀ ਪੂਜਾ-ਅਰਚਨਾ ਲਈ ਉੱਤਮ ਸਮੇਂ 'ਚੋਂ ਇਕ ਮੰਨਿਆ ਜਾਂਦਾ ਹੈ। ਬੰਗਾਲ 'ਚ ਲੋਕ 5 ਦਿਨਾਂ ਤਕ ਮਾਂ ਦੁਰਗਾ ਦੀ ਪੂਜਾ-ਅਰਚਨਾ ਕਰਦੇ

ਕੈਂਸਰ ਤੋਂ ਬਚਾਅ: ਸਮੇਂ ਸਿਰ ਡਾਕਟਰੀ ਜਾਂਚ ਤੇ ਇਲਾਜ

ਡਾ. ਪਰਵਿੰਦਰ ਸਿੰਘ ਸੰਧੂ
ਡਾ. ਗੁਰਮੀਤ ਸਿੰਘ

ਘਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਅਸੀਂ ਕਈ ਵਾਰ ਆਪਣੀ ਸਿਹਤ ਦੀ ਪ੍ਰਵਾਹ ਨਹੀਂ ਕਰਦੇ। ਸਰੀਰ ਵਿੱਚ ਕੋਈ ਤਕਲੀਫ਼ ਹੋਵੇ ਤਾਂ ਸੋਚ ਲੈਂਦੇ ਹਾਂ ਕਿ ਕੁਝ ਦਿਨਾਂ ਵਿੱਚ ਆਪੇ ਠੀਕ ਹੋ ਜਾਵੇਗੀ। ਖ਼ਾਸ ਕਰਕੇ ਔਰਤਾਂ ਆਪਣੀ ਜਾਂਚ ਕਰਵਾਉਣ ਲਈ ਸਮਾਂ ਨਹੀਂ ਕੱਢਦੀਆਂ। ਛਾਤੀ ਵਿੱਚ ਗੰਢ ਮਹਿਸੂਸ ਹੋਣ 'ਤੇ ਵੀ ਕਈ ਵਾਰ ਉਹ ਕਿਸੇ ਨੂੰ ਦੱਸਦੀਆਂ ਨਹੀਂ। ਮਨ ਵਿੱਚ ਡਰ ਹੁੰਦਾ ਹੈ ਕਿ ਕਿਤੇ ਕੋਈ ਵੱਡੀ ਬਿਮਾਰੀ ਨਾ ਨਿਕਲ ਆਵੇ ਪਰ ਇਸ ਡਰ ਕਰਕੇ ਜਾਂਚ ਟਾਲਣ ਨਾਲ ਸਮੱਸਿਆ ਹੱਲ ਨਹੀਂ ਹੁੰਦੀ। ਕੈਂਸਰ ਬਾਰੇ ਗੱਲਬਾਤ ਦੀ ਸ਼ੁਰੂਆਤ ਇੱਥੋਂ ਹੀ ਹੋਣੀ ਚਾਹੀਦੀ ਹੈ ਕਿ ਆਪਣੀ ਸਿਹਤ ਵੱਲ ਧਿਆਨ ਦੇਣਾ ਵੀ ਘਰ ਦੀਆਂ ਹੋਰ ਜ਼ਿੰਮੇਵਾਰੀਆਂ ਜਿੰਨਾ ਜ਼ਰੂਰੀ ਹੈ।

ਕੈਂਸਰ ਦਾ ਨਾਂ ਸੁਣ ਕੇ ਘਬਰਾਹਟ ਹੋਣਾ ਸੁਭਾਵਿਕ ਹੈ। ਕਈ ਲੋਕ ਮੰਨ ਲੈਂਦੇ ਹਨ ਕਿ ਕੈਂਸਰ ਹੋਣ ਤੋਂ ਬਾਅਦ ਕੁਝ ਨਹੀਂ ਹੋ ਸਕਦਾ। ਅਸਲ ਵਿੱਚ ਕੈਂਸਰ ਦੀਆਂ ਕਈ ਕਿਸਮਾਂ ਦਾ ਇਲਾਜ ਸੰਭਵ ਹੈ। ਬਿਮਾਰੀ ਕਿਸ ਅੰਗ ਵਿੱਚ ਹੈ, ਕਿੰਨੀ ਫੈਲੀ ਹੈ ਅਤੇ ਮਰੀਜ਼ ਦੀ ਸਿਹਤ ਕਿਹੋ ਜਿਹੀ ਹੈ, ਇਨ੍ਹਾਂ ਗੱਲਾਂ ਨਾਲ ਇਲਾਜ ਦੇ ਨਤੀਜੇ ਜੁੜੇ ਹੁੰਦੇ ਹਨ। ਸਮੇਂ ਸਿਰ ਪਛਾਣ ਅਤੇ ਢੁਕਵਾਂ ਇਲਾਜ ਕਈ ਮਰੀਜ਼ਾਂ ਲਈ ਵੱਡਾ ਫ਼ਰਕ ਪਾ ਸਕਦੇ ਹਨ। ਸਾਡਾ ਸਰੀਰ ਛੋਟੇ-ਛੋਟੇ ਸੈੱਲਾਂ ਤੋਂ ਬਣਿਆ ਹੈ। ਇਹ ਸੈੱਲ ਲੋੜ ਅਨੁਸਾਰ ਬਣਦੇ ਅਤੇ ਵਧਦੇ ਰਹਿੰਦੇ ਹਨ। ਕੈਂਸਰ ਵਿੱਚ ਕੁਝ ਸੈੱਲਾਂ ਦਾ ਵਾਧਾ ਬੇਕਾਬੂ ਹੋ ਜਾਂਦਾ ਹੈ। ਉਹ ਨੇੜਲੇ ਟਿਸ਼ੂਆਂ ਵਿੱਚ ਦਾਖ਼ਲ ਹੋ ਸਕਦੇ ਹਨ ਅਤੇ ਕਈ ਵਾਰ ਸਰੀਰ ਦੇ ਹੋਰ ਅੰਗਾਂ ਤੱਕ ਵੀ ਪਹੁੰਚ ਜਾਂਦੇ ਹਨ। ਪਰ ਸਾਰੇ ਕੈਂਸਰ ਇੱਕੋ ਜਿਹੇ ਨਹੀਂ ਹੁੰਦੇ। ਮੂੰਹ, ਛਾਤੀ, ਫੇਫੜਿਆਂ, ਅੰਤੜੀਆਂ ਜਾਂ ਖੂਨ ਦਾ ਕੈਂਸਰ ਵੱਖ-ਵੱਖ ਢੰਗ ਨਾਲ ਸਾਹਮਣੇ ਆ ਸਕਦਾ ਹੈ। ਇਸ ਲਈ ਕਿਸੇ ਹੋਰ ਮਰੀਜ਼ ਦੀ ਬਿਮਾਰੀ ਜਾਂ ਇਲਾਜ ਦੇਖ ਕੇ ਆਪਣੇ ਬਾਰੇ ਨਤੀਜਾ ਕੱਢਣਾ ਠੀਕ ਨਹੀਂ। ਹਰ ਵਿਅਕਤੀ ਦੀ ਸਥਿਤੀ ਉਸ ਦੀ ਡਾਕਟਰੀ ਜਾਂਚ ਤੋਂ ਹੀ ਸਮਝੀ ਜਾਂਦੀ ਹੈ।

ਛਾਤੀ ਦਾ ਕੈਂਸਰ ਦੁਨੀਆ ਭਰ ਵਿੱਚ ਔਰਤਾਂ ਦਾ ਸਭ ਤੋਂ ਆਮ ਕੈਂਸਰ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਸਾਲ 2024 ਵਿੱਚ ਲਗਪਗ 24 ਲੱਖ ਔਰਤਾਂ ਵਿੱਚ ਇਸ ਦੀ ਪਛਾਣ ਹੋਈ ਅਤੇ ਕਰੀਬ 6 ਲੱਖ 94 ਹਜ਼ਾਰ ਔਰਤਾਂ ਦੀ ਇਸ ਬਿਮਾਰੀ ਕਾਰਨ ਮੌਤ ਹੋਈ। ਇਹ ਗਿਣਤੀ ਵੱਡੀ ਹੈ ਪਰ ਇਸ ਨੂੰ ਸਿਰਫ਼ ਅੰਕੜਾ ਸਮਝ ਕੇ ਅੱਗੇ ਨਹੀਂ ਲੰਘਣਾ ਚਾਹੀਦਾ। ਇਨ੍ਹਾਂ ਔਰਤਾਂ ਦੇ ਆਪਣੇ ਪਰਿਵਾਰ, ਕੰਮ ਅਤੇ ਸੁਪਨੇ ਸਨ। ਇਸ ਬਿਮਾਰੀ ਦਾ ਅਸਰ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਘਰਾਂ ਉੱਤੇ ਵੀ ਪਿਆ। ਇਸ ਲਈ ਛਾਤੀ ਦੇ ਕੈਂਸਰ ਬਾਰੇ ਜਾਣਕਾਰੀ ਹਰ ਘਰ ਤੱਕ ਪਹੁੰਚਣੀ ਚਾਹੀਦੀ ਹੈ। ਪੰਜਾਬ ਦੀ ਤਸਵੀਰ ਵੀ ਧਿਆਨ ਮੰਗਦੀ ਹੈ। ਆਈ ਸੀ ਐੱਮ ਆਰ (ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ) ਦੀ 'ਪੰਜਾਬ ਕੈਂਸਰ ਬਰਡਨ ਪ੍ਰੋਫ਼ਾਈਲ- 2026' ਅਨੁਸਾਰ ਸਾਲ 2026 ਵਿੱਚ ਪੰਜਾਬ ਦੀਆਂ 19 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਵਿੱਚ ਛਾਤੀ ਦੇ ਕੈਂਸਰ ਦੇ ਲਗਪਗ 3,409 ਨਵੇਂ ਕੇਸ ਹੋਣ ਦਾ ਅਨੁਮਾਨ ਹੈ। ਇਹ ਔਰਤਾਂ ਦੇ ਕੁੱਲ ਨਵੇਂ ਕੈਂਸਰ ਕੇਸਾਂ ਦਾ 28.1 ਫ਼ੀਸਦੀ ਬਣਦਾ ਹੈ। ਇਹ ਸਾਲ ਲਈ ਅਨੁਮਾਨਿਤ ਗਿਣਤੀ ਹੈ, ਦਰਜ ਹੋ ਚੁੱਕੇ ਸਾਰੇ ਕੇਸਾਂ ਦੀ ਗਿਣਤੀ ਨਹੀਂ ਹੈ। ਫਿਰ ਵੀ ਇਸ ਤੋਂ ਸਮਝ ਆਉਂਦਾ ਹੈ ਕਿ ਸਾਡੇ ਸੂਬੇ ਵਿੱਚ ਛਾਤੀ ਦੇ ਕੈਂਸਰ ਦੀ ਜਾਂਚ ਅਤੇ ਇਲਾਜ ਨੂੰ ਕਿੰਨੀ ਅਹਿਮੀਅਤ ਦੇਣ ਦੀ ਲੋੜ ਹੈ।

ਇਸ ਰਿਪੋਰਟ ਵਿੱਚ ਦਿੱਤੇ ਆਈ ਸੀ ਐੱਮ ਆਰ ਦੇ ਹਸਪਤਾਲ-ਆਧਾਰਿਤ ਰਜਿਸਟਰੀ ਅੰਕੜਿਆਂ ਵਿੱਚ ਛਾਤੀ ਦੇ ਕੈਂਸਰ ਦੇ 34 ਫ਼ੀਸਦੀ ਮਰੀਜ਼ਾਂ ਦੀ ਬਿਮਾਰੀ ਛਾਤੀ ਤੱਕ ਸੀਮਿਤ ਸੀ। 52 ਫ਼ੀਸਦੀ ਵਿੱਚ ਇਹ ਨੇੜਲੇ ਟਿਸ਼ੂਆਂ ਜਾਂ ਲਿੰਫ਼ ਗੰਢਾਂ ਤੱਕ ਅਤੇ 14 ਫ਼ੀਸਦੀ ਵਿੱਚ ਦੂਰਲੇ ਅੰਗਾਂ ਤੱਕ ਫੈਲ ਚੁੱਕੀ ਸੀ। ਇਹ ਰਜਿਸਟਰੀਆਂ ਵਿੱਚ ਦਰਜ ਮਰੀਜ਼ਾਂ ਦੀ ਸਥਿਤੀ ਹੈ, ਪੰਜਾਬ ਦੇ ਹਰ ਮਰੀਜ਼ ਦੀ ਨਹੀਂ। ਰਿਪੋਰਟ ਵਿੱਚ ਦਿੱਤੇ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ-5 ਦੇ 2019-21 ਦੇ ਅੰਕੜਿਆਂ ਅਨੁਸਾਰ, ਪੰਜਾਬ ਦੀਆਂ 30-49 ਸਾਲ ਦੀਆਂ ਸਿਰਫ਼ 0.3 ਫ਼ੀਸਦੀ ਔਰਤਾਂ ਨੇ ਕਦੇ ਛਾਤੀ ਦੇ ਕੈਂਸਰ ਲਈ ਛਾਤੀ ਦੀ ਜਾਂਚ ਕਰਵਾਈ ਸੀ। ਇੰਨੀ ਘੱਟ ਜਾਂਚ ਦਰ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ। ਹਰ ਗੰਢ ਕੈਂਸਰ ਨਹੀਂ ਹੁੰਦੀ ਪਰ ਉਸ ਦਾ ਕਾਰਨ ਜਾਣਨਾ ਜ਼ਰੂਰੀ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕੈਂਸਰ ਦੀ ਗੰਢ ਵਿੱਚ ਸ਼ੁਰੂ ਵਿੱਚ ਦਰਦ ਨਾ ਵੀ ਹੋਵੇ ਪਰ 'ਦਰਦ ਤਾਂ ਹੁੰਦਾ ਨਹੀਂ' ਕਹਿ ਕੇ ਗੱਲ ਟਾਲਣੀ ਠੀਕ ਨਹੀਂ।

ਇਸੇ ਤਰ੍ਹਾਂ ਸਰੀਰ ਦੇ ਹੋਰ ਲੱਛਣਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਮੂੰਹ ਦਾ ਨਾ ਭਰਨ ਵਾਲਾ ਜ਼ਖ਼ਮ, ਲਗਾਤਾਰ ਖੰਘ, ਨਿਗਲਣ ਵਿੱਚ ਔਖ, ਬਿਨਾਂ ਕਾਰਨ ਭਾਰ ਘਟਣਾ ਜਾਂ ਪਖਾਨੇ ਦੀਆਂ ਆਦਤਾਂ ਵਿੱਚ ਲੰਮੀ ਤਬਦੀਲੀ ਹੋਵੇ ਤਾਂ ਸਲਾਹ ਲੈਣੀ ਚਾਹੀਦੀ ਹੈ। ਪਖਾਨੇ ਜਾਂ ਪਿਸ਼ਾਬ ਵਿੱਚ ਖੂਨ ਅਤੇ ਅਸਾਧਾਰਨ ਯੋਨੀ 'ਚੋਂ ਖੂਨ ਰਿੱਸਣਾ ਵੀ ਜਾਂਚ ਮੰਗਦੇ ਹਨ। ਇਨ੍ਹਾਂ ਲੱਛਣਾਂ ਦੇ ਹੋਰ ਕਾਰਨ ਵੀ ਹੋ ਸਕਦੇ ਹਨ। ਜਾਗਰੂਕ ਹੋਣ ਦਾ ਮਤਲਬ ਹਰ ਤਕਲੀਫ਼ ਨੂੰ ਕੈਂਸਰ ਮੰਨ ਲੈਣਾ ਨਹੀਂ ਹੈ। ਇਸ ਦਾ ਮਤਲਬ ਹੈ ਕਿ ਅਸਾਧਾਰਨ ਤਬਦੀਲੀ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ। ਆਪਣੇ ਪੱਧਰ 'ਤੇ ਕੁਝ ਆਦਤਾਂ ਬਦਲ ਕੇ ਕੈਂਸਰ ਦਾ ਖ਼ਤਰਾ ਘਟਾਉਣ ਲਈ ਕਦਮ ਚੁੱਕੇ ਜਾ ਸਕਦੇ ਹਨ। ਤੰਬਾਕੂ ਤੋਂ ਦੂਰ ਰਹਿਣਾ ਇਨ੍ਹਾਂ 'ਚੋਂ ਅਹਿਮ ਹੈ। ਸਿਗਰਟ, ਬੀੜੀ, ਹੁੱਕਾ, ਗੁਟਖਾ ਅਤੇ ਖੈਨੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੇ ਹਨ। ਦੂਜਿਆਂ ਦੇ ਤੰਬਾਕੂ ਦੇ ਧੂੰਏਂ ਤੋਂ ਵੀ ਬਚਣਾ ਚਾਹੀਦਾ ਹੈ। ਸ਼ਰਾਬ ਵੀ ਕਈ ਕੈਂਸਰਾਂ ਦਾ ਖ਼ਤਰਾ ਵਧਾਉਂਦੀ ਹੈ। ਰੋਜ਼ਾਨਾ ਤੁਰਨਾ, ਆਪਣੀ ਸਮਰੱਥਾ ਅਨੁਸਾਰ ਕਸਰਤ ਕਰਨਾ ਅਤੇ ਖਾਣੇ ਵਿੱਚ ਸਬਜ਼ੀਆਂ, ਫ਼ਲ, ਦਾਲਾਂ ਤੇ ਸਾਬਤ ਅਨਾਜ ਸ਼ਾਮਲ ਕਰਨਾ ਸਿਹਤ ਲਈ ਚੰਗਾ ਹੈ।

ਕੈਂਸਰ ਦੀ ਸਕ੍ਰੀਨਿੰਗ ਬਾਰੇ ਵੀ ਸਪੱਸ਼ਟ ਜਾਣਕਾਰੀ ਹੋਣੀ ਚਾਹੀਦੀ ਹੈ। ਸਕ੍ਰੀਨਿੰਗ ਉਹ ਜਾਂਚ ਹੈ ਜੋ ਕੁਝ ਕੈਂਸਰਾਂ ਜਾਂ ਉਨ੍ਹਾਂ ਤੋਂ ਪਹਿਲਾਂ ਵਾਲੀਆਂ ਤਬਦੀਲੀਆਂ ਨੂੰ ਲੱਛਣ ਆਉਣ ਤੋਂ ਪਹਿਲਾਂ ਪਛਾਣਨ ਲਈ ਕੀਤੀ ਜਾਂਦੀ ਹੈ। ਹਰ ਵਿਅਕਤੀ ਨੂੰ ਹਰ ਟੈਸਟ ਦੀ ਲੋੜ ਨਹੀਂ ਹੁੰਦੀ। ਉਮਰ ਅਤੇ ਨਿੱਜੀ ਖ਼ਤਰੇ ਅਨੁਸਾਰ ਡਾਕਟਰ ਸਲਾਹ ਦਿੰਦਾ ਹੈ ਕਿ ਕਿਹੜੀ ਜਾਂਚ ਕਰਵਾਉਣੀ ਹੈ। ਸਕ੍ਰੀਨਿੰਗ ਵਿੱਚ ਅਸਾਧਾਰਨ ਨਤੀਜਾ ਆਉਣ 'ਤੇ ਅੱਗੇ ਪੁਸ਼ਟੀ ਕਰਵਾਉਣੀ ਜ਼ਰੂਰੀ ਹੈ। ਸਿਰਫ਼ ਟੈਸਟ ਕਰਵਾ ਲੈਣਾ ਕਾਫ਼ੀ ਨਹੀਂ; ਉਸ ਦੀ ਰਿਪੋਰਟ ਸਮਝਣਾ ਅਤੇ ਅਗਲੀ ਸਲਾਹ ਉੱਤੇ ਅਮਲ ਕਰਨਾ ਵੀ ਜ਼ਰੂਰੀ ਹੈ।

ਬਿਮਾਰੀ ਬਾਰੇ ਗ਼ਲਤ ਗੱਲਾਂ ਵੀ ਮਰੀਜ਼ ਲਈ ਮੁਸ਼ਕਲ ਪੈਦਾ ਕਰਦੀਆਂ ਹਨ। ਕੈਂਸਰ ਕਿਸੇ ਨਾਲ ਬੈਠਣ, ਹੱਥ ਮਿਲਾਉਣ ਜਾਂ ਇਕੱਠੇ ਖਾਣ ਨਾਲ ਨਹੀਂ ਫੈਲਦਾ। ਦੂਜੇ ਪਾਸੇ, ਸੋਸ਼ਲ ਮੀਡੀਆ ਉੱਤੇ ਚਮਤਕਾਰੀ ਇਲਾਜ ਦੇ ਦਾਅਵੇ ਪਰਿਵਾਰ ਨੂੰ ਉਲਝਾ ਸਕਦੇ ਹਨ। ਬਿਨਾਂ ਭਰੋਸੇਯੋਗ ਸਬੂਤ ਵਾਲੇ ਨੁਸਖ਼ਿਆਂ ਦੇ ਆਸਰੇ ਡਾਕਟਰੀ ਇਲਾਜ ਛੱਡਣਾ ਨੁਕਸਾਨਦਾਇਕ ਹੋ ਸਕਦਾ ਹੈ। ਕੋਈ ਗੱਲ ਸਮਝ ਨਾ ਆਵੇ ਤਾਂ ਇਲਾਜ ਕਰਨ ਵਾਲੀ ਟੀਮ ਨੂੰ ਪੁੱਛਣਾ ਚਾਹੀਦਾ ਹੈ। ਮਰੀਜ਼ ਅਤੇ ਪਰਿਵਾਰ ਨੂੰ ਆਪਣੇ ਸਵਾਲਾਂ ਦੇ ਸਪੱਸ਼ਟ ਜਵਾਬ ਮਿਲਣੇ ਚਾਹੀਦੇ ਹਨ।

ਕਿਸੇ ਔਰਤ ਨੂੰ ਛਾਤੀ ਦੇ ਕੈਂਸਰ ਦਾ ਪਤਾ ਲੱਗਦਿਆਂ ਹੀ ਉਸ ਦੇ ਮਨ ਵਿੱਚ ਆਪਣੀ ਸਿਹਤ, ਬੱਚਿਆਂ, ਪਰਿਵਾਰ, ਰੁਜ਼ਗਾਰ ਅਤੇ ਭਵਿੱਖ ਬਾਰੇ ਕਈ ਸਵਾਲ ਉੱਠਣ ਲੱਗਦੇ ਹਨ। ਕਿਸੇ ਨੂੰ ਇਲਾਜ ਦਾ ਡਰ ਹੁੰਦਾ ਹੈ, ਕਿਸੇ ਨੂੰ ਖ਼ਰਚੇ ਦੀ ਚਿੰਤਾ ਅਤੇ ਕਿਸੇ ਨੂੰ ਇਹ ਫ਼ਿਕਰ ਕਿ ਘਰ ਕੌਣ ਸੰਭਾਲੇਗਾ। ਹਰ ਔਰਤ ਦੀ ਕਹਾਣੀ ਵੱਖਰੀ ਹੈ। ਇਸੇ ਭਾਵਨਾ ਨੂੰ ਵਿਸ਼ਵ ਸਿਹਤ ਸੰਗਠਨ ਨੇ ਅਕਤੂਬਰ 2026 ਦੇ ਛਾਤੀ ਦੇ ਕੈਂਸਰ ਜਾਗਰੂਕਤਾ ਮਹੀਨੇ ਦੇ ਥੀਮ 'ਹਰ ਕਹਾਣੀ ਵਿਲੱਖਣ ਹੈ, ਹਰ ਸਫ਼ਰ ਅਹਿਮ ਹੈ' ਰਾਹੀਂ ਉਜਾਗਰ ਕੀਤਾ ਹੈ। ਹਰ ਮਰੀਜ਼ ਦੀ ਗੱਲ ਸੁਣਨਾ ਅਤੇ ਉਸ ਦੀਆਂ ਲੋੜਾਂ ਅਨੁਸਾਰ ਸਹਿਯੋਗ ਦੇਣਾ ਦੇਖ-ਭਾਲ ਦਾ ਅਹਿਮ ਹਿੱਸਾ ਹੈ।

ਅਕਤੂਬਰ ਦਾ ਇਹ ਮਹੀਨਾ ਸਾਨੂੰ ਆਪਣੀ ਅਤੇ ਆਪਣੇ ਨੇੜਲਿਆਂ ਦੀ ਸਿਹਤ ਵੱਲ ਧਿਆਨ ਦੇਣ ਦਾ ਮੌਕਾ ਦਿੰਦਾ ਹੈ। ਪਰ ਇਹ ਜ਼ਿੰਮੇਵਾਰੀ ਮਹੀਨਾ ਮੁੱਕਣ ਨਾਲ ਖ਼ਤਮ ਨਹੀਂ ਹੁੰਦੀ। ਘਰ ਵਿੱਚ ਕਿਸੇ ਦੀ ਤਕਲੀਫ਼ ਸੁਣਨਾ, ਜਾਂਚ ਲਈ ਨਾਲ ਜਾਣਾ ਅਤੇ ਇਲਾਜ ਦੌਰਾਨ ਕੰਮ ਵੰਡ ਲੈਣਾ ਵੀ ਜਾਗਰੂਕਤਾ ਦਾ ਹਿੱਸਾ ਹੈ। ਹਰ ਸਮੇਂ ਮਰੀਜ਼ ਨੂੰ ਸਲਾਹ ਦੇਣ ਦੀ ਲੋੜ ਨਹੀਂ ਹੁੰਦੀ; ਕਈ ਵਾਰ ਉਸ ਕੋਲ ਬੈਠ ਕੇ ਉਸ ਦੀ ਗੱਲ ਸੁਣਨਾ ਹੀ ਵੱਡੀ ਮਦਦ ਹੁੰਦੀ ਹੈ। ਸਾਡੀ ਕੋਸ਼ਿਸ਼ ਹੋਵੇ ਕਿ ਕੋਈ ਵਿਅਕਤੀ ਡਰ ਜਾਂ ਝਿਜਕ ਕਰਕੇ ਜਾਂਚ ਵਿੱਚ ਦੇਰੀ ਨਾ ਕਰੇ ਅਤੇ ਬਿਮਾਰੀ ਦਾ ਸਾਹਮਣਾ ਕਰਦਿਆਂ ਆਪਣੇ ਆਪ ਨੂੰ ਇਕੱਲਾ ਨਾ ਸਮਝੇ।

ਹੌਸਲਾ ਬੁਲੰਦ ਹੋਵੇ ਤਾਂ ਮੰਜ਼ਿਲ ਦੂਰ ਨਹੀਂ

ਜ਼ਿੰਦਗੀ ਬਹੁਤ ਹੀ ਖ਼ੂਬਸੂਰਤ, ਰਹੱਸਮਈ ਅਤੇ ਚੁਣੌਤੀਆਂ ਨਾਲ ਭਰਪੂਰ ਸਫ਼ਰ ਹੈ। ਇਸ ਸਫ਼ਰ ਦੌਰਾਨ ਹਰ ਇਨਸਾਨ ਦਾ ਕੋਈ ਨਾ ਕੋਈ ਟੀਚਾ, ਕੋਈ ਨਾ ਕੋਈ ਮਕਸਦ ਅਤੇ ਕੋਈ ਨਾ ਕੋਈ ਮੰਜ਼ਿਲ ਜ਼ਰੂਰ ਹੁੰਦੀ ਹੈ। ਕੋਈ ਵਿਦਿਆਰਥੀ ਆਪਣੀ ਪੜ੍ਹਾਈ ਵਿੱਚ ਮੱਲ ਮਾਰਨਾ ਚਾਹੁੰਦਾ ਹੈ, ਕੋਈ ਨੌਜਵਾਨ ਆਪਣੇ ਕਾਰੋਬਾਰ ਵਿੱਚ ਉੱਚੀਆਂ ਬੁਲੰਦੀਆਂ ਛੂਹਣਾ ਚਾਹੁੰਦਾ ਹੈ ਅਤੇ ਕੋਈ ਸਮਾਜ ਸੇਵਕ ਸਮਾਜ ਦੀ ਭਲਾਈ ਲਈ ਆਪਣਾ ਜੀਵਨ ਸਮਰਪਿਤ ਕਰਨਾ ਚਾਹੁੰਦਾ ਹੈ। ਹਰ ਵਿਅਕਤੀ ਦੀ ਮੰਜ਼ਿਲ ਵੱਖਰੀ ਹੋ ਸਕਦੀ ਹੈ, ਪਰ ਉੱਥੇ ਤੱਕ ਪਹੁੰਚਣ ਦਾ ਰਸਤਾ ਹਮੇਸ਼ਾ ਇੱਕੋ ਜਿਹਾ ਸੰਘਰਸ਼ ਮੰਗਦਾ ਹੈ। ਮੰਜ਼ਿਲ ਤੱਕ ਪਹੁੰਚਣ ਦਾ ਰਾਹ ਕਦੇ ਵੀ ਫੁੱਲਾਂ ਦੀ ਸੇਜ ਨਹੀਂ ਹੁੰਦਾ। ਸਗੋਂ ਇਹ ਕੰਡਿਆਂ, ਮੁਸ਼ਕਿਲਾਂ, ਰੁਕਾਵਟਾਂ ਅਤੇ ਅਣਗਿਣਤ ਪ੍ਰੀਖਿਆਵਾਂ ਨਾਲ ਭਰਿਆ ਹੁੰਦਾ ਹੈ। ਅਜਿਹੇ ਸਮੇਂ ਵਿੱਚ ਜੋ ਚੀਜ਼ ਇਨਸਾਨ ਨੂੰ ਡੋਲਣ ਨਹੀਂ ਦਿੰਦੀ ਅਤੇ ਅੱਗੇ ਵਧਣ ਦੀ ਅਦੁੱਤੀ ਤਾਕਤ ਦਿੰਦੀ ਹੈ, ਉਹ ਹੈ ਉਸ ਦੀ ਹਿੰਮਤ ਅਤੇ ਦਿੜ੍ਹਤਾ।

ਹਿੰਮਤ ਉਹ ਦੀਵਾ ਹੈ ਜੋ ਹਨੇਰੇ ਤੋਂ ਹਨੇਰੇ ਰਸਤੇ ਨੂੰ ਵੀ ਰੁਸ਼ਨਾਉਣ ਦੀ ਸਮਰੱਥਾ ਰੱਖਦਾ ? ਹੈ। ਜਿਨ੍ਹਾਂ ਲੋਕਾਂ ਵਿੱਚ ਹਿੰਮਤ ਹੁੰਦੀ ਹੈ ਉਹ ਸਮੁੰਦਰ ਦੀਆਂ ਉੱਚੀਆਂ ਲਹਿਰਾਂ ਅਤੇ ਤੂਫ਼ਾਨਾਂ ਨਾਲ ਵੀ ਟਕਰਾਉਣ ਦਾ ਜਿਗਰਾ ਰੱਖਦੇ ਹਨ। ਇਤਿਹਾਸ ਗਵਾਹ ਹੈ ਕਿ ਦੁਨੀਆ ਵਿੱਚ ਜਿੰਨੇ ਵੀ ਮਹਾਨ ਇਤਿਹਾਸਕ ਕਾਰਨਾਮੇ ਜਾਂ ਵਿਅਕਤੀਗਤ ਸਫਲਤਾਵਾਂ ਹੋਈਆਂ ਹਨ, ਉਹ ਸਭ ਅਥਾਹ ਹਿੰਮਤ ਅਤੇ ਅਣਥੱਕ ਮਿਹਨਤ ਦੀ ਬਦੌਲਤ ਹੀ ਸੰਭਵ ਹੋਈਆਂ ਹਨ। ਹਿੰਮਤ ਤੋਂ ਬਿਨਾਂ ਜ਼ਿੰਦਗੀ ਦੀ ਕਲਪਨਾ ਇੱਕ ਅਜਿਹੇ ਬੇਕਾਬੂ ਜਹਾਜ਼ ਵਾਂਗ ਹੈ ਜਿਸ ਦਾ ਕੋਈ ਨਾਵਿਕ ਨਾ ਹੋਵੇ ਅਤੇ ਉਹ ਸਮੁੰਦਰ ਦੀਆਂ ਲਹਿਰਾਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ ਹੋਵੇ। ਅਕਸਰ ਆਮ ਲੋਕ ਹਿੰਮਤ ਦਾ ਮਤਲਬ ਕੇਵਲ ਸਰੀਰਕ ਤਾਕਤ ਜਾਂ ਕਿਸੇ ਲੜਾਈ-ਝਗੜੇ ਵਿੱਚ ਜਿੱਤ ਪ੍ਰਾਪਤ ਕਰਨਾ ਸਮਝ ਲੈਂਦੇ ਹਨ, ਪਰ ਅਸਲ ਵਿੱਚ ਹਿੰਮਤ ਇਸ ਤੋਂ ਬਹੁਤ ਵੱਡੀ ਅਤੇ ਵਿਸ਼ਾਲ ਚੀਜ਼ ਹੈ। ਹਿੰਮਤ ਅੰਦਰੂਨੀ ਆਤਮ-ਵਿਸ਼ਵਾਸ, ਮਾਨਸਿਕ ਮਜ਼ਬੂਤੀ, ਸਬਰ ਅਤੇ ਹਾਲਾਤ ਅੱਗੇ ਗੋਡੇ ਨਾ ਟੇਕਣ ਦੇ ਅਟੱਲ ਜਜ਼ਬੇ ਦਾ ਨਾਮ ਹੈ। ਜਦੋਂ ਜੀਵਨ ਵਿੱਚ ਅਸਫਲਤਾਵਾਂ ਦਾ ਪਹਾੜ ਟੁੱਟ ਪੈਂਦਾ ਹੈ ਅਤੇ ਚਾਰੇ ਪਾਸਿਓਂ ਨਿਰਾਸ਼ਾ ਦੇ ਬੱਦਲ ਘੇਰਾ ਪਾ ਲੈਂਦੇ ਹਨ, ਤਾਂ ਉਸ ਵਕਤ ਆਪਣੇ ਕਦਮਾਂ ਨੂੰ ਡਗਮਗਾਉਣ ਨਾ ਦੇਣਾ ਹੀ ਅਸਲੀ ਹਿੰਮਤ ਹੈ।

ਹਿੰਮਤ ਰੱਖਣ ਵਾਲਾ ਮਨੁੱਖ ਕਦੇ ਵੀ ਹਾਲਾਤ ਦਾ ਰੋਣਾ ਨਹੀਂ ਰੋਂਦਾ। ਸਗੋਂ ਉਹ ਹਾਲਾਤ ਨੂੰ ਆਪਣੇ ਹਿਸਾਬ ਨਾਲ ਬਦਲਣ ਦੀ ਕਾਬਲੀਅਤ ਰੱਖਦਾ ਹੈ। ਉਹ ਬਾਖੂਬੀ ਜਾਣਦਾ ਹੈ ਕਿ ਮੁਸ਼ਕਿਲਾਂ ਸਥਾਈ ਨਹੀਂ ਹੁੰਦੀਆਂ, ਪਰ ਇਹ ਮੁਸ਼ਕਿਲਾਂ ਨੂੰ ਪਾਰ ਕਰਨ ਲਈ ਇਨਸਾਨ ਵੱਲੋਂ ਕੀਤਾ ਸੰਘਰਸ਼ ਅਤੇ ਹੌਸਲਾ ਉਸ ਦੀ ਪਛਾਣ ਨੂੰ ਹਮੇਸ਼ਾ ਲਈ ਅਮਰ ਬਣਾ ਦਿੰਦੇ ਹਨ। ਬਿਨਾਂ ਹਿੰਮਤ ਦੇ ਇਨਸਾਨ ਰੇਤ ਦੇ ਉਸ ਮਹਿਲ ਵਾਂਗ ਹੁੰਦਾ ਹੈ ਜੋ ਜ਼ਰਾ ਜਿੰਨੀ ਹਵਾ ਦੇ ਬੁੱਲੇ ਨਾਲ ਹੀ ਢਹਿ-ਢੇਰੀ ਹੋ ਜਾਂਦਾ ਹੈ। ਜ਼ਿੰਦਗੀ ਦੀ ਅਸਲ ਪ੍ਰੀਖਿਆ ਅੱਖੇ ਸਮੇਂ ਵਿੱਚ ਹੀ ਹੁੰਦੀ ਹੈ ਅਤੇ ਜੋ ਲੋਕ ਉਸ ਪ੍ਰੀਖਿਆ ਵਿੱਚ ਹਿੰਮਤ ਨਾਲ ਪਾਸ ਹੋ ਜਾਂਦੇ ਹਨ ਉਹ ਹੀ ਇਤਿਹਾਸ ਰਚਦੇ ਹਨ। ਹਰ ਮਹਾਨ ਕੰਮ ਦੀ ਸ਼ੁਰੂਆਤ ਹਮੇਸ਼ਾ ਇੱਕ ਛੋਟੇ ਜਿਹੇ ਪਹਿਲੇ ਕਦਮ ਤੋਂ ਹੁੰਦੀ ਹੈ ਅਤੇ ਪਹਿਲਾ ਕਦਮ ਪੁੱਟਣ ਲਈ ਸਭ ਤੋਂ ਵੱਡੀ ਰੁਕਾਵਟ ਡਰ ਹੁੰਦਾ ਹੈ। ਅਸੀਂ ਅਕਸਰ ਕੁਝ ਨਵਾਂ ਕਰਨ, ਕੋਈ ਨਵਾਂ ਕਾਰੋਬਾਰ ਸ਼ੁਰੂ ਕਰਨ ਜਾਂ ਆਪਣੀ ਮੰਜ਼ਿਲ ਵੱਲ ਕਦਮ ਵਧਾਉਣ ਤੋਂ ਪਹਿਲਾਂ ਹੀ ਮਨ ਵਿੱਚ ਹਾਰ ਮੰਨ ਲੈਂਦੇ ਹਾਂ ਕਿਉਂਕਿ ਸਾਡੇ ਮਨ ਵਿੱਚ ਅਸਫਲ ਹੋਣ ਦਾ ਡਰ ਬੈਠਾ ਹੁੰਦਾ ਹੈ। ਡਰ ਇਨਸਾਨ ਦਾ ਸਭ ਤੋਂ ਵੱਡਾ ਅਤੇ ਖ਼ਤਰਨਾਕ ਦੁਸ਼ਮਣ ਹੈ ਜੋ ਇਨਸਾਨ ਦੀ ਅੰਦਰੂਨੀ ਪ੍ਰਤਿਭਾ ਅਤੇ ਸਮਰੱਥਾ ਨੂੰ ਹੌਲੀ-ਹੌਲੀ ਅੰਦਰੋਂ ਖੋਖਲਾ ਕਰ ਦਿੰਦਾ ਹੈ। ਹਿੰਮਤ ਇਸ ਡਰ ਨੂੰ ਹਰਾਉਣ ਦਾ ਇੱਕੋ-ਇੱਕ ਅਤੇ ਅਛੂਤਾ ਹਥਿਆਰ ਹੈ। ਜਦੋਂ ਕੋਈ ਵਿਅਕਤੀ ਡਰ ਦੇ ਭੂਤ ਨੂੰ ਕਾਬੂ ਕਰ ਲੈਂਦਾ ਹੈ ਤਾਂ ਉਸ ਲਈ ਦੁਨੀਆ ਦਾ ਕੋਈ ਵੀ ਰਸਤਾ ਅਸੰਭਵ ਨਹੀਂ ਰਹਿੰਦਾ। ਮੰਜ਼ਿਲ ਤੱਕ ਪਹੁੰਚਣ ਦਾ ਸਫ਼ਰ ਭਾਵੇਂ ਕਿੰਨਾ ਵੀ ਲੰਬਾ, ਕੰਡਿਆਲਾ ਅਤੇ ਔਖਾ ਕਿਉਂ ਨਾ ਹੋਵੇ, ਜੇਕਰ ਹੌਸਲਾ ਬੁਲੰਦ ਹੋਵੇ ਤਾਂ ਹਰ ਮੰਜ਼ਿਲ ਆਪਣੇ ਆਪ ਵਿੱਚ ਬਹੁਤ ਨੇੜੇ ਜਾਪਦੀ ਹੈ। ਹਿੰਮਤ ਸਾਨੂੰ ਇਹ ਸਿਖਾਉਂਦੀ ਹੈ ਕਿ ਗ਼ਲਤੀਆਂ ਕਰਨਾ ਮਨੁੱਖ ਦਾ ਸੁਭਾਅ ਹੈ, ਪਰ ਗ਼ਲਤੀਆਂ ਤੋਂ ਡਰ ਕੇ ਹਮੇਸ਼ਾ ਲਈ ਰੁਕ ਜਾਣਾ ਸਭ ਤੋਂ ਵੱਡੀ ਕਮਜ਼ੋਰੀ ਹੈ।

ਕੁਦਰਤ ਵੱਲੋਂ ਸਾਨੂੰ ਹਰ ਪਲ ਹਿੰਮਤ ਦਾ ਅਨਮੋਲ ਪਾਠ ਪੜ੍ਹਾਇਆ ਜਾਂਦਾ ਹੈ। ਇੱਕ ਛੋਟੀ ਜਿਹੀ ਕੀੜੀ ਆਪਣੇ ਤੋਂ ਕਈ ਗੁਣਾ ਭਾਰੀ ਦਾਣਾ ਚੁੱਕ ਕੇ ਦੀਵਾਰ 'ਤੇ ਚੜ੍ਹਦੀ ਹੈ ਅਤੇ ਵਾਰ-ਵਾਰ ਡਿੱਗਣ ਦੇ ਬਾਵਜੂਦ ਕਦੇ ਹਿੰਮਤ ਨਹੀਂ ਹਾਰਦੀ ਅਤੇ ਅੰਤ ਵਿੱਚ ਆਪਣੀ ਮੰਜ਼ਿਲ ਤੱਕ ਪਹੁੰਚ ਹੀ ਜਾਂਦੀ ਹੈ। ਨਦੀਆਂ ਪਹਾੜਾਂ ਨੂੰ ਚੀਰਦੀਆਂ, ਪੱਥਰਾਂ ਨਾਲ ਟਕਰਾਉਂਦੀਆਂ ਹੋਈਆਂ ਆਪਣੀ ਆਖਰੀ ਮੰਜ਼ਿਲ ਯਾਨੀ ਕਿ ਵਿਸ਼ਾਲ ਸਮੁੰਦਰ ਤੱਕ ਪਹੁੰਚਦੀਆਂ ਹਨ, ਕਿਉਂਕਿ ਉਨ੍ਹਾਂ ਦੇ ਅੰਦਰ ਅੱਗੇ ਵਧਣ ਦੀ ਅਦੁੱਤੀ ਤਾਕਤ ਅਤੇ ਬੇਅੰਤ ਹਿੰਮਤ ਹੁੰਦੀ ਹੈ। ਸਾਡੇ ਪੰਜਾਬੀ ਸੱਭਿਆਚਾਰ, ਵਿਰਸੇ ਅਤੇ ਇਤਿਹਾਸ ਵਿੱਚ ਵੀ ਹਿੰਮਤ ਅਤੇ ਕੁਰਬਾਨੀ ਦੀ ਕੋਈ ਘਾਟ ਨਹੀਂ ਰਹੀ। ਸਾਡੇ ਗੁਰੂ ਸਾਹਿਬਾਨ, ਪੀਰਾਂ, ਪੈਗੰਬਰਾਂ ਅਤੇ ਦੇਸ਼ ਦੇ ਸੁਤੰਤਰਤਾ ਸੰਗਰਾਮੀਆਂ ਨੇ ਹਮੇਸ਼ਾ ਜ਼ੁਲਮ, ਬੇਇਨਸਾਫ਼ੀ ਅਤੇ ਮੁਸ਼ਕਿਲਾਂ ਖ਼ਿਲਾਫ਼ ਹਿੰਮਤ ਨਾਲ ਅਡੋਲ ਹੋ ਕੇ ਲੜਾਈ ਲੜੀ ਅਤੇ ਕੌਮੀ ਮਾਣ ਨੂੰ ਦੁਨੀਆ ਭਰ ਵਿੱਚ ਉੱਚਾ ਕੀਤਾ। ਸਾਡਾ ਇਤਿਹਾਸ ਬੇਮਿਸਾਲ ਕੁਰਬਾਨੀਆਂ ਅਤੇ ਦਿੜ੍ਹ ਇਰਾਦੇ ਦੀਆਂ ਲਾਸਾਨੀ ਮਿਸਾਲਾਂ ਨਾਲ ਭਰਿਆ ਪਿਆ ਹੈ, ਜੋ



ਸਾਨੂੰ ਹਮੇਸ਼ਾ ਸਿਖਾਉਂਦਾ ਹੈ ਕਿ ਅੱਖੇ ਸਮੇਂ ਕਦੇ ਘਬਰਾਉਣਾ ਨਹੀਂ ਚਾਹੀਦਾ ਸਗੋਂ ਸੀਨਾ ਤਾਣ ਕੇ ਮੁਸ਼ਕਿਲਾਂ ਦੇ ਸਾਹਮਣੇ ਖੜ੍ਹੇ ਹੋਣਾ ਚਾਹੀਦਾ ਹੈ। ਅਸਫਲਤਾ ਨੂੰ ਅਕਸਰ ਸਫਲਤਾ ਦੀ ਪਹਿਲੀ ਅਤੇ ਮਹੱਤਵਪੂਰਨ ਪੌੜੀ ਮੰਨਿਆ ਜਾਂਦਾ ਹੈ, ਪਰ ਇਸ ਪੌੜੀ ਨੂੰ ਚੜ੍ਹਨ ਲਈ ਬਹੁਤ ਵੱਡੇ ਜਿਗਰੇ ਦੀ ਲੋੜ ਹੁੰਦੀ ਹੈ। ਜਦੋਂ ਕੋਈ ਇਨਸਾਨ ਕਿਸੇ ਕੰਮ ਵਿੱਚ ਅਸਫਲ ਹੋ ਜਾਂਦਾ ਹੈ ਤਾਂ ਉਸ ਦਾ ਨਿਰਾਸ਼ ਹੋਣਾ ਬਿਲਕੁਲ ਸੁਭਾਵਿਕ ਹੈ, ਪਰ ਅਸਫਲਤਾ ਨੂੰ ਆਪਣੀ ਅੰਤਿਮ ਹਾਰ ਮੰਨ ਲੈਣਾ ਸਭ ਤੋਂ ਵੱਡੀ ਭੁੱਲ ਹੈ।

ਬਿੰਦਰ ਸਿੰਘ ਖੁੱਡੀ ਕਲਾਂ

ਹਿੰਮਤ ਵਾਲੇ ਲੋਕ ਕਦੇ ਵੀ ਆਪਣੀ ਹਾਰ ਤੋਂ ਘਬਰਾਉਂਦੇ ਨਹੀਂ, ਸਗੋਂ ਉਸ ਤੋਂ ਸਬਕ ਸਿੱਖਦੇ ਹਨ ਅਤੇ ਹੋਰ ਜ਼ਿਆਦਾ ਤਾਕਤ, ਤਜਰਬੇ ਅਤੇ ਜੋਸ਼ ਨਾਲ ਵਾਪਸੀ ਕਰਦੇ ਹਨ। ਮਹਾਨ ਵਿਗਿਆਨੀ ਥਾਮਸ ਐਡੀਸਨ ਨੇ ਬਲਬ ਬਣਾਉਣ ਤੋਂ ਪਹਿਲਾਂ ਹਜ਼ਾਰਾਂ ਵਾਰ ਅਸਫਲਤਾ ਦਾ ਸਾਹਮਣਾ ਕੀਤਾ ਸੀ, ਪਰ ਉਸ ਦੀ ਅਟੁੱਟ ਹਿੰਮਤ ਅਤੇ ਅਣਥੱਕ ਪ੍ਰਯੋਗਾਂ ਨੇ ਹੀ ਉਸ ਨੂੰ ਦੁਨੀਆ ਦਾ ਮਹਾਨ ਅਤੇ ਅਮਰ ਵਿਗਿਆਨੀ ਬਣਾਇਆ। ਜੇਕਰ ਉਹ ਪਹਿਲੀ ਜਾਂ ਦੂਜੀ ਅਸਫਲਤਾ ਤੋਂ ਬਾਅਦ ਹਿੰਮਤ ਛੱਡ ਦਿੰਦਾ ਤਾਂ ਅੱਜ ਇਹ ਪੂਰੀ ਦੁਨੀਆ ਰੋਸ਼ਨੀ ਤੋਂ ਵਾਂਝੀ ਹੁੰਦੀ। ਇਸ ਲਈ ਜੀਵਨ ਵਿੱਚ ਮਿਲਣ ਵਾਲੀਆਂ ਅਸਫਲਤਾਵਾਂ ਤੋਂ ਘਬਰਾਉਣ ਦੀ ਬਜਾਏ ਉਨ੍ਹਾਂ ਨੂੰ ਆਪਣੇ ਭਵਿੱਖ ਦੇ ਤਜਰਬੇ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਅਤੇ ਆਪਣੀ ਗ਼ਲਤੀ ਨੂੰ ਸੁਧਾਰ ਕੇ ਦੁਬਾਰਾ ਕੋਸ਼ਿਸ਼ ਕਰਨੀ ਚਾਹੀਦੀ ਹੈ।

ਹਿੰਮਤ ਦੇ ਨਾਲ-ਨਾਲ ਸਖ਼ਤ ਮਿਹਨਤ, ਅਨੁਸ਼ਾਸਨ, ਸਮੇਂ ਦੀ ਕਦਰ ਅਤੇ ਸਬਰ ਵੀ ਮੰਜ਼ਿਲ ਤੱਕ ਪਹੁੰਚਣ ਲਈ ਬਹੁਤ ਜ਼ਰੂਰੀ ਅਤੇ ਅਨਿੱਖੜਵੇਂ ਤੱਤ ਹਨ। ਸਿਰਫ਼ ਹਵਾਈ ਕਿਲ੍ਹੇ ਬਣਾਉਣ ਨਾਲ ਜਾਂ ਬੈਠੇ-ਬੈਠੇ ਵੱਡੀਆਂ ਯੋਜਨਾਵਾਂ ਸੋਚਣ ਨਾਲ ਮੰਜ਼ਿਲਾਂ ਕਦੇ ਹਾਸਲ ਨਹੀਂ ਹੁੰਦੀਆਂ। ਮੰਜ਼ਿਲ ਨੂੰ ਪਾਉਣ ਲਈ ਆਪਣਾ ਪਸੀਨਾ ਵਹਾਉਣਾ ਪੈਂਦਾ ਹੈ ਅਤੇ ਰਾਤਾਂ ਦੀ ਨੀਂਦ ਕੁਰਬਾਨ ਕਰਕੇ ਤਪੱਸਿਆ ਕਰਨੀ ਪੈਂਦੀ ਹੈ। ਜਦੋਂ ਇਨਸਾਨ ਦੀ ਹਿੰਮਤ ਨੂੰ ਸਹੀ ਦਿਸ਼ਾ ਵਿੱਚ ਕੀਤੀ ਗਈ ਸੱਚੀ ਮਿਹਨਤ ਦਾ ਸਾਥ ਮਿਲ ਜਾਂਦਾ ਹੈ ਤਾਂ ਸਫਲਤਾ ਦਾ ਮਿਲਣਾ ਪੂਰੀ ਤਰ੍ਹਾਂ ਤੈਅ ਹੋ ਜਾਂਦਾ ਹੈ। ਕਈ ਵਾਰ ਸਾਨੂੰ ਲੰਬੇ ਸਮੇਂ ਤੱਕ ਮਿਹਨਤ ਕਰਨ ਦੇ ਬਾਵਜੂਦ ਮਨਚਾਹਿਆ ਫ਼ਲ ਜਾਂ ਨਤੀਜਾ ਨਹੀਂ ਮਿਲਦਾ ਤਾਂ ਅਜਿਹੇ ਨਾਜ਼ੁਕ ਸਮੇਂ ਵਿੱਚ ਧੀਰਜ ਅਤੇ ਹਿੰਮਤ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ। ਸਮਾਂ ਭਾਵੇਂ ਕਿੰਨਾ ਵੀ ਮਾੜਾ, ਪ੍ਰਤੀਕੂਲ ਜਾਂ ਹਨੇਰੇ ਭਰਿਆ ਕਿਉਂ ਨਾ ਹੋਵੇ, ਕੁਦਰਤ ਦਾ ਨਿਯਮ ਹੈ ਕਿ ਸੂਰਜ ਹਰ ਰੋਜ਼ ਘਣੇ ਹਨੇਰੇ ਨੂੰ ਚੀਰ ਕੇ ਬਾਹਰ ਆਉਂਦਾ ਹੀ ਹੈ। ਇਸੇ ਤਰ੍ਹਾਂ ਇਨਸਾਨ ਦੀ ਨਿਰੰਤਰ ਮਿਹਨਤ ਅਤੇ ਹਿੰਮਤ ਵੀ ਇੱਕ ਦਿਨ ਉਸ ਦੇ ਭਾਗਾਂ ਦੇ ਬੰਦ ਤਾਲੇ ਖੋਲ੍ਹ ਦਿੰਦੀ ਹੈ ਅਤੇ ਉਸ ਨੂੰ ਸਫਲਤਾ ਦੇ ਸਿਖਰ 'ਤੇ ਪਹੁੰਚਾ ਦਿੰਦੀ ਹੈ।

ਅੱਜ ਦੇ ਇਸ ਤੇਜ਼ ਰਫ਼ਤਾਰ ਅਤੇ ਆਧੁਨਿਕ ਦੌਰ ਵਿੱਚ ਮਾਨਸਿਕ ਤਣਾਅ, ਮੁਕਾਬਲੇਬਾਜ਼ੀ ਅਤੇ ਚਿੰਤਾਵਾਂ ਬਹੁਤ ਜ਼ਿਆਦਾ ਵਧ ਗਈਆਂ ਹਨ। ਅੱਜ ਦੀ ਨੌਜਵਾਨ ਪੀੜ੍ਹੀ ਅਕਸਰ ਛੋਟੀਆਂ-ਛੋਟੀਆਂ ਮੁਸ਼ਕਿਲਾਂ, ਪ੍ਰੀਖਿਆਵਾਂ ਵਿੱਚੋਂ ਨਾਕਾਮਯਾਬੀ ਜਾਂ ਰਿਸ਼ਤਿਆਂ ਦੇ ਟੁੱਟਣ ਤੋਂ ਘਬਰਾ ਕੇ ਜਲਦਬਾਜ਼ੀ ਵਿੱਚ ਗ਼ਲਤ ਕਦਮ ਚੁੱਕ ਲੈਂਦੀ ਹੈ ਜਾਂ ਗੰਭੀਰ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੀ ਹੈ। ਅਜਿਹੇ ਨਿਰਾਸ਼ਾਜਨਕ ਸਮੇਂ ਵਿੱਚ ਹਿੰਮਤ ਦੀ ਮਹੱਤਤਾ ਅਤੇ ਲੋੜ ਹੋਰ ਵੀ ਵਧ ਜਾਂਦੀ ਹੈ। ਸਾਨੂੰ ਹਮੇਸ਼ਾ ਆਪਣੇ ਅੰਦਰ ਸਕਾਰਾਤਮਕ ਸੋਚ ਪੈਦਾ ਕਰਨੀ ਚਾਹੀਦੀ ਹੈ ਅਤੇ ਨਿਰਾਸ਼ਾ ਨੂੰ ਆਪਣੇ ਉੱਤੇ ਭਾਰੂ ਨਹੀਂ ਹੋਣ ਦੇਣਾ ਚਾਹੀਦਾ। ਜਦੋਂ ਸਾਡੀ ਸੋਚ ਸਕਾਰਾਤਮਕ ਹੋਵੇਗੀ ਤਾਂ ਸਾਡੀ ਅੰਦਰੂਨੀ ਹਿੰਮਤ ਵੀ ਦੁੱਗਣੀ ਹੋ ਜਾਵੇਗੀ। ਆਪਣੇ ਆਪ 'ਤੇ ਪੂਰਾ ਵਿਸ਼ਵਾਸ ਰੱਖਣਾ ਹੀ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਹੈ। ਜਦੋਂ ਕਿਸੇ ਇਨਸਾਨ ਨੂੰ ਆਪਣੀ ਕਾਬਲੀਅਤ ਅਤੇ ਮਿਹਨਤ 'ਤੇ ਪੂਰਾ ਯਕੀਨ ਹੋਵੇ ਤਾਂ ਪੂਰੀ ਦੁਨੀਆ ਭਾਵੇਂ ਉਸ ਦੇ ਖ਼ ?ਲਾਫ਼ ਹੋ ਜਾਵੇ, ਉਹ ਆਪਣੀ ਮਿਹਨਤ ਅਤੇ ਹਿੰਮਤ ਦੇ ਦਮ 'ਤੇ ਆਪਣੀ ਮੰਜ਼ਿਲ ਤੱਕ ਜ਼ਰੂਰ ਪਹੁੰਚਦਾ ਹੈ।

ਹਕੀਕਤ ਇਹ ਹੈ ਕਿ ਇਨਸਾਨੀ ਜ਼ਿੰਦਗੀ ਵਿੱਚ ਕੋਈ ਵੀ ਮੰਜ਼ਿਲ ਅਸੰਭਵ ਨਹੀਂ ਹੈ ਜੇਕਰ ਉਸ ਨੂੰ ਹਾਸਲ ਕਰਨ ਲਈ ਸੱਚਾ ਇਰਾਦਾ ਅਤੇ ਦਿੜ੍ਹ ਹਿੰਮਤ ਹੋਵੇ। ਰਸਤੇ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਰੁਕਾਵਟਾਂ ਸਾਨੂੰ ਕਮਜ਼ੋਰ ਕਰਨ ਲਈ ਨਹੀਂ ਆਉਂਦੀਆਂ, ਸਗੋਂ ਇਹ ਸਾਡੀ ਪ੍ਰੀਖਿਆ ਲੈਣ ਲਈ ਆਉਂਦੀਆਂ ਹਨ ਜੋ ਸਾਨੂੰ ਅੰਦਰੋਂ ਹੋਰ ਵੱਧ ਮਜ਼ਬੂਤ ਅਤੇ ਤਜਰਬੇਕਾਰ ਬਣਾਉਂਦੀਆਂ ਹਨ। ਆਪਣੇ ਅੰਦਰ ਬੈਠੇ ਡਰ ਨੂੰ ਦੂਰ ਕਰੋ, ਜ਼ਿੰਦਗੀ ਦੀਆਂ ਅਸਫਲਤਾਵਾਂ ਤੋਂ ਹਮੇਸ਼ਾ ਕੁਝ ਨਾ ਕੁਝ ਸਬਕ ਸਿੱਖੋ ਅਤੇ ਪੂਰੇ ਜੋਸ਼, ਜਨੂੰਨ ਅਤੇ ਆਤਮ-ਵਿਸ਼ਵਾਸ ਨਾਲ ਆਪਣੇ ਟੀਚੇ ਵੱਲ ਲਗਾਤਾਰ ਅੱਗੇ ਵਧੋ। ਯਾਦ ਰੱਖੋ, ਮੰਜ਼ਿਲ ਉੱਤੇ ਸਿਰਫ਼ ਉਹੋ ਲੋਕ ਕਾਮਯਾਬੀ ਦਾ ਝੰਡਾ ਗੱਡਦੇ ਹਨ ਜੋ ਰਾਹ ਦੇ ਕੰਡਿਆਂ ਤੋਂ ਡਰ ਕੇ ਕਦੇ ਪਿੱਛੇ ਨਹੀਂ ਹਟਦੇ, ਸਗੋਂ ਆਪਣੀ ਅਟੱਲ ਹਿੰਮਤ ਅਤੇ ਹੌਸਲੇ ਨਾਲ ਹਰ ਮੁਸ਼ਕਿਲ ਨੂੰ ਪਾਰ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕਰਦੇ ਹਨ। ਹਿੰਮਤ ਹੀ ਉਹ ਅਨਮੋਲ ਕੁੰਜੀ ਹੈ ਜੋ ਸਫਲਤਾ ਦੇ ਸਾਰੇ ਬੰਦ ਦਰਵਾਜ਼ੇ ਖੋਲ੍ਹ ਦਿੰਦੀ ਹੈ ਅਤੇ ਸਾਨੂੰ ਸਾਡੀ ਮੰਜ਼ਿਲ ਤੱਕ ਸੁਰੱਖਿਅਤ ਪਹੁੰਚਾਉਂਦੀ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

ਅਜਬ ਲੀਲ੍ਹਾ

ਖੰਡਰ ਇੱਟਾਂ ਪੱਥਰਾਂ ਵਿੱਚ ਫਸੇ ਨੇ ਲੋਕੀਂ,
ਡੁਗਡੁਗੀ ਵਜਾ ਕੇ ਨਚਾਂਦੇ ਕੋਈ ਹੋਰ ਨੇ।

ਧਰਮਾਂ ਦੀ ਬੁੱਕਲ਼ ਓੜ ਕੇ ਬੈਠੇ ਦਰਿੰਦੇ,
ਬਾਹਰੋਂ ਦਿਸਦੇ ਭਲੇ ਪਰ ਅੰਦਰੋਂ ਚੋਰ ਨੇ।

ਦਿੰਦੇ ਉਪਦੇਸ਼ ਲੋਕਾਂ ਨੂੰ ਸਬਰ ਸੰਤੋਖ ਦਾ,
ਕਰਦੇ ਨੇ ਜੇਬਾਂ ਝੱਟ ਸਾਫ਼ ਪਾਪੀ ਘੋਰ ਨੇ।

ਰਲ਼ੇ ਨੇ ਸਿਆਸਤਾਂ 'ਚ ਚਹੇਤੇ ਨੇਤਾਵਾਂ ਦੇ,
ਚੋਣਾਂ ਦੇ ਮੌਸਮਾਂ 'ਚ ਤੱਕੋ ਲੱਗਦੇ ਜ਼ੋਰ ਨੇ।

ਲੱਗ ਜਾਂਦੇ ਢੇਰ ਚੜ੍ਹਦਾ ਹੈ ਚੜ੍ਹਾਵਾ ਜਦੋਂ,
ਪੈਣ ਵੰਡਾਂ ਤਾਂ ਫੇਰ ਪੈਂਦੇ ਚੋਰਾਂ ਨੂੰ ਮੋਰ ਨੇ।

ਹਿੰਦੂ ਸਿੱਖ ਮੁਸਲਿਮ ਇਸਾਈ ਸਭ ਇੱਕੋ,
ਚੱਲਦਾ ਹੈ ਇੰਝ ਧੰਧਾ ਰੰਗ ਢੰਗ ਹੋਰ ਨੇ।

ਰਾਜਸਤਾ ਦਾ ਨਸ਼ਾ ਸਿਰ ਚੜ੍ਹ ਕੇ ਬੋਲਦੈ,
ਦੀਨ ਮਜ਼ਲੂਮ ਦੇ ਹੱਕਾਂ ਨੂੰ ਲਾਂਦੇ ਖ਼ੋਰ ਨੇ।

ਪਾਟ ਕੇ ਮਨੁੱਖਤਾ ਲੀਰੋ ਲੀਰ ਹੋਈ ਪਈ,
ਕੱਠਪੁਤਲੀ ਦੀ ਫੜਦੇ ਕੋਈ ਹੋਰ ਡੋਰ ਨੇ।

ਨ ਖੋਲ੍ਹ ਇਹਨਾਂ ਦੇ ਪਰਦੇ ਤੂੰ 'ਨੂਰਪੁਰੀ',
ਹਾਕਮਾਂ ਦੀ ਸ਼ਹਿ 'ਤੇ ਪੂਰੇ ਸੀਨਾ ਜ਼ੋਰ ਨੇ।

ਸੇਵਾ ਸਿੰਘ 'ਨੂਰਪੁਰੀ'

ਮਾਂ ਬੋਲੀ ਪੰਜਾਬੀ

ਸਤ ਹਜ਼ਾਰ ਭਾਸ਼ਾਵਾਂ
ਦੁਨੀਆਂ ਵਿੱਚ
ਤੇਹਰਵਾਂ ਥਾਂ ਪੰਜਾਬੀ ਦਾ
ਸੁਲੇਮਾਨ ਪਰਬਤ ਤੋਂ ਯਮੁਨਾਨਗਰ ਤੀਕਰ
ਭਰਿਆਂ ਹੈ ਭੰਡਾਰ ਪੰਜਾਬੀ ਦਾ।

ਬਾਬਾ ਫਰੀਦ ਸੀ ਸਭ ਤੋਂ ਪਹਿਲਾ ਸੀ ਅਲੰਬਰਦਾਰ ਪੰਜਾਬੀ ਦਾ
ਬਾਬਾ ਨਾਨਕ ਜੀ ਵੀ ਕੀਤਾ, ਬੜਾ ਸਤਿਕਾਰ ਪੰਜਾਬੀ ਦਾ

ਛੇ ਗੁਰੂਆਂ, ਭਗਤਾਂ ਤੇ ਭੱਟਾਂ ਦੀ ਬਾਣੀ ਨੂੰ ਸੰਗ੍ਰਹਿ ਕਰਕੇ,
ਸਜਾਇਆ ਬੇਮਿਸਾਲ ਗੁਰੂ ਅਰਜਨ ਦੇਵ,
ਗ੍ਰੰਥ ਅਲੌਕਾਰ ਪੰਜਾਬੀ ਦਾ।

ਬਾਬਾ ਬੁੱਲ੍ਹੇਸ਼ਾਹ, ਸ਼ਾਹ ਹੁਸੈਨ ਨੇ ਗੂੜ੍ਹੀ ਸੂਫੀ ਰੰਗਤ ਭਰੀ
ਹਾਸ਼ਿਮ, ਵਾਰਿਸ, ਪੀਲੂ, ਦਮੋਦਰ ਕਿੱਸੇਕਾਰਾਂ ਵਧਾਇਆ
ਸ਼ਿੰਗਾਰ ਪੰਜਾਬੀ ਦਾ।

ਧਨੀ ਰਾਮ ਚਾਤ੍ਰਿਕ, ਨੂਰਪੁਰੀ, ਸ਼ਿਵ, ਮੋਹਨ,
ਅੰਮ੍ਰਿਤਾ ਸ਼ਾਇਰੀ ਦੇ ਸੋਮੇ,
ਨਾਨਕ ਸਿੰਘ, ਜਸਵੰਤ ਕੰਵਲ,
ਸ਼ਾਦ, ਸੀਤਲ ਸੀ ਨਾਵਲਕਾਰ ਪੰਜਾਬੀ ਦਾ।

ਪੂਰਨ ਸਿੰਘ, ਭਾਈ ਵੀਰ ਸਿੰਘ ਤੇ ਸ਼ੋਭਾ ਸਿੰਘ ਸਨ
ਆਸ਼ਿਕ ਕੁਦਰਤ ਦੇ,
ਆਪੋ ਆਪਣੀਆਂ ਕਿਰਤਾ ਨਾਲ ਵਧਾਇਆ
ਨਿਖਾਰ ਪੰਜਾਬੀ ਦਾ।

ਮਸਤਾਨਾ, ਯਮੁਲਾ, ਮਾਣਕ
ਤੇ ਸਰਦੂਲ ਗਾਇਕ ਝੰਡਾ ਬੁਰਦਾਰ, ਰਹੇ,
ਬੀਬਾ ਸੁਰਿੰਦਰ, ਪ੍ਰਕਾਸ਼, ਨਰਿੰਦਰ, ਨੂਰੀ ਗਾਇਕਾਵਾਂ
ਗੁੰਦਿਆਂ ਹਾਰ ਪੰਜਾਬੀ ਦਾ।

ਕੁਲਵੰਤ ਵਿਰਕ, ਕਰਤਾਰ ਦੁੱਗਲ, ਸੁਜਾਨ ਸਿੰਘ ਜਿਹੇ
ਕਹਾਣੀਕਾਰਾਂ ਨੇ,
ਮਾਣ ਵਧਾਇਆ ਦੁਨੀਆਂ ਵਿੱਚ,
ਉੱਚਾ ਕੀਤਾ ਕਿਰਦਾਰ ਪੰਜਾਬੀ ਦਾ।

ਇੱਕ ਹੀਰਾ ਸੀ ਅਮੀਨ ਮਲਿਕ ਸਾਹਿਤਕਾਰ
ਲਹਿੰਦੇ ਪੰਜਾਬ ਦਾ,
ਲੰਦਨ ਵਿਚ ਰਿਹਾ ਉਹ ਸਦਾ ਬਣਕੇ
ਬੁਰਖੁਰਦਾਰ ਪੰਜਾਬੀ ਦਾ।

ਪੰਜਾਬੀ ਨਾਸ਼ੁਕਰੇ, ਅਹਿਸਾਨਫਰਾਮੋਸ਼ਾਂ ਨੇ
ਮਾਂ ਦੀ ਗੁੱਤ ਪੁੱਟੀ,
ਦੇ ਰਹੇ ਦੇਸ਼ ਨਿਕਾਲਾ,
ਰੱਜ ਕੀਤਾ ਤਰਿਸਕਾਰ ਪੰਜਾਬੀ ਦਾ।

ਅੱਜ ਚਮਕਾਂ ਮਾਰ ਰਿਹਾ,
ਦੀਪਕ ਜੈਤੋਈ ਦਾ ਸ਼ਗਿਰਦ ਹਰਜਿੰਦਰ ਬੱਲ,
ਸ਼ਾਇਰ ਏ ਇੱਕ 'ਜ਼ਖ਼ਮੀ' ਜੀਹਦਾ ਵਿਹੜਾ ਏ
ਸ਼ਿੰਗਾਰ ਪੰਜਾਬੀ ਦਾ

ਧਿਆਨ ਸਿੰਘ 'ਜ਼ਖ਼ਮੀ'
9876555961

ਸੁਣ ਮਿੱਟੀਏ

ਸੁਣ ਮਿੱਟੀਏ ਦੇਸ਼ ਪੰਜਾਬ ਦੀਏ
ਤੈਨੂੰ ਚੁੰਮ ਮੱਥੇ ਨਾਲ ਲਾਵਾਂ ਮੈਂ
ਰਾਤੋਂ ਦਿਨ ਨਾ ਚੜ੍ਹੇ ਉੱਡ ਵਤਨਾਂ ਨੂੰ ਜਾਵਾਂ ਮੈਂ।

ਵਿੱਚ ਮਜਬੂਰੀਆਂ ਦੇ ਅਸੀਂ ਹੋਏ ਪਰਦੇਸੀ
ਜਦੋਂ ਜਾਵਾਂ, ਭੱਜ ਗਲ ਲਾਵਾਂ ਮੈਂ।
ਲੱਭੇ ਨਾ ਕੋਈ ਪਰਦੇਸ 'ਚ ਆਪਣਾ
ਕਿਹਨੂੰ ਦਿਲ ਦਾ ਦਰਦ ਸੁਣਾਵਾਂ ਮੈਂ।

ਸੁੰਨੀਆਂ ਉਡੀਕਣ ਪਿੰਡ ਦੀਆਂ ਗਲੀਆਂ
ਜਿੱਥੇ ਖੇਡਿਆ ਸੀ ਨਾਲ ਚਾਵਾਂ ਮੈਂ।
ਜਾਵਾਂਗੇ ਪਿੰਡ ਰਈਏ ਇੱਕ ਦਿਨ 'ਮਾਨਾ'
ਇਹੀ ਸੋਚ ਕੇ ਵਕਤ ਲੰਘਾਵਾਂ ਮੈਂ।

ਗਿਸ਼ਤਿਆਂ ਦੀ ਤੰਦ
ਜਦ ਪੈਸਾ ਸਿਰ ਚੜ੍ਹ ਬੋਲੇ
ਫਿਰ ਗਿਸ਼ਤਿਆਂ ਦੀ ਤੰਦ ਡੋਲੇ।
ਇੱਥੇ ਕੌਣ ਕਿਸੇ ਨੂੰ ਬੋਲੇ
ਤੇ ਇੱਥੇ ਸੁਣਦਾ ਕੋਈ ਨਾ
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।

ਜਿਹਨੂੰ ਸੀਨੇ ਨਾਲ ਸੀ ਲਾਇਆ
ਉਸ ਨੇ ਚੱਕਰ ਈ ਐਸਾ ਚਲਾਇਆ
ਉਹਨੇ ਪਲਟ ਕੇ ਰੱਖਤੀ ਕਾਇਆ
ਜ਼ੋਰ ਚੱਲੇ ਕੋਈ ਨਾ।
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।

ਜਦੋਂ ਨਫ਼ਰਤ ਦਾ ਸੱਪ ਡੰਗਦਾ
ਬੰਦਾ ਪਾਣੀ ਵੀ ਨ੍ਹੀਂ ਮੰਗਦਾ।
ਫਿਰ ਬਿਗੁਲ ਜੰਗ ਦਾ ਵੱਜਦਾ
ਕਿਤੇ ਸ਼ਾਂਤੀ ਹੋਈ ਨਾ।
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।
'ਮਾਨਾ' ਕਾਹਤੋਂ ਝੇੜਾ ਲਾਇਆ
ਆਪੇ ਵੇਖੂ ਜਿਹਨੇ ਬਣਾਇਆ।
ਜਾ ਦੁਖੜਾ ਉਹਨੂੰ ਸੁਣਾਇਆ
ਕਦੇ ਉਦਾਸ ਹੋਈਂ ਨਾ।
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।

- ਹਰਮਨਪ੍ਰੀਤ ਸਿੰਘ ਮਾਨ

ਆ ਦੋ ਗੱਲਾਂ ਕਰੀਏ

ਕੇਹੀ ਐਨਕ ਕੌਮਾਂਤਰੀ ਮਾਰਕਾ!
ਨੇੜਲੀ ਪਛਾਣ ਭੁੱਲ ਗਈ
ਗੱਲ ਦੁਨੀਆਂ ਤੋਂ ਥੱਲੇ ਨਹੀਓਂ ਕਰਦਾ
ਉਹ ਜਾਣੇ ਨਾ ਖ਼ਬਰ ਪਿੰਡ ਦੀ
ਵੇਖ ਨੱਪ ਲਈ ਉਡਾਰੀ ਤੇਰੀ
ਚੋਗਾ ਪਾ ਕੇ ਆਟੇ ਦਾਲ ਦਾ
ਗਿੱਟੇ ਛਾਂਗਦੇ ਨੇ ਆਪਣੇ ਭਰਾਵਾਂ ਦੇ
ਏਕੇ ਦੇ ਜੈਕਾਰੇ ਛੱਡਦੇ
ਮੱਖੀ ਮੱਛਰ ਲਈ 'ਜੀ ਆਇਆਂ'
ਲੋਕਾਂ ਦੇ ਲਈ ਬੂਹੇ ਭੇੜ ਦੇ
ਰੰਗ ਚਿੱਟੇ ਨਾਲੋਂ ਗੋਰਾ ਚੰਗਾ ਲੱਗਦਾ
ਭਗਵੇਂ ਤੋਂ ਚਿੱਟਾ ਫੱਬਦਾ
ਆਪੇ ਠੋਕਦੇ ਗਵਾਹੀ ਦਮਿੱਤਰੋਵ ਦੀ
ਗੱਡੇ ਨਾਲ ਕੱਟਾ ਬੰਨ੍ਹ ਕੇ
ਗਧੀ ਗੇੜ ਦੀ ਬਿਮਾਰੀ ਚੰਦਰੀ
ਰੋਗੀ ਹੋ ਗਏ ਵੈਦ ਦੇਸ਼ ਦੇ
'ਵਾਜਾਂ ਮਾਰਦੇ ਤਰਕਸ਼ੀਲ ਤੈਨੂੰ
ਤੂੰ ਰੁਕ ਜਰਾ ਗੱਲ ਸੁਣ ਜਾ
ਇਸ ਰੋਗ ਦੀ ਦਵਾ ਕੋਲ ਤੇਰੇ
ਕਿਉਂ ਹੱਟੀ ਹੱਟੀ ਪੁੱਛਦਾ ਫਿਰੇਂ
ਏਕਾ ਘੋਲ ਕੇ ਘੋਲਾਂ ਵਿਚ ਪੀ ਲੈ
ਤੇ ਦੋ ਬੂੰਦ ਸੰਗਰਾਮ ਦੇ
ਜਿੰਦੇ ਦੁੱਖਾਂ ਤੋਂ ਮਿਲੂ ਛੁਟਕਾਰਾ
ਲੰਮੀ ਵਾਟ ਮੰਜ਼ਲਾਂ ਦੀ
ਜਿੰਦੇ ਚੱਲੀਏ ਨੀ ਲੰਮੇ ਚਾਲੇ ਚੱਲੀਏ
ਨੀ ਮੁਕਤੀ ਦਾ ਮੁੱਖ ਚੁੰਮਣਾ।

-ਅਮੋਲਕ ਸਿੰਘ

ਘਰ ਉਦਾਸ ਹੈ

ਘਰ ਬਹੁਤ ਉਦਾਸ ਹੈ
ਕੋਈ ਗੱਲ ਤਾਂ ਖਾਸ ਹੈ।
ਘਰ ਨੂੰ ਜਿੰਦਰੇ ਵੱਜੇ ਨੇ
ਚੁੱਪ ਸੰਨਾਟਾ ਖੱਬੇ ਸੱਜੇ ਨੇ।
ਘਰ ਖਾਲੀ-ਖਾਲੀ ਹੈ
ਕੋਈ ਨਹੀਂ ਵਾਲੀ ਹੈ।
ਇਕੱਠਾ ਰਹਿੰਦਾ ਪਰਿਵਾਰ ਸੀ
ਸਭ ਪਾਸੇ ਮੌਜ ਬਹਾਰ ਸੀ।
ਘਰ 'ਚ ਖੁਸ਼ੀਆਂ ਖੇੜੇ ਸੀ
ਰੌਣਕ ਚਾਰ ਚੁਫ਼ੇਰੇ ਸੀ।
ਹਰਿਆਲੀ ਫੁੱਲ ਬਥੇਰੇ ਸੀ
ਫੁੱਲਾਂ ਵਰਗੇ ਚਿਹਰੇ ਸੀ।
ਬਾਲਾਂ ਦੀ ਟੁਣਕਾਰ ਸੀ
ਬਜ਼ੁਰਗਾਂ ਨਾਲ ਸੰਸਾਰ ਸੀ।
ਜੀਆਂ ਨਾਲ ਹੀ ਘਰ ਹੈ
ਖੁੱਲ੍ਹਾ ਰਹਿੰਦਾ ਦਰ ਹੈ।
ਘਰ ਬਣਨਾ ਰਮਣੀਕ ਹੈ
ਜੀਆਂ ਦੀ ਉਡੀਕ ਹੈ।
ਘਰ ਸੱਦੇ ਘਰ ਆਓ
ਰੌਣਕ ਫਿਰ ਲਗਾਓ।
ਹਾਲੇ ਘਰ ਉਦਾਸ ਹੈ
ਕੋਈ ਗੱਲ ਤਾਂ ਖਾਸ ਹੈ।
ਲੋਕ ਮਨਾਂ ਦੀ ਜੇਤੂ
ਹੱਕ ਸੱਚ ਇਨਸਾਫ਼ ਦਬਾਉਂਦੇ
ਜਾਬਰ ਟੋਲੇ ਪਾਏ ਘੇਰੇ ਨੇ।
ਜਬਰ ਜ਼ੁਲਮ ਤੇ ਸਾਜ਼ਿਸ਼ੀ ਚਾਲਾਂ
ਹੋ ਰਹੀਆਂ ਚਾਰ ਚੁਫ਼ੇਰੇ ਨੇ।
ਗ੍ਰਾਮਾਂ ਵਾਲੀ ਖੇਡ, ਖੇਡ ਕੇ
ਖਾਹਿਸ਼ਾਂ ਨੂੰ ਦਫ਼ਨਾਇਆ।
ਦੇਸ਼ ਧ੍ਰੋਹੀ ਬਣ ਬੈਠੇ ਨੇ
ਜਿਨ੍ਹਾਂ ਜਾਲ ਵਿਛਾਇਆ।
ਬੇਈਮਾਨ ਤਾਂ ਬਹੁਤ ਨੇ ਵੇਖੇ
ਐਨਾ ਵੀ ਕੋਈ ਹੋ ਨਹੀਂ ਸਕਦਾ।
ਬਾਹੂ-ਬਲ 'ਤੇ ਜਿੱਤਿਆ ਮੈਡਲ
ਇੱਦਾਂ ਵੀ ਕੋਈ ਖੋਹ ਨਹੀਂ ਸਕਦਾ।
ਤੂੰ ਸੱਤਾ ਦੇ ਸਾਹਵੇਂ ਖੜ੍ਹ ਗਈ
ਤੇ ਡਟ ਕੇ ਲੜੀ ਲੜਾਈ।
ਜਾਬਰ ਨੂੰ ਤੂੰ ਪਾਈ ਭਾਜੜ
ਤੂੰ ਹੈਂ ਇਨਸਾਫ਼ ਦੀ ਜਾਈ।
ਸੰਘਰਸ਼ ਤੇਰਾ ਹੈ ਨਾਇਕਾਂ ਵਾਲਾ
ਤੇਰਾ ਨਾਮ ਲੋਕਾਂ ਨੇ ਦੱਸਦੇ ਰਹਿਣਾ।
ਤੂੰ ਹੈਂ ਲੋਕ ਮਨਾਂ ਦੀ ਜੇਤੂ ਧੀਏ
ਲੋਕ ਮਨਾਂ ਵਿੱਚ ਵੱਸਦੇ ਰਹਿਣਾ।

- ਹਰਪਾਲ ਸਿੰਘ ਨਾਗਰਾ

ਆਹ ਲੈ ਮਾਏ

ਆਹ ਲੈ ਮਾਏ ਸਾਂਭ ਕੁੰਜੀਆਂ,
ਮੁੱਕੀ ਪਿੰਡ ਦੇ ਸਿਵੇ 'ਚੋਂ ਸਾਂਝ ਮੇਰੀ।
ਉਦਾਸ ਗੀਟੇ, ਗੁੱਡੀਆਂ, ਪਟੋਲੇ,
ਡੋਲੀ ਤੋਰ ਬਾਬਲੇ ਨੇ ਢਾਹੀ ਢੇਰੀ।
ਪੁੱਤਰ ਮੂਲ ਧਨ, ਧੀ ਪਰਾਇਆ,
ਧੀ ਬਿਗਾਨੀ ਆਖ ਸੱਸ ਨੇ ਘੇਰੀ।
ਖ਼ੁਸ਼ੀ ਵਸਣ ਰੱਬਾ, ਮੇਰੇ ਪੇਕੜੇ
ਮੇਰੀ ਕੁਦੇਸਣ ਦੀ ਵਾਟ ਲੰਮੇਰੀ।
ਬੰਗਲਾ ਉਸ ਦਾ, ਕੋਠੀ ਵੀਰ ਦੀ,
ਅੰਮੀਏ ਛੱਤ ਤੇਰੀ ਨਾ ਮੇਰੀ।
ਮਾਪਿਆਂ ਤੋਰੀ, ਘਰ ਦਾ ਮੋਇਆ
ਬਾਤ ਪੁੱਛੀ ਨਾ ਪੁੱਤਾਂ ਮੇਰੀ।
ਨਾਨਕ ਬੋਲੇ, ਹੱਕ ਵਿੱਚ ਨਾਰੀ
ਹੋਈ ਰਬਾਬ ਦੀ ਤਾਨ ਲੰਮੇਰੀ।
ਬਾਬਾ ਨਾਨਕ ਤੁਸੀਂ ਪਾ ਜਾਓ ਫੇਰੀ,
ਧੀ ਰੋਵੇ ਤੇ ਤੱਕੇ ਰਾਹ ਤੇਰੀ।
ਵਾਰਿਸ ਸ਼ਾਹ, ਦੇਖ ਧੀ ਵਹਾਉਂਦੀ ਹੰਝੂ,
ਕਿਉਂ ਕਲਮ ਨਾ ਬੋਲੇ ਤੇਰੀ?
ਨਾਜ਼ ਕਰੇ, ਜੰਮੀਆਂ 'ਤੇ ਆਲਮ
ਗੱਲ ਰਹੀ ਨਾ ਚੌਹਾਨ ਵੱਸ ਤੇਰੀ

- ਗੁਰਨਾਮ ਸਿੰਘ ਚੌਹਾਨ

ਈਡੀਆਂ ਤੇ ਸੀਬੀਆਂ !

ਮੰਤਰੀ ਜਾਂ ਸੰਤਰੀ ਵਿਧਾਇਕ ਬਣ ਜਾਂਦੇ ਜਦੋਂ
ਮੌਕਾ ਬਣ ਜਾਏ ਦੂਰ ਕਰਨ ਲਈ ਗਰੀਬੀਆਂ।
ਈਨ ਮੰਨੀਂ ਹੋਵੇ ਭਾਈ ਜਿਨ੍ਹਾਂ ਨੇ ਕਮਲ ਵਾਲੀ
ਓਹੀ ਪਾਰਟੀਆਂ ਜਾਣੇਂ ਸਾਊ ਅਤੇ ਬੀਬੀਆਂ।
ਵਾਸ਼ਿੰਗ ਮਸ਼ੀਨ ਬਿਨਾਂ ਪਾਕ ਸਾਫ ਹੋ ਜਾਂਦੇ ਨੇ
ਉਤਲਿਆਂ ਦੇ ਨਾਲ ਬਣ ਜਾਣ ਜੇ ਕਰੀਬੀਆਂ।
ਇੰਜਣ ਡਬਲ ਜੇ ਬਣਾਉਣਾ ਹੋਵੇ ਕੰਮ ਆਉਣ
'ਸਾਮ ਦਾਮ ਦੰਡ ਭੇਦ' ਵਾਲੀਆਂ ਹਥੀਬੀਆਂ।
ਨੈਰੇਟਿਵ ਸਿਰਜਣੇ ਲਈ ਝੱਟ ਵੱਜ ਪੈਂਦੀਆਂ ਨੇ
ਗੌਦੀ ਵਾਜੇ ਦੀਆਂ ਇੱਕ ਸੁਰ ਹੋ ਕੇ ਜੀਬ੍ਹੀਆਂ।
ਹੋਵੇ ਸਰਕਾਰ ਜਿੱਥੇ 'ਸਿੰਗਲ ਇੰਜਣ' ਵਾਲੀ
ਉੱਥੇ ਪੁੱਜ ਜਾਂਦੀਆਂ ਨੇ ਈਡੀਆਂ ਤੇ ਸੀਬੀਆਂ!

-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

ਅਸੀਂ ਕਿੱਥੇ ਬੋਲਦੇ ਹਾਂ, ਸਾਹਿਬ !

ਉਹ ਕਹਿੰਦੇ ਹਨ-ਚੁੱਪ ਰਹੋ
ਅਸੀਂ ਕਹਿੰਦੇ ਹਾਂ-ਅਸੀਂ ਚੁੱਪ ਹਾਂ, ਸਾਹਿਬ!
ਪੇਟ ਵਿੱਚ ਤਪਦਾ ਮਾਰੂਥਲ
ਥਾਲ਼ੀ ਵਿੱਚ ਡੁੱਬਿਆ ਸੂਰਜ
ਅੰਤੜੀਆਂ ਵਿੱਚ ਦਰਦ ਕਰਦੀ ਭੁੱਖ
ਅਸੀਂ ਕਿੱਥੇ ਬੋਲਦੇ ਹਾਂ, ਸਾਹਿਬ!
ਬੋਲਦੀ ਤਾਂ ਪਸਲੀਆਂ ਵਿੱਚ ਕੈਦ
ਹਵਾ ਦੀ ਛਟਪਟਾਹਟ
ਬੋਲਦੀ ਤਾਂ ਨਾੜੀਆਂ ਵਿੱਚ ਦੌੜਦੀ
ਲਹੂ ਦੀ ਬਗ਼ਾਵਤ
ਸਾਡੇ ਬੁੱਲ੍ਹ ਸੀਤੇ ਹਨ
ਪਰ ਅੰਦਰ ਕਿੰਨੇ ਸ਼ਹਿਰ ਜਲਦੇ ਹਨ
ਮਹਿੰਗਾਈ-
ਚੁੱਲੇ ਦੀ ਬੁਝਦੀ ਅੱਖ
ਬੇਰੁਜ਼ਗਾਰੀ-
ਡਿਗਰੀਆਂ ਤੇ ਉਗੀ ਕਾਈ
ਸਿੱਖਿਆ-
ਬਜ਼ਾਰ ਵਿੱਚ ਗਿਰਵੀ ਬਚਪਨ
ਪਿੱਤਰਸੱਤਾ-
ਔਰਤ ਦੀ ਦੇਹ ਤੇ
ਖਿੱਚੀ ਅਦ੍ਰਿਸ਼ ਸਰਹੱਦ
ਫਾਸ਼ੀਵਾਦ-
ਖਿੜਕੀਆਂ 'ਚੋਂ ਉਤਰਦਾ ਹਨੇਰਾ
ਪੂੰਜੀ ਦੂਜਿਆਂ ਦੀ ਹੱਡੀ 'ਤੇ
ਖੜ੍ਹਾ ਸੰਗਮਰਮਰ
ਅਤੇ ਤਾਨਾਸ਼ਾਹੀ-
ਹਰ ਗਲ਼ੇ ਦੇ ਅੰਦਰ
ਆਪਣਾ ਖ਼ੌਫ਼ ਬੀਜਦੀ ਹੋਈ
ਅਸੀਂ ਤਾਂ ਚੁੱਪ ਹਾਂ, ਸਾਹਿਬ!
ਬੋਲਦੇ ਤਾਂ ਸਾਡੇ ਜ਼ਖ਼ਮ
ਬੋਲਦੀਆਂ ਹਨ ਹੱਥਾਂ ਦੀਆਂ ਤਰੇੜਾਂ
ਬੋਲਦੀ ਹੈ ਅੱਖਾਂ ਵਿੱਚ ਰੁਕੀ ਨੀਂਦ ਦੀਆਂ
ਉਜੜੀਆਂ ਬਸਤੀਆਂ
ਸਾਡੇ ਸੁਆਲ
ਤੁਹਾਡੀ ਦਹਿਲੀਜ਼ ਤੇ ਪਏ
ਉਹ ਪੱਥਰ ਹਨ
ਜਿਨ੍ਹਾਂ ਨੂੰ ਤੁਸੀਂ ਰਾਹ 'ਚੋਂ ਪਰੇ ਕਰਦੇ ਹੋ।
ਕਿਸ-ਕਿਸ ਅਵਾਜ਼ ਨੂੰ
ਕਿੰਨੀ ਮਿੱਟੀ ਦਿਓਗੇ, ਸਾਹਿਬ!
ਭੁੱਖ ਨੂੰ, ਮਿਹਨਤ ਨੂੰ
ਜਾਂ ਆਪਣੇ ਹੀ ਵਿਵੇਕ ਨੂੰ।
ਸਾਡੀ ਖ਼ਾਮੋਸ਼ੀ
ਤੁਹਾਡੀ ਢਾਲ ਨਹੀਂ -
ਤੁਹਾਡੇ ਸਮੇਂ ਦੇ ਮੱਥੇ 'ਤੇ
ਉਭਰਿਆ ਹੋਇਆ ਉਹ ਦਾਗ਼ ਹੈ
ਜੀਹਨੂੰ ਕੋਈ ਉਤਸਵ
ਕੋਈ ਨਾਅਰਾ
ਕੋਈ ਪਰਦਾ
ਢਕ ਨਹੀਂ ਸਕਦਾ
ਅਸੀਂ ਚੁੱਪ ਹਾਂ, ਸਾਹਿਬ!
ਪਰ ਅੰਦਰ ਇੱਕ ਪੂਰਾ ਲੋਕ-ਸਮੂਹ
ਆਪਣੀਆਂ ਬੇੜੀਆਂ
ਦੰਦਾਂ ਨਾਲ ਕੱਟ ਰਿਹਾ ਹੈ।

ਮੂਲ : ਰਤਨਾ ਭਦੌਰੀਆ
ਅਨੁ : ਪ੍ਰੋ. ਨਵ ਸੰਗੀਤ ਸਿੰਘ

ਸ਼ੂਗਰ ਦੇ ਜ਼ਖ਼ਮ ਕਿਉਂ ਨਹੀਂ ਭਰਦੇ ? ਵਿਗਿਆਨ ਦੀ ਨਵੀਂ ਖੋਜ

ਸ਼ੂਗਰ ਜਾਂ ਮਧੂਮੇਹ ਇੱਕ ਲੰਬੇ ਸਮੇਂ ਤੱਕ ਰਹਿਣ ਵਾਲੀ ਬਿਮਾਰੀ ਹੈ, ਜੋ ਦੁਨੀਆ ਭਰ ਵਿੱਚ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਬਿਮਾਰੀ ਵਿੱਚ ਖੂਨ ਵਿੱਚ ਸ਼ੱਕਰ ਦੇ ਪੱਧਰ ਨੂੰ ਕੰਟਰੋਲ ਕਰਨ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ, ਪਰ ਇਸ ਦੀ ਇੱਕ ਗੰਭੀਰ ਸਮੱਸਿਆ ਅਕਸਰ ਨਜ਼ਰਅੰਦਾਜ਼ ਹੋ ਜਾਂਦੀ ਹੈ—ਜ਼ਖ਼ਮਾਂ ਦਾ ਦੇਰ ਨਾਲ ਭਰਨਾ। ਆਮ ਵਿਅਕਤੀ ਦੇ ਸਰੀਰ ਉੱਤੇ ਲੱਗਿਆ ਛੋਟਾ ਜਿਹਾ ਕੱਟ, ਛਾਲਾ ਜਾਂ ਸੱਟ ਕੁਝ ਦਿਨਾਂ ਵਿੱਚ ਠੀਕ ਹੋ ਸਕਦੀ ਹੈ, ਪਰ ਸ਼ੂਗਰ ਦੇ ਮਰੀਜ਼ ਵਿੱਚ ਉਹੀ ਜ਼ਖ਼ਮ ਕਈ ਹਫ਼ਤਿਆਂ ਜਾਂ ਮਹੀਨਿਆਂ ਤੱਕ ਬਣਿਆ ਰਹਿ ਸਕਦਾ ਹੈ। ਗੰਭੀਰ ਹਾਲਤ ਵਿੱਚ ਇਨਫੈਕਸ਼ਨ, ਸਰੀਰ ਦੇ ਟਿਸ਼ੂਆਂ ਨੂੰ ਨੁਕਸਾਨ ਅਤੇ ਇੱਥੋਂ ਤੱਕ ਕਿ ਅੰਗ ਕੱਟਣ ਦੀ ਨੌਬਤ ਵੀ ਆ ਸਕਦੀ ਹੈ।

ਆਖ਼ਰ ਸ਼ੂਗਰ ਦੇ ਜ਼ਖ਼ਮ ਇੰਨੀ ਦੇਰ ਨਾਲ ਕਿਉਂ ਭਰਦੇ ਹਨ ?: ਵਿਗਿਆਨੀ ਇਸ ਸਮੱਸਿਆ ਦੇ ਪਿੱਛੇ ਕੰਮ ਕਰਨ ਵਾਲੀਆਂ ਜੈਵਿਕ ਪ੍ਰਕਿਰਿਆਵਾਂ ਦਾ ਅਧਿਐਨ ਕਰ ਰਹੇ ਹਨ। ਉਨ੍ਹਾਂ ਦੀ ਖੋਜ ਨਾਲ ਇਹ ਸਮਝਣ ਵਿੱਚ ਮਦਦ ਮਿਲ ਰਹੀ ਹੈ ਕਿ ਸ਼ੂਗਰ ਸਰੀਰ ਦੀ ਕੁਦਰਤੀ ਮੁਰੰਮਤ ਪ੍ਰਣਾਲੀ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਇਹ ਗਿਆਨ ਭਵਿੱਖ ਵਿੱਚ ਬਿਹਤਰ ਇਲਾਜ ਅਤੇ ਜ਼ਖ਼ਮਾਂ ਦੀ ਦੇਖਭਾਲ ਲਈ ਨਵੇਂ ਰਾਹ ਖੋਲ੍ਹ ਸਕਦਾ ਹੈ।

ਸਰੀਰ ਆਮ ਤੌਰ 'ਤੇ ਜ਼ਖ਼ਮ ਕਿਵੇਂ ਭਰਦਾ ਹੈ : ਜ਼ਖ਼ਮ ਦਾ ਭਰਨਾ ਇੱਕ ਸੁਚੱਜੀ ਜੈਵਿਕ ਪ੍ਰਕਿਰਿਆ ਹੈ, ਜਿਸ ਵਿੱਚ ਖੂਨ ਦੀਆਂ ਨਾੜੀਆਂ, ਰੋਗ-ਰੋਕੂ ਕੋਸ਼ਿਕਾਵਾਂ, ਚਮੜੀ ਦੀਆਂ ਕੋਸ਼ਿਕਾਵਾਂ ਅਤੇ ਜੋੜਨ ਵਾਲੇ ਟਿਸ਼ੂ ਮਿਲ ਕੇ ਕੰਮ ਕਰਦੇ ਹਨ। ਜਦੋਂ ਚਮੜੀ ਉੱਤੇ ਸੱਟ ਲੱਗਦੀ ਹੈ, ਤਾਂ ਸਭ ਤੋਂ ਪਹਿਲਾਂ ਖੂਨ ਦਾ ਥੱਕਾ ਬਣਦਾ ਹੈ, ਜਿਸ ਨਾਲ ਖੂਨ ਵਗਣਾ ਬੰਦ ਹੋ ਜਾਂਦਾ ਹੈ। ਇਸ ਤੋਂ ਬਾਅਦ ਸੋਜ ਦੀ ਪ੍ਰਕਿਰਿਆ ਨੁਕਸਾਨਦੇਹ ਸੂਖਮ ਜੀਵਾਂ ਅਤੇ ਖਰਾਬ ਹੋਏ ਟਿਸ਼ੂਆਂ ਨੂੰ ਹਟਾਉਣ ਵਿੱਚ ਮਦਦ ਕਰਦੀ ਹੈ। ਅਗਲੇ ਪੜਾਅ ਵਿੱਚ ਨਵੀਆਂ ਖੂਨ ਦੀਆਂ ਨਾੜੀਆਂ ਬਣਦੀਆਂ ਹਨ, ਚਮੜੀ ਦੀਆਂ ਕੋਸ਼ਿਕਾਵਾਂ ਵਧਦੀਆਂ ਹਨ ਅਤੇ ਕੋਲੇਜਨ ਨਾਮਕ ਪ੍ਰੋਟੀਨ ਨੁਕਸਾਨੇ ਗਏ ਹਿੱਸੇ ਦੀ ਮੁੜ ਉਸਾਰੀ ਵਿੱਚ ਸਹਾਇਤਾ ਕਰਦਾ ਹੈ। ਅੰਤ ਵਿੱਚ ਜ਼ਖ਼ਮ ਹੌਲੀ-ਹੌਲੀ ਬੰਦ ਹੋ ਜਾਂਦਾ ਹੈ ਅਤੇ ਨਵਾਂ ਟਿਸ਼ੂ ਮਜ਼ਬੂਤ ਹੋਣ ਲੱਗਦਾ ਹੈ।

ਸ਼ੂਗਰ ਦੇ ਮਰੀਜ਼ਾਂ ਵਿੱਚ ਇਸ ਪ੍ਰਕਿਰਿਆ ਦੇ ਕਈ ਪੜਾਅ ਪ੍ਰਭਾਵਿਤ ਹੋ ਸਕਦੇ ਹਨ। ਨਤੀਜੇ ਵਜੋਂ ਜ਼ਖ਼ਮ ਭਰਨ ਦੀ ਗਤੀ ਹੌਲੀ ਹੋ ਜਾਂਦੀ ਹੈ।

ਖੂਨ ਵਿੱਚ ਵਧੀ ਹੋਈ ਸ਼ੱਕਰ ਦੀ ਭੂਮਿਕਾ : ਲੰਬੇ ਸਮੇਂ ਤੱਕ ਖੂਨ ਵਿੱਚ ਸ਼ੱਕਰ ਦਾ ਪੱਧਰ ਵਧਿਆ ਰਹਿਣਾ ਜ਼ਖ਼ਮਾਂ ਦੇ ਦੇਰ ਨਾਲ ਭਰਨ ਦਾ ਇੱਕ ਮੁੱਖ ਕਾਰਨ ਹੈ। ਇਸ ਨਾਲ ਖੂਨ ਦੀਆਂ ਨਾੜੀਆਂ ਅਤੇ ਨਸਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ, ਰੋਗ-ਰੋਕੂ ਪ੍ਰਣਾਲੀ ਦੀ ਕਾਰਗੁਜ਼ਾਰੀ ਪ੍ਰਭਾਵਿਤ ਹੋ ਸਕਦੀ ਹੈ ਅਤੇ ਸਰੀਰ ਵਿੱਚ ਸੋਜ ਲੰਬੇ ਸਮੇਂ ਤੱਕ ਬਣੀ ਰਹਿ ਸਕਦੀ ਹੈ।

ਛੋਟੀਆਂ ਖੂਨ ਦੀਆਂ ਨਾੜੀਆਂ ਜ਼ਖ਼ਮੀ ਟਿਸ਼ੂਆਂ ਤੱਕ ਲੋੜੀਂਦੀ ਆਕਸੀਜਨ ਅਤੇ ਪੌਸ਼ਟਿਕ ਤੱਤ ਪਹੁੰਚਾਉਣ ਵਿੱਚ ਕਮਜ਼ੋਰ ਪੈ ਸਕਦੀਆਂ ਹਨ। ਇਨ੍ਹਾਂ ਦੀ ਘਾਟ ਕਾਰਨ ਕੋਸ਼ਿਕਾਵਾਂ ਨੁਕਸਾਨੇ ਗਏ ਹਿੱਸੇ ਦੀ ਪ੍ਰਭਾਵਸ਼ਾਲੀ ਢੰਗ ਨਾਲ ਮੁਰੰਮਤ ਨਹੀਂ ਕਰ ਸਕਦੀਆਂ।

ਖੂਨ ਵਿੱਚ ਸ਼ੱਕਰ ਦੀ ਵਧੀ ਹੋਈ ਮਾਤਰਾ ਕਾਰਨ ਸਰੀਰ ਵਿੱਚ 'ਐਡਵਾਂਸਡ ਗਲਾਈਕੇਸ਼ਨ ਐਂਡ ਪ੍ਰੋਡਕਟਸ' ਨਾਮਕ ਯੌਗਿਕ ਵੀ ਇਕੱਠੇ ਹੋ ਸਕਦੇ ਹਨ। ਇਹ ਸ਼ੱਕਰ ਅਤੇ ਪ੍ਰੋਟੀਨ ਜਾਂ ਚਰਬੀ ਵਿਚਕਾਰ ਹੋਣ ਵਾਲੀਆਂ ਰਸਾਇਣਕ ਪ੍ਰਤੀਕਿਰਿਆਵਾਂ ਨਾਲ ਬਣਦੇ ਹਨ। ਇਨ੍ਹਾਂ ਦਾ ਇਕੱਠ ਟਿਸ਼ੂਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਆਕਸੀਡੇਟਿਵ ਤਣਾਅ ਵਧਾ ਸਕਦਾ ਹੈ ਅਤੇ ਕੋਸ਼ਿਕਾਵਾਂ ਵਿਚਕਾਰ ਆਮ ਸੰਚਾਰ ਵਿੱਚ ਰੁਕਾਵਟ ਪੈਦਾ ਕਰ ਸਕਦਾ ਹੈ।

ਇਸ ਤਰ੍ਹਾਂ ਸਰੀਰ ਦੀ ਕੁਦਰਤੀ ਇਲਾਜ ਪ੍ਰਕਿਰਿਆ ਕਮਜ਼ੋਰ ਹੋ ਜਾਂਦੀ ਹੈ।

ਖੂਨ ਦਾ ਮਾੜਾ ਸੰਚਾਰ ਅਤੇ ਨਸਾਂ ਨੂੰ ਨੁਕਸਾਨ : ਸ਼ੂਗਰ ਦੀਆਂ ਦੋ ਆਮ ਜਟਿਲਤਾਵਾਂ—ਖੂਨ ਦਾ ਮਾੜਾ ਸੰਚਾਰ ਅਤੇ ਪੈਰੀਫਿਰਲ ਨਿਊਰੋਪੈਥੀ, ਅਰਥਾਤ ਨਸਾਂ ਨੂੰ ਨੁਕਸਾਨ—ਜ਼ਖ਼ਮ ਭਰਨ ਵਿੱਚ ਵੱਡੀ ਰੁਕਾਵਟ ਬਣਦੀਆਂ ਹਨ।

ਜਦੋਂ ਖੂਨ ਦਾ ਸੰਚਾਰ ਕਮਜ਼ੋਰ ਹੁੰਦਾ ਹੈ, ਤਾਂ ਪ੍ਰਭਾਵਿਤ ਹਿੱਸੇ ਤੱਕ ਆਕਸੀਜਨ, ਪੌਸ਼ਟਿਕ ਤੱਤ ਅਤੇ ਇਨਫੈਕਸ਼ਨ ਨਾਲ ਲੜਨ ਵਾਲੀਆਂ ਕੋਸ਼ਿਕਾਵਾਂ ਲੋੜੀਂਦੀ ਮਾਤਰਾ ਵਿੱਚ ਨਹੀਂ ਪਹੁੰਚਦੀਆਂ। ਇਸ ਨਾਲ ਇਨਫੈਕਸ਼ਨ ਨਾਲ ਲੜਨ ਅਤੇ ਨਵੇਂ ਟਿਸ਼ੂ ਬਣਾਉਣ ਦੀ ਸਮਰੱਥਾ ਘਟ ਜਾਂਦੀ ਹੈ।

ਨਸਾਂ ਨੂੰ ਨੁਕਸਾਨ ਪਹੁੰਚਣ ਨਾਲ ਇੱਕ ਹੋਰ ਖ਼ਤਰਾ ਪੈਦਾ ਹੁੰਦਾ ਹੈ। ਵਿਅਕਤੀ ਨੂੰ ਪੈਰਾਂ ਵਿੱਚ ਛਾਲੇ, ਕੱਟ, ਸੜਨ ਜਾਂ ਦਬਾਅ ਕਾਰਨ ਲੱਗੀ ਸੱਟ ਦਾ ਦਰਦ ਮਹਿਸੂਸ ਨਹੀਂ ਹੋ ਸਕਦਾ। ਇਸ ਕਰਕੇ ਸੱਟ ਦਾ ਪਤਾ ਦੇਰ ਨਾਲ ਲੱਗਦਾ ਹੈ ਅਤੇ ਲਗਾਤਾਰ ਤੁਰਨ ਜਾਂ ਦਬਾਅ ਪੈਣ ਨਾਲ ਜ਼ਖ਼ਮ ਹੋਰ ਗੰਭੀਰ ਹੋ ਸਕਦਾ ਹੈ।

ਛੋਟੀ ਜਿਹੀ ਸੱਟ ਹੌਲੀ-ਹੌਲੀ ਡੂੰਘੇ ਅਲਸਰ ਵਿੱਚ ਬਦਲ ਸਕਦੀ ਹੈ। ਜੇ ਇਨਫੈਕਸ਼ਨ ਹੋ ਜਾਵੇ ਅਤੇ ਸਮੇਂ ਸਿਰ ਇਲਾਜ ਨਾ ਮਿਲੇ, ਤਾਂ ਹਾਲਤ ਗੰਭੀਰ ਹੋ ਸਕਦੀ ਹੈ।

ਰੋਗ-ਰੋਕੂ ਪ੍ਰਣਾਲੀ ਠੀਕ ਤਰ੍ਹਾਂ ਕੰਮ ਕਿਉਂ ਨਹੀਂ ਕਰਦੀ ? ਜ਼ਖ਼ਮ ਭਰਨ ਲਈ ਸੋਜ ਜ਼ਰੂਰੀ ਹੈ, ਪਰ ਇਸ ਦਾ ਕੰਟਰੋਲ ਵਿੱਚ ਰਹਿਣਾ ਵੀ ਉਨਾ ਹੀ ਮਹੱਤਵਪੂਰਨ ਹੈ। ਆਮ ਹਾਲਤ ਵਿੱਚ ਰੋਗ-ਰੋਕੂ ਕੋਸ਼ਿਕਾਵਾਂ ਬੈਕਟੀਰੀਆ ਅਤੇ ਨੁਕਸਾਨੇ ਗਏ ਟਿਸ਼ੂਆਂ ਨੂੰ ਹਟਾਉਂਦੀਆਂ ਹਨ। ਇਸ ਤੋਂ ਬਾਅਦ ਸਰੀਰ ਮੁੜ ਉਸਾਰੀ ਦੀ ਪ੍ਰਕਿਰਿਆ ਸ਼ੁਰੂ ਕਰਦਾ ਹੈ।

ਸ਼ੂਗਰ ਨਾਲ ਸੰਬੰਧਿਤ ਜ਼ਖ਼ਮਾਂ ਵਿੱਚ ਇਹ ਤਬਦੀਲੀ ਠੀਕ ਤਰ੍ਹਾਂ ਨਹੀਂ ਹੋ ਸਕਦੀ। ਸੋਜ ਪੈਦਾ ਕਰਨ ਵਾਲੇ ਸੰਕੇਤ ਲੰਬੇ ਸਮੇਂ ਤੱਕ ਸਰਗਰਮ ਰਹਿ ਸਕਦੇ ਹਨ, ਜਦਕਿ ਟਿਸ਼ੂਆਂ ਦੀ ਮੁਰੰਮਤ ਕਰਨ ਵਾਲੀਆਂ ਕੋਸ਼ਿਕਾਵਾਂ ਉਮੀਦ ਅਨੁਸਾਰ ਕੰਮ ਨਹੀਂ ਕਰਦੀਆਂ।

ਉਦਾਹਰਨ ਵਜੋਂ, ਮੈਕ੍ਰੋਫੇਜ ਨਾਮਕ ਰੋਗ-ਰੋਕੂ ਕੋਸ਼ਿਕਾਵਾਂ ਨੁਕਸਾਨਦੇਹ ਪਦਾਰਥਾਂ ਨੂੰ ਹਟਾਉਣ ਅਤੇ ਟਿਸ਼ੂਆਂ ਦੀ ਮੁੜ ਉਸਾਰੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਜ਼ਖ਼ਮ ਭਰਨ ਦੇ ਵੱਖ-ਵੱਖ ਪੜਾਵਾਂ ਦੌਰਾਨ ਇਨ੍ਹਾਂ ਦੀ ਕਾਰਗੁਜ਼ਾਰੀ ਵਿੱਚ ਤਬਦੀਲੀ ਆਉਣੀ ਜ਼ਰੂਰੀ ਹੈ। ਇਸ ਸੰਤੁਲਨ ਵਿੱਚ ਗੜਬੜ ਹੋਣ ਨਾਲ ਸੋਜ ਲੰਬੇ ਸਮੇਂ ਤੱਕ ਰਹਿ ਸਕਦੀ ਹੈ ਅਤੇ ਜ਼ਖ਼ਮ ਭਰਨ ਦੀ ਪ੍ਰਕਿਰਿਆ ਰੁਕ ਸਕਦੀ ਹੈ।

ਵਿਗਿਆਨੀ ਇਹ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਨ੍ਹਾਂ ਰੋਗ-ਰੋਕੂ ਪ੍ਰਤੀਕਿਰਿਆਵਾਂ ਨੂੰ ਮੁੜ ਆਮ ਕਿਵੇਂ ਬਣਾਇਆ ਜਾ ਸਕਦਾ ਹੈ।

ਵਿਗਿਆਨਕ ਖੋਜ ਅਤੇ ਇਲਾਜ ਦੀਆਂ ਨਵੀਆਂ ਸੰਭਾਵਨਾਵਾਂ : ਵਿਗਿਆਨੀ ਕਈ ਆਪਸ ਵਿੱਚ ਜੁੜੀਆਂ ਜੈਵਿਕ ਪ੍ਰਕਿਰਿਆਵਾਂ ਦਾ ਅਧਿਐਨ ਕਰ ਰਹੇ ਹਨ, ਜਿਹੜੀਆਂ ਸ਼ੂਗਰ ਦੇ ਜ਼ਖ਼ਮਾਂ ਦੇ ਲੰਬੇ ਸਮੇਂ ਤੱਕ ਖੁੱਲ੍ਹੇ ਰਹਿਣ ਦਾ ਕਾਰਨ ਬਣ ਸਕਦੀਆਂ ਹਨ। ਇਨ੍ਹਾਂ ਵਿੱਚ ਨਵੀਆਂ ਖੂਨ ਦੀਆਂ ਨਾੜੀਆਂ ਬਣਨ ਵਿੱਚ ਕਮੀ, ਆਕਸੀਡੇਟਿਵ ਤਣਾਅ, ਲਗਾਤਾਰ ਸੋਜ, ਕੋਸ਼ਿਕਾਵਾਂ ਦੀ ਊਰਜਾ ਪੈਦਾ ਕਰਨ ਦੀ ਪ੍ਰਕਿਰਿਆ ਵਿੱਚ ਤਬਦੀਲੀਆਂ ਅਤੇ ਚਮੜੀ ਦੀ ਸੁਰੱਖਿਆ ਪਰਤ ਨੂੰ ਨੁਕਸਾਨ ਸ਼ਾਮਲ ਹਨ।

ਖੋਜ ਦਾ ਇੱਕ ਮਹੱਤਵਪੂਰਨ ਖੇਤਰ ਫਾਈਬਰੋਬਲਾਸਟ ਅਤੇ ਕੇਰਾਟਿਨੋਸਾਈਟ ਨਾਮਕ ਕੋਸ਼ਿਕਾਵਾਂ ਨਾਲ ਸੰਬੰਧਿਤ ਹੈ। ਫਾਈਬਰੋਬਲਾਸਟ ਕੋਲੇਜਨ ਬਣਾਉਣ ਅਤੇ ਟਿਸ਼ੂਆਂ ਨੂੰ ਮੁੜ ਵਿਕਸਿਤ ਕਰਨ ਵਿੱਚ ਮਦਦ ਕਰਦੇ ਹਨ, ਜਦਕਿ ਕੇਰਾਟਿਨੋਸਾਈਟ ਨਵੀਂ ਚਮੜੀ ਬਣਾਉਣ ਲਈ ਜ਼ਰੂਰੀ ਹਨ। ਸ਼ੂਗਰ ਵਿੱਚ ਇਨ੍ਹਾਂ ਕੋਸ਼ਿਕਾਵਾਂ ਦੀ ਗਤੀ, ਵਾਧਾ ਅਤੇ ਵਿਕਾਸ ਸੰਬੰਧੀ ਸੰਕੇਤਾਂ ਪ੍ਰਤੀ ਪ੍ਰਤੀਕਿਰਿਆ ਪ੍ਰਭਾਵਿਤ ਹੋ ਸਕਦੀ ਹੈ।

ਵਿਗਿਆਨੀ ਉਨ੍ਹਾਂ ਪ੍ਰੋਟੀਨਾਂ, ਜੀਨਾਂ ਅਤੇ ਕੋਸ਼ਿਕਾਈ ਸੰਕੇਤਾਂ ਦਾ ਵੀ ਅਧਿਐਨ ਕਰ ਰਹੇ ਹਨ, ਜੋ ਸੋਜ ਅਤੇ ਟਿਸ਼ੂਆਂ ਦੀ ਮੁੜ ਉਸਾਰੀ ਨੂੰ ਕੰਟਰੋਲ ਕਰਦੇ ਹਨ। ਭਵਿੱਖ ਵਿੱਚ ਇਹ ਨਵੀਆਂ ਦਵਾਈਆਂ ਅਤੇ ਇਲਾਜਾਂ ਦੇ ਸੰਭਾਵੀ ਨਿਸ਼ਾਨੇ ਬਣ ਸਕਦੇ ਹਨ।

ਆਧੁਨਿਕ ਜ਼ਖ਼ਮ-ਪੱਟੀਆਂ, ਗ੍ਰੋਥ ਫੈਕਟਰ ਆਧਾਰਿਤ ਇਲਾਜ, ਕੋਸ਼ਿਕਾ-ਆਧਾਰਿਤ ਤਕਨੀਕਾਂ, ਟਿਸ਼ੂ ਇੰਜੀਨੀਅਰਿੰਗ ਅਤੇ ਵਿਸ਼ੇਸ਼ ਜੈਵਿਕ ਸਮੱਗਰੀਆਂ ਉੱਤੇ ਵੀ ਖੋਜ ਹੋ ਰਹੀ ਹੈ। ਇਨ੍ਹਾਂ ਵਿੱਚੋਂ ਕੁਝ ਤਕਨੀਕਾਂ ਦੀ ਵਰਤੋਂ ਚੋਣਵੀਆਂ ਡਾਕਟਰੀ ਹਾਲਤਾਂ ਵਿੱਚ ਕੀਤੀ ਜਾਂਦੀ ਹੈ, ਜਦਕਿ ਕਈ ਅਜੇ ਪ੍ਰਯੋਗਾਤਮਕ ਪੜਾਅ ਵਿੱਚ ਹਨ। ਫਿਲਹਾਲ ਅਜਿਹਾ ਕੋਈ ਇੱਕ ਇਲਾਜ ਨਹੀਂ ਹੈ, ਜੋ ਸ਼ੂਗਰ ਨਾਲ ਸੰਬੰਧਿਤ ਹਰ ਕਿਸਮ ਦੇ ਜ਼ਖ਼ਮ ਨੂੰ ਠੀਕ ਕਰ ਸਕੇ।

ਮੁੱਖ ਚੁਣੌਤੀ ਇਹ ਪਛਾਣਨਾ ਹੈ ਕਿ ਹਰੇਕ ਮਰੀਜ਼ ਵਿੱਚ ਜ਼ਖ਼ਮ ਭਰਨ ਦੀ ਪ੍ਰਕਿਰਿਆ ਨੂੰ ਕਿਹੜੇ ਜੈਵਿਕ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਕਰ ਰਹੇ ਹਨ ਅਤੇ ਉਨ੍ਹਾਂ ਦਾ ਸੁਰੱਖਿਅਤ ਇਲਾਜ ਕਿਵੇਂ ਕੀਤਾ ਜਾਵੇ।

ਪ੍ਰਯੋਗਸ਼ਾਲਾ ਤੋਂ ਬਿਹਤਰ ਇਲਾਜ ਤੱਕ : ਵਿਗਿਆਨਕ ਖੋਜਾਂ ਦਾ ਅਸਲ ਮਹੱਤਵ ਉਦੋਂ ਹੁੰਦਾ ਹੈ, ਜਦੋਂ ਉਹ ਮਰੀਜ਼ਾਂ ਦੇ ਇਲਾਜ ਵਿੱਚ ਸੁਧਾਰ ਲਿਆਉਂਦੀਆਂ ਹਨ। ਸ਼ੂਗਰ ਦੇ ਜ਼ਖ਼ਮਾਂ ਦੀ ਦੇਖਭਾਲ ਸਿਰਫ਼ ਨਵੀਂ ਦਵਾਈ ਜਾਂ ਆਧੁਨਿਕ ਪੱਟੀ ਤੱਕ ਸੀਮਿਤ ਨਹੀਂ ਹੈ।

ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਇਲਾਜ ਵਿੱਚ ਜ਼ਖ਼ਮ ਦੀ ਸਹੀ ਜਾਂਚ, ਖੂਨ ਵਿੱਚ ਸ਼ੱਕਰ ਦਾ ਕੰਟਰੋਲ, ਜ਼ਖ਼ਮ ਦੀ ਸਫ਼ਾਈ, ਢੁਕਵੀਂ ਪੱਟੀ ਅਤੇ ਇਨਫੈਕਸ਼ਨ ਜਾਂ ਖੂਨ ਦੇ ਸੰਚਾਰ ਦੀ ਸਮੱਸਿਆ ਦਾ ਮੁਲਾਂਕਣ ਸ਼ਾਮਲ ਹੈ। ਪੈਰਾਂ ਦੇ ਅਲਸਰ ਲਈ ਪ੍ਰਭਾਵਿਤ ਹਿੱਸੇ ਉੱਤੇ ਦਬਾਅ ਘਟਾਉਣਾ ਵੀ ਜ਼ਰੂਰੀ ਹੋ ਸਕਦਾ ਹੈ। ਇਸ ਲਈ ਵਿਸ਼ੇਸ਼ ਜੁੱਤੀਆਂ, ਪਲਾਸਟਰ ਜਾਂ ਹੋਰ ਡਾਕਟਰੀ ਉਪਕਰਣ ਵਰਤੇ ਜਾ ਸਕਦੇ ਹਨ।

ਜੇ ਖੂਨ ਦਾ ਸੰਚਾਰ ਬਹੁਤ ਘੱਟ ਹੋਵੇ, ਤਾਂ ਮਾਹਿਰ ਖੂਨ ਦੀਆਂ ਨਾੜੀਆਂ ਨਾਲ ਸੰਬੰਧਿਤ ਇਲਾਜ ਦੀ ਲੋੜ ਦਾ ਮੁਲਾਂਕਣ ਕਰ ਸਕਦੇ ਹਨ। ਕੁਝ ਮਾਮਲਿਆਂ ਵਿੱਚ ਮਰੇ ਹੋਏ ਟਿਸ਼ੂ ਨੂੰ ਹਟਾਉਣਾ, ਜਿਸ ਨੂੰ ਡਿਬ੍ਰਾਈਡਮੈਂਟ ਕਿਹਾ ਜਾਂਦਾ ਹੈ, ਇਲਾਜ ਦਾ ਮਹੱਤਵਪੂਰਨ ਹਿੱਸਾ ਹੁੰਦਾ ਹੈ।

ਸ਼ੂਗਰ ਦੇ ਮਰੀਜ਼ਾਂ ਨੂੰ ਨਿਯਮਿਤ ਤੌਰ 'ਤੇ ਆਪਣੇ ਪੈਰਾਂ ਦੀ ਜਾਂਚ ਕਰਨੀ ਚਾਹੀਦੀ ਹੈ। ਨਵਾਂ ਜ਼ਖ਼ਮ, ਲਾਲੀ, ਸੋਜ, ਗਰਮਾਹਟ, ਪੀਕ ਜਾਂ ਚਮੜੀ ਦੇ ਰੰਗ ਵਿੱਚ ਤਬਦੀਲੀ ਦਿਖਾਈ ਦੇਣ 'ਤੇ ਤੁਰੰਤ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਜੇ ਜ਼ਖ਼ਮ ਵਿੱਚ ਸੁਧਾਰ ਨਾ ਹੋਵੇ, ਤਾਂ ਘਰੇਲੂ ਨੁਸਖਿਆਂ ਉੱਤੇ ਨਿਰਭਰ ਰਹਿਣ ਦੀ ਬਜਾਏ ਡਾਕਟਰ ਤੋਂ ਜਾਂਚ ਕਰਵਾਉਣੀ ਚਾਹੀਦੀ ਹੈ।

ਸ਼ੂਗਰ ਕਾਰਨ ਪੈਰ ਉੱਤੇ ਬਣਿਆ ਜ਼ਖ਼ਮ ਦਰਦ ਨਾ ਹੋਣ ਦੇ ਬਾਵਜੂਦ ਗੰਭੀਰ ਹੋ ਸਕਦਾ ਹੈ। ਬੁਖ਼ਾਰ, ਤੇਜ਼ੀ ਨਾਲ ਫੈਲਦੀ ਲਾਲੀ, ਟਿਸ਼ੂ ਦਾ ਕਾਲਾ ਪੈਣਾ ਜਾਂ ਗੰਭੀਰ ਇਨਫੈਕਸ਼ਨ ਦੇ ਹੋਰ ਲੱਛਣ ਹੋਣ 'ਤੇ ਤੁਰੰਤ ਡਾਕਟਰੀ ਸਹਾਇਤਾ ਲੈਣੀ ਲਾਜ਼ਮੀ ਹੈ।

ਰੋਕਥਾਮ ਹੀ ਸਭ ਤੋਂ ਵਧੀਆ ਬਚਾਅ : ਸ਼ੂਗਰ ਦੇ ਜ਼ਖ਼ਮਾਂ ਕਾਰਨ ਹੋਣ ਵਾਲੀਆਂ ਸਮੱਸਿਆਵਾਂ ਨੂੰ ਘਟਾਉਣ ਦਾ ਸਭ ਤੋਂ ਵਧੀਆ ਤਰੀਕਾ ਉਨ੍ਹਾਂ ਨੂੰ ਬਣਨ ਤੋਂ ਰੋਕਣਾ ਹੈ। ਡਾਕਟਰ ਦੀ ਸਲਾਹ ਅਨੁਸਾਰ ਖੂਨ ਵਿੱਚ ਸ਼ੱਕਰ ਨੂੰ ਕੰਟਰੋਲ ਵਿੱਚ ਰੱਖਣਾ, ਬਲੱਡ ਪ੍ਰੈਸ਼ਰ ਅਤੇ ਕੋਲੈਸਟ੍ਰੋਲ ਵੱਲ ਧਿਆਨ ਦੇਣਾ, ਤੰਬਾਕੂ ਤੋਂ ਬਚਣਾ, ਠੀਕ ਮਾਪ ਦੇ ਜੁੱਤੇ ਪਹਿਨਣਾ ਅਤੇ ਨਿਯਮਿਤ ਪੈਰਾਂ ਦੀ ਜਾਂਚ ਕਰਵਾਉਣਾ ਖ਼ਤਰੇ ਨੂੰ ਘਟਾ ਸਕਦਾ ਹੈ।

ਨੰਗੇ ਪੈਰ ਤੁਰਨ, ਆਪਣੇ ਆਪ ਕੌਰਨ ਜਾਂ ਸਖ਼ਤ ਚਮੜੀ ਕੱਟਣ ਅਤੇ ਜ਼ਖ਼ਮ ਉੱਤੇ ਤੇਜ਼ ਰਸਾਇਣ ਲਗਾਉਣ ਤੋਂ ਬਚਣਾ ਚਾਹੀਦਾ ਹੈ। ਜੇ ਪੈਰਾਂ ਵਿੱਚ ਮਹਿਸੂਸ ਕਰਨ ਦੀ ਸਮਰੱਥਾ ਘੱਟ ਹੋਵੇ ਜਾਂ ਖੂਨ ਦਾ ਸੰਚਾਰ ਕਮਜ਼ੋਰ ਹੋਵੇ, ਤਾਂ ਛੋਟੀ ਜਿਹੀ ਸੱਟ ਨੂੰ ਵੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਪਰਿਵਾਰਕ ਮੈਂਬਰ ਅਤੇ ਦੇਖਭਾਲ ਕਰਨ ਵਾਲੇ ਲੋਕ ਬਜ਼ੁਰਗਾਂ ਅਤੇ ਘੱਟ ਤੁਰ-ਫਿਰ ਸਕਣ ਵਾਲੇ ਮਰੀਜ਼ਾਂ ਦੇ ਪੈਰਾਂ ਦੇ ਤਲਵਿਆਂ ਅਤੇ ਉਨ੍ਹਾਂ ਹਿੱਸਿਆਂ ਦੀ ਜਾਂਚ ਕਰਨ ਵਿੱਚ ਮਦਦ ਕਰ ਸਕਦੇ ਹਨ, ਜਿਨ੍ਹਾਂ ਨੂੰ ਖੁਦ ਦੇਖਣਾ ਔਖਾ ਹੁੰਦਾ ਹੈ।

ਜ਼ਖ਼ਮ ਭਰਨ ਦਾ ਭਵਿੱਖ : ਸ਼ੂਗਰ ਦੇ ਜ਼ਖ਼ਮਾਂ ਦਾ ਅਧਿਐਨ ਇਹ ਦਰਸਾਉਂਦਾ ਹੈ ਕਿ ਇੱਕ ਬਿਮਾਰੀ ਸਰੀਰ ਦੀਆਂ ਕਈ ਜੈਵਿਕ ਪ੍ਰਣਾਲੀਆਂ ਨੂੰ ਇੱਕੋ ਸਮੇਂ ਪ੍ਰਭਾਵਿਤ ਕਰ ਸਕਦੀ ਹੈ। ਸਮੱਸਿਆ ਸਿਰਫ਼ ਚਮੜੀ ਦੇ ਹੌਲੀ ਬੰਦ ਹੋਣ ਦੀ ਨਹੀਂ, ਸਗੋਂ ਖੂਨ ਦੇ ਸੰਚਾਰ, ਰੋਗ-ਰੋਕੂ ਪ੍ਰਣਾਲੀ, ਨਸਾ

Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD